INTERNATIONAL MAGAZINE

RNI No. 61816/95

Date of Publishing : 22/04/2026
Page No. from 1 to 60
Date of posting
Last Date of Every Month
Posted by MBU


Postal Regd. No. CHD/0081/2024-26

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਮਈ 2026



## ਨਵਾਬ ਰਾਏ ਬੁਲਾਰ ਅਹਿਮਦ ਭੱਟੀ ਜੀ, ਗੁਰੂ ਨਾਨਕ ਸਾਹਿਬ ਜੀ ਦੀ ਰੱਬੀ ਜੋਤ ਦੀ ਪਛਾਣ ਕਰਦੇ ਹੋਏ 1476 ਈ:

ਸ੍ਰੀ ਗੁਰੂ ਨਾਨਕ ਦੇਵ ਜੀ 6-7 ਸਾਲ ਦੀ ਉਮਰ ਹੋਈ ਤਾਂ ਪਿਤਾ ਸ੍ਰੀ ਮਹਿਤਾ ਕਲਿਆਣ ਦਾਸ ਜੀ ਨੇ ਪਸ਼ੂਆਂ ਨੂੰ ਚਾਰਨ ਲਈ ਭੇਜਿਆ। ਆਪ ਪਸ਼ੂਆਂ ਦੀ ਨਿਗਰਾਨੀ ਕਰਨ ਦੀ ਬਜਾਏ ਅਕਾਲ ਪੁਰਖ ਦੀ ਬੰਦਗੀ ਵਿੱਚ ਲੀਨ ਹੋ ਗਏ। ਪਸ਼ੂਆਂ ਨੇ ਕਿਸਾਨਾਂ ਦੀਆਂ ਹਰੀਆਂ-ਭਰੀਆਂ ਫਸਲਾਂ ਨੂੰ ਉਜਾੜ ਦਿੱਤਾ। ਸਾਰੇ ਕਿਸਾਨਾਂ ਨੇ ਇਕੱਠੇ ਹੋ ਕੇ ਨਵਾਬ ਰਾਏ ਬੁਲਾਰ ਅਹਿਮਦ ਭੱਟੀ ਦੇ ਦਰਬਾਰ ਵਿਚ ਜਾ ਕੇ ਸ਼ਿਕਾਇਤ ਕੀਤੀ ਕਿ ਪਟਵਾਰੀ ਸ੍ਰੀ ਮਹਿਤਾ ਕਲਿਆਣ ਦਾਸ ਦੇ ਪੁੱਤਰ ਨੇ ਸਾਡੀਆਂ ਫਸਲਾਂ ਡੰਗਰ ਛੱਡ ਕੇ ਉਜਾੜ ਦਿੱਤੀਆਂ ਹਨ। ਨਵਾਬ ਰਾਏ ਬੁਲਾਰ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਸੱਦਾ ਭੇਜਿਆ। ਸ੍ਰੀ ਮਹਿਤਾ ਕਲਿਆਣ ਦਾਸ ਜੀ ਗੁਰੂ ਨਾਨਕ ਸਾਹਿਬ ਜੀ ਨੂੰ ਨਾਲ ਲੈ ਕੇ ਨਵਾਬ ਜੀ ਦੇ ਦਰਬਾਰ ਵਿੱਚ ਪੇਸ਼ ਹੋਏ। ਪੜਤਾਲ ਕਰਨ ਤੇ ਦੇਖਿਆ ਕਿ ਖੇਤਾਂ ਵਿੱਚ ਫਸਲ ਪਹਿਲਾਂ ਨਾਲੋਂ ਜਿਆਦਾ ਹਰੀ-ਭਰੀ ਲਹਿਰਾ ਰਹੀ ਸੀ। ਨਵਾਬ ਰਾਏ ਬੁਲਾਰ ਜੀ ਪਛਾਣ ਗਏ ਕਿ ਗੁਰੂ ਨਾਨਕ ਸਾਹਿਬ ਜੀ ਬਾਲ ਕੋਈ ਰੱਬੀ ਜੋਤ ਹੈ ਤੇ ਸ੍ਰੀ ਮਹਿਤਾ ਕਲਿਆਣ ਦਾਸ ਜੀ ਨੂੰ ਕਿਹਾ ਕਿ ਅੱਗੇ ਤੋਂ ਗੁਰੂ ਨਾਨਕ ਸਾਹਿਬ ਜੀ ਤੁਹਾਡਾ ਕੋਈ ਨੁਕਸਾਨ ਕਰੇ ਤਾਂ ਉਸ ਦੀ ਮੇਰੇ ਕੋਲੋ ਭਰਭਾਈ ਕਰ ਲਈ ਜਾਵੇ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

## ਵਿਸਾਖੀ ਸਮਾਗਮ - ਦ੍ਰਿਸ਼

1. ਅੰਮ੍ਰਿਤ ਸੰਚਾਰ ਉਪਰੰਤ ਪੰਜ ਪਿਆਰੇ ਸਾਹਿਬਾਨ ਨੂੰ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਲ਼ਖਬੀਰ ਸਿੰਘ ਜੀ।
2. ਸੰਤ ਬਾਬਾ ਲਖਬੀਰ ਸਿੰਘ ਜੀ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਮਹਿਮਾ ਸਰਵਣ ਕਰਵਾਉਂਦੇ ਹੋਏ।
3. ਵਿਸ਼ਾਲ ਇਕੱਠ ਦੇ ਰੂਪ ਵਿੱਚ ਗੁਰੂ ਪਿਆਰ ਵਿਚ ਜੁੜੀਆਂ ਸੰਗਤਾਂ।
4. ਦਸਤਾਰ ਦੀ ਸ਼ਾਨ ਅਤੇ ਗੋਰਵਤਾ ਨੂੰ ਦ੍ਰਿੜ ਕਰਵਾਉਣ ਹਿਤ ਦਸਤਾਰ ਮੁਕਾਬਲੇ ਵਿਚ ਭਾਗ ਲੈਣ ਵਾਲੇ ਸਨਮਾਨਿਤ, ਦਸਤਾਰਧਾਰੀ ਰਤਵਾੜਾ ਸਾਹਿਬ ਸਕੂਲਾਂ ਦੇ ਟਹਿਕਦੇ ਫੁੱਲ।














# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਮਈ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ** — ਭਾਈ. (ਡਾ.) ਸੁਖਵਿੰਦਰ ਸਿੰਘ ਜੀ

### ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

### Postal Address for any Enquiry, Money Order, Cheque and drafts : 'ATAM MARG' MAGAZINE

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

### Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

### ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

### ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

94172-14378, 94172-14384

### ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

### ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

98889-10777, 96461-01996, 94172-14381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਵਿਸਾਖੀ** | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ..............॥** | 21 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਮੰਞ ਪਿਆਰਾ ਗੁਰੂ ਨੂੰ.......।** | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਗੁਰਬਾਣੀ ਅਨੁਸਾਰ ਸੰਤ ਕੌਣ ਹੈ?** | 31 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | **ਵਿਸਾਖੀ** | 36 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 8. | **ਮੰਨੇ ਨਾਉ ਸੋਈ ਜਿਣਿ ਜਾਇ ॥** | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 9. | **ਗੁਰਬਾਣੀ ਅਰਥ ਭੰਡਾਰ** | 49 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਜਨ ਪਰਉਪਕਾਰੀ ਆਏ - ਭਾਗ 4** | 52 |
| | *ਪ੍ਰੋ. ਗੁਰਦੇਵ ਸਿੰਘ* | |
| 11. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

## ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, 98146-12900*

ਆਤਮ ਮਾਰਗ ਤੇ ਚਲਦਿਆਂ ਜਗਿਆਸੂ ਦਾ ਸਬੰਧ ਸਰੀਰਕ ਕਿਰਿਆਵਾਂ ਅਤੇ ਮਾਨਸਿਕ ਪੱਧਤੀਆਂ ਦੋਨਾਂ ਨਾਲ ਪੈਂਦਾ ਹੈ। ਦੋਹਾਂ ਦਾ ਸਮਤੋਲ ਬਣਾ ਕੇ ਚਲਣਾ ਰੂਹਾਨੀ ਮਾਰਗ ਦੀ ਮੰਜ਼ਿਲ-ਏ-ਮਕਸੂਦ ਵਲ ਨੂੰ ਵਧਣ ਦਾ ਸੂਚਕ ਹੈ। ਗੁਰਬਾਣੀ ਵਿਚ ਲੋਕ ਤੇ ਪ੍ਰਲੋਕ ਦੋਹਾਂ ਦੀ ਵੀਚਾਰ ਮਿਲਦੀ ਹੈ। ਇਸ ਸਿਧਾਂਤ ਪ੍ਰਥਾਇ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਪ੍ਰਲੋਕ ਨੂੰ ਸੰਵਾਰ ਲਵੋ, ਲੋਕ ਆਪੇ ਸੰਵਰ ਜਾਵੇਗਾ। ਇਸ ਬਚਨ ਵਿਚ ਮਨੁੱਖ ਦੇ ਸਮੁੱਚੇ ਜੀਵਨ ਦਾ ਸਾਰ ਛੁਪਿਆ ਹੋਇਆ ਹੈ। ਇਹ ਬਚਨ ਗੁਰਬਾਣੀ ਦੇ ਸਿਧਾਂਤ ਤੇ ਅਧਾਰਿਤ ਹੈ। ਗੁਰਬਾਣੀ ਦਾ ਸਿਧਾਂਤ ਹੈ -

*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ ॥* *ਅੰਗ - ੧੩*

ਜੇਕਰ ਅੱਗੇ ਭਾਵ ਦਰਗਾਹ ਵਿਚ ਸੁਹੇਲਾ ਵਸਣਾ ਹੈ ਤਾਂ ਇਥੇ ਨਾਮ ਸਿਮਰਨ ਦਾ ਲਾਹਾ/ਤੋਸਾ ਖੱਟਣਾ ਪੈਣਾ ਹੈ। ਇਸ ਲਾਹੇ ਨੂੰ ਪ੍ਰਾਪਤ ਕਰਨ ਲਈ ਦੋ ਸੂਖਸ਼ਮ ਬਿਰਤੀਆਂ ਇਸ ਅੰਤਸ਼ਕਰਣ ਦੇ ਪਰਿਵਾਰ ਦੀਆਂ ਉਪਜਾਂ ਹਨ ਭਾਵ ਅੰਤਸ਼ਕਰਣ (ਮਨ+ਬੁਧ+ਚਿਤ+ਅਹੰਭਾਵ) ਦੇ ਪਰਿਵਾਰ ਦਾ ਹਿੱਸਾ ਹਨ। ਉਹ ਹਨ ਇੱਛਾਵਾਂ ਤੇ ਆਸ਼ਾਵਾਂ।

ਆਸ਼ਾਵਾਂ ਅਤੇ ਇਛਾਵਾਂ ਦਾ ਸਬੰਧ ਸਰੀਰ ਨਾਲੋਂ ਮਨ ਨਾਲ ਜ਼ਿਆਦਾ ਪ੍ਰਤੀਤ ਹੁੰਦਾ ਹੈ। ਅਸਲ ਵਿਚ ਅਨੁਭਵੀ ਮਹਾਂਪੁਰਸ਼ਾਂ ਦੇ ਕਥਨ ਹਨ ਕਿ ਜੇਕਰ ਇੱਛਾ ਪੂਰੀ ਹੋ ਜਾਂਦੀ ਹੈ ਤਾਂ ਆਸਾ ਜਨਮ ਲੈ ਲੈਂਦੀ ਹੈ ਪਰ ਜੇਕਰ ਇੱਛਾ ਪੂਰੀ ਨਾ ਹੋਵੇ ਤਾਂ ਤ੍ਰਿਸ਼ਨਾ ਪੈਦਾ ਹੋ ਜਾਂਦੀ ਹੈ। ਕਈ ਵਾਰ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਤਾਂ ਹੋ ਜਾਂਦੀ ਹੈ ਪਰ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਜਿਹੜੀ ਕਿ ਤਮਾਮ ਜ਼ਿੰਦਗੀ ਇਸ ਨੂੰ ਵਿਚਲਿਤ ਕਰਦੀ ਰਹਿੰਦੀ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ- ੨੧੩*

*ਸਹਸ ਖਟੇ ਲਖ ਕਉ ਉਠਿ ਧਾਵੈ ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥* *ਅੰਗ - ੨੭੯*

ਇੱਛਾਵਾਂ ਕਈ ਪ੍ਰਕਾਰ ਦੀਆਂ ਹਨ। ਇਹ ਲੋੜਾਂ ਉਪਰ ਅਧਾਰਿਤ ਹਨ। ਇਸ ਧਰਤੀ ਦੇ ਹਰ ਮਨੁੱਖ ਨੂੰ ਕੁਲੀ, ਜੁਲੀ ਅਤੇ ਗੁਲੀ ਦੀ ਲੋੜ ਹੈ। ਖਾਣ ਨੂੰ ਭੋਜਨ, ਤਨ ਢਕਣ ਨੂੰ ਬਸਤਰ ਅਤੇ ਰਹਿਣ ਲਈ ਰਹਿਣ ਬਸੇਰਾ। ਮਨੁੱਖ ਇਨ੍ਹਾਂ ਦੀ ਪੂਰਤੀ ਲਈ ਦਿਨ ਰਾਤ ਯਤਨਸ਼ੀਲ ਹੈ। ਲੋੜਾਂ ਦੀ ਪੂਰਤੀ ਤਾਂ ਹੋ ਜਾਂਦੀ ਹੈ ਪਰ ਇਛਾਵਾਂ ਦੀ ਪੂਰਤੀ ਹੋਣੀ ਅਸੰਭਵ ਬਣ ਜਾਂਦੀ ਹੈ। ਸਭ ਤੋਂ ਪਹਿਲੀ ਸਰੀਰਕ ਲੋੜ ਭੁੱਖ ਹੈ। ਭਗਤ ਕਬੀਰ ਜੀ ਦਾ ਇਸ ਪ੍ਰਥਾਇ ਫੁਰਮਾਨ ਹੈ ਕਿ -

*ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥*
*ਅੰਗ- ੬੫੬*

ਬਾਬਾ ਫਰੀਦ ਜੀ ਇਸ ਪ੍ਰਥਾਇ ਫੁਰਮਾਨ ਕਰਦੇ ਹਨ ਕਿ -

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥*
*ਅੰਗ - ੧੩੭੯*

ਭਾਵੇਂ ਇਸ ਦੇ ਅੰਤਰੀਵੀ ਅਰਥ ਹੋਰ ਵੀ ਹੋ ਸਕਦੇ ਹਨ ਪਰ ਸਾਬਦਿਕ ਅਰਥ ਸਪੱਸ਼ਟ ਨਜ਼ਰ ਆ ਰਹੇ ਹਨ। ਜਿਸ ਦਾ ਭਾਵ ਹੈ ਕਿ ਲੋੜ ਤਾਂ ਪੂਰੀ ਰੁਖੀ ਸੁਖੀ ਨਾਲ ਵੀ ਹੋ ਸਕਦੀ ਹੈ ਪਰ ਇੱਛਾ ਚੋਪੜੀ ਦੀ ਨਾ ਕਰ। ਲੋੜ ਤਾਂ ਜ਼ਿੰਦਗੀ ਨੂੰ ਚਲਾਉਣ ਲਈ ਭਾਵ ਬਰਕਰਾਰ ਰੱਖਣ ਲਈ ਹੈ।

### 'ਜਿਉਣ ਲਈ ਖਾਉ ਨਾ ਕਿ ਖਾਣ ਲਈ ਜੀਉ'

ਲੋੜ ਤੋਂ ਅੱਗੇ ਇੱਛਾ ਤੇ ਇੱਛਾ ਤੋਂ ਅੱਗੇ ਲੋਭ ਆਪ ਮੁਹਾਰੇ ਆ ਪਹੁੰਚਦਾ ਹੈ। ਜੇਕਰ ਇੱਛਾ ਲੋੜ ਤੋਂ ਵੱਧ ਜਾਵੇ ਤਾਂ ਲੋਭ ਦਾ ਜਨਮ ਹੋ ਜਾਂਦਾ ਹੈ। ਜਦੋਂ ਲੋਭ ਆ ਗਿਆ ਤਾਂ ਗੁਰੂ ਬਚਨਾਂ ਤੇ ਅਸ਼ਰਧਾ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਲੋੜ ਪੂਰੀਆਂ ਕਰਨੀਆਂ ਦਾਤਾਰ ਦਾ ਬਿਰਦ ਹੈ। ਭਾਵ -

*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਭਾਵ -

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥*
*ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥*
*ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥*
*ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥*
*ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥*
*ਅੰਗ - ੯੫੫*

ਉਸ ਦੇ ਸੁਭਾਅ ਦਾ ਇਕ ਗੁਣ ਹੈ ਕਿ ਉਹ ਇੱਛਾ ਪੂਰਕ ਹੈ –

*ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ ॥*
*ਅੰਗ– ੭੦੬*

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ ॥ ਅੰਗ – ੬੬੯*

ਇੱਛਾ ਪੂਰੀ ਹੋ ਗਈ ਆਸਾ ਨੇ ਜਨਮ ਲਿਆ। ਇੱਛਾ ਤੇ ਆਸਾ ਨੇ ਰਲ ਕੇ ਮਨਸਾ ਨੂੰ ਜਨਮ ਦਿਤਾ। ਆਸਾ ਤੇ ਮਨਸਾ ਰਲ ਕੇ ਮਨ ਨੂੰ ਭਰਮਾਉਂਦੀਆਂ ਹਨ –

*ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥*
*ਅੰਗ – ੫੯*

ਗੁਰੂ ਦੇ ਆਸਰੇ ਇਨ੍ਹਾਂ 'ਤੇ ਨਿਯੰਤਰਣ (ਕੰਟਰੋਲ) ਗੁਰੂ ਸ਼ਬਦ ਰਾਹੀਂ ਹੀ ਸੰਭਵ ਹੈ।

ਜਦੋਂ ਇੱਛਾ ਜਾਗਦੀ ਹੈ ਤਾਂ ਪੂਰਤੀ ਲਈ ਇਰਾਦਾ/ਫੁਰਨਾ ਪਰੱਪਕ ਹੁੰਦਾ ਹੈ। ਇਹ ਇਰਾਦਾ ਫਿਰ ਘਾਲਣਾ ਦਾ ਰੂਪ ਧਾਰਦਾ ਹੈ, ਕਰਮ ਦਾ ਰੂਪ ਧਾਰਦਾ ਹੈ ਤੇ ਮੁੜ-ਮੁੜ ਕੇ ਕੀਤਾ ਕਰਮ ਸੁਭਾਉ ਬਣ ਨਿਬੜਦਾ ਹੈ। ਪਰ ਜਦੋਂ ਨਾਮ-ਬਾਣੀ ਦਾ ਆਸਰਾ ਪ੍ਰਾਪਤ ਹੁੰਦਾ ਹੈ ਤਾਂ ਇਹ ਸਰੀਰਕ ਭੁੱਖ ਹੀ ਨਹੀਂ, ਸਭ ਭੁੱਖਾਂ, ਸਭ ਇਛਾਵਾਂ ਨਵਿਰਤ ਹੋ ਜਾਂਦੀਆਂ ਹਨ –

*ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥*
*ਕਰਿ ਸਾਂਤਿ ਸੁਖ ਮਨਿ ਆਇ ਵਸਿਆ*
*ਜਿਨਿ ਇਛਾ ਸਭਿ ਪੁਜਾਈਆ ॥ ਅੰਗ– ੯੧੭*

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥*
*ਅੰਗ – ੧*

ਸੋ ਇਨ੍ਹਾਂ ਸੂਖਸ਼ਮ ਮਨੋਬਿਰਤੀਆਂ ਤੋਂ ਛੁਟਕਾਰਾ ਪਾਉਣ ਲਈ ਗੁਰੂ ਦੇ ਸ਼ਬਦ ਦੀ ਅਤੀ ਲੋੜ ਹੈ। 'ਆਸਾ ਮਨਸਾ ਸਬਦਿ ਜਲਾਏ' ਵਾਲੀ ਬਖਸ਼ਿਸ਼ ਪ੍ਰਾਪਤ ਕਰੀਏ। 'ਆਤਮ ਮਾਰਗ' ਮੈਗਜ਼ੀਨ ਇਸ ਪ੍ਰਥਾਇ ਇਕ ਯਤਨ ਹੈ। ਅਨੇਕਾਂ ਜਗਿਆਸੂ ਹਰ ਮਹੀਨੇ ਇਸ ਰਾਹੀਂ ਪੜ੍ਹ ਸੁਣ ਕੇ ਰੂਹਾਨੀ ਸੇਧ ਪ੍ਰਾਪਤ ਕਰ ਰਹੇ ਹਨ। ਪਿਆਰੇ ਮਹਾਂਪੁਰਖਾਂ ਦੇ ਅਨੁਭਵੀ ਪ੍ਰਵਚਨ ਇਸ ਦਾ ਪ੍ਰਮੁੱਖ ਭਾਗ ਹਨ। ਅੱਧ ਤੋਂ ਵੱਧ ਪੰਨੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਦੇ ਹੀ ਛਪਦੇ ਹਨ। ਇਨ੍ਹਾਂ ਤੋਂ ਇਲਾਵਾ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕਥਾ-ਕੀਰਤਨ ਵਿਚੋਂ ਕੁਝ ਅੰਸ ਦਿਤੇ ਜਾ ਰਹੇ ਹਨ। ਮੈਗਜ਼ੀਨ ਦੇ ਚੀਫ ਐਡੀਟਰ ਬਾਬਾ ਹਰਪਾਲ ਸਿੰਘ ਜੀ ਵਲੋਂ ਹਰ ਮਹੀਨੇ ਵੀਚਾਰ ਲੜੀ ਰੂਪ ਵਿਚ ਛਪ ਰਹੇ ਹਨ। ਪੰਥ ਪ੍ਰਸਿੱਧ ਵਿਦਵਾਨ ਮਹਾਂਪੁਰਸ਼ ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਵਲੋਂ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਵਿਚੋਂ ਲੜੀਵਾਰ ਗੁਰਬਾਣੀ ਦੇ ਸਰਲ ਅਰਥ ਦਿਤੇ ਜਾ ਰਹੇ ਹਨ। ਨਾਮ ਬਾਣੀ ਦੇ ਰਸੀਏ ਡਾ. ਭਾਈ ਵੀਰ ਸਿੰਘ ਜੀ ਵਲੋਂ ਰਚਿਤ ਗੁਰੂ ਨਾਨਕ ਆਗਮਨ, ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਦੇ ਭੰਡਾਰੇ ਖੋਲ੍ਹ ਰਹੇ ਹਨ। 'ਆਤਮ ਮਾਰਗ' ਦੇ ਮੈਨੇਜਿੰਗ ਐਡੀਟਰ ਡਾ. ਭਾਈ ਸੁਖਵਿੰਦਰ ਸਿੰਘ (ਦਾਸ) ਵਲੋਂ ਵੀ ਸੰਪਾਦਕੀ ਅਤੇ ਬਾਰਹ ਮਾਹਾ ਦੀ ਵੀਚਾਰ ਚਲ ਰਹੀ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ ਇਤਿਹਾਸਿਕ ਦਿਹਾੜਿਆਂ ਤੇ ਪੰਥ ਪ੍ਰਸਿੱਧ ਵਿਦਵਾਨਾਂ (ਸਬੁੱਧੀਜੀਵੀਆਂ) ਦੇ ਲੇਖ ਵੀ ਦਿਤੇ ਜਾਂਦੇ ਹਨ। ਪ੍ਰੋ. ਗੁਰਦੇਵ ਸਿੰਘ ਜੀ ਜੋ ਕਿ ਟਰੱਸਟ ਦੇ ਜਨਰਲ ਸੈਕਟਰੀ ਦੀ ਡਿਊਟੀ ਨਿਭਾ ਰਹੇ ਹਨ ਉਹਨਾਂ ਵਲੋਂ ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦੇ ਜੀਵਨ ਦੀਆਂ ਘਾਲਣਾ ਕਮਾਈਆਂ ਨੂੰ ਅੱਖਰੀ ਰੂਪ ਵਿਚ ਪ੍ਰਗਟ ਕੀਤਾ ਜਾ ਰਿਹਾ ਹੈ। ਉਪਰੋਕਤ ਸਾਰੀ ਰੂਹਾਨੀ ਸਮੱਗਰੀ ਜਗਿਆਸੂ ਜਨਾਂ ਲਈ ਵਰਦਾਨ ਸਿੱਧ ਹੋ ਰਹੀ ਹੈ –

*ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥*
*ਅੰਗ– ੬੦੮*

ਇਹ ਇਕ ਅਗੰਮੀ ਬਾਤ ਹੈ। ਸਾਰੀ ਵੀਚਾਰ ਬਾਤ ਅਗੰਮ ਕੀ ਹੈ। ਇਸ ਦਾ ਅਨੰਦ ਕੇਵਲ ਰੱਬੀ ਪਿਆਰ ਵਾਲੀਆ ਰੂਹਾਂ ਹੀ ਮਾਣ ਸਕਦੀਆਂ ਹਨ। ਇਹ ਉਹ ਅੱਖਰ ਹਨ ਜੋ ਰੁਕਦੇ ਨਹੀਂ। ਚਲਾਇਮਾਨ ਹਨ। ਇਹ ਮਹਾਂਪੁਰਸ਼ਾਂ ਦੇ ਅਨੁਭਵ ਵਿਚੋਂ ਚਲ ਕੇ ਆਏ, ਅੱਖਰਾਂ ਦਾ ਰੂਪ ਧਾਰਨ ਕਰ ਮੈਗਜ਼ੀਨ ਵਿਚ ਛਪ ਰਹੇ ਹਨ। ਸੂਖਸ਼ਮ ਪੈਂਡਾ ਆਤਮ ਮਾਰਗ ਦਾ ਹੈ। ਬਚਨ ਵੀ ਅਨੁਭਵ ਦੇ ਸੂਖਸ਼ਮ ਮੰਡਲ ਵਿਚੋਂ ਆਏ ਹੋਏ ਹਨ। ਟਰੱਸਟ ਰਤਵਾੜਾ ਸਾਹਿਬ ਇਨ੍ਹਾਂ ਪ੍ਰਵਚਨਾਂ ਨੂੰ ਇਸ ਮੈਗਜ਼ੀਨ ਰਾਹੀਂ ਆਪ ਜੀ ਤਕ ਪੁਜਦੇ ਕਰਕੇ ਆਪਣਾ ਬਣਦਾ ਫਰਜ਼ ਨਿਭਾ ਰਿਹਾ ਹੈ। ਆਉ! ਆਪਾਂ ਸਾਰੇ ਆਪਣੇ-ਆਪਣੇ ਫਰਜ਼ ਪਛਾਣੀਏ ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ'*** ਦੇ ਸਿਧਾਂਤ 'ਤੇ ਚਲਦਿਆਂ ਹੋਰ ਅੱਗੇ ਵਧਾਈਏ। ਆਪ ਮੈਂਬਰ ਬਣ ਕੇ ਹੋਰਨਾਂ ਨੂੰ ਹਰ ਮਹੀਨੇ ਘਰ-ਘਰ ਪਹੁੰਚਾਉਣ ਲਈ ਤੱਤਪਰ ਹੋਈਏ। ਕਿਸੇ ਨੂੰ ਰੱਬ ਨਾਲ ਜੋੜ ਦੇਣਾ ਇਸ ਤੋਂ ਵੱਡਾ ਹੋਰ ਕੋਈ ਪੁੰਨ ਨਹੀਂ ਹੈ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ– ੬੬੨*

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥ ਅੰਗ – ੧੮੬*

ਦੇ ਸਿਧਾਂਤ 'ਤੇ ਚਲਦਿਆਂ ਗੁਰੂ ਬਖਸ਼ਿਸ਼ ਦੇ ਪਾਤਰ ਬਣ ਜੀਵਨ ਸਫਲਾ ਕਰੀਏ –

*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥ ਅੰਗ – ੬੩੩*

ਭੁਲਾਂ ਚੁਕਾਂ ਦੀ ਖਿਮਾ

# ਜੇਠਿ
# ਸੰਗਰਾਂਦ - ਮਈ 15 (ਦਿਨ ਸ਼ੁਕਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥**
**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥**
**ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥**
**ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥**
**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥**
**ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥**
**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥**
**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥**
**ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥**
**ਅੰਗ - ੧੩੪**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਨੂੰ ਦੋ ਬਾਰਹ ਮਾਹਾ ਦੀ ਬਖਸ਼ਿਸ਼ ਹੈ। ਪਹਿਲਾ ਮਾਝ ਰਾਗ ਵਿਚ (ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ) ਅਤੇ ਦੂਜਾ ਤੁਖਾਰੀ ਰਾਗ ਵਿਚ (ਸ੍ਰੀ ਗੁਰੂ ਨਾਨਕ ਸਾਹਿਬ ਵਲੋਂ) ਅੰਕਿਤ ਮਿਲਦਾ ਹੈ। ਅਸਲ ਵਿਚ ਸੱਚੇ ਪਾਤਸ਼ਾਹ ਨੇ ਇਨ੍ਹਾਂ ਬਾਰਹ ਮਾਹਾ ਰਾਹੀਂ ਸਾਡੀ ਜ਼ਿੰਦਗੀ ਦੇ ਬਾਰਹ ਮਾਹਾ ਸੰਵਾਰਨ ਦੀ ਪ੍ਰੇਰਨਾ ਦੀ ਬਖਸ਼ਿਸ਼ ਕੀਤੀ ਹੈ। ਚਲ ਰਹੇ ਸਮੇਂ ਨੂੰ ਸੂਰਜ, ਚੰਦਰਮਾ ਦੀ ਗਤੀ ਦੀ ਗਿਣਤੀ-ਮਿਣਤੀ ਅਨੁਸਾਰ ਮਹੀਨਿਆਂ ਦੀ ਇਕਾਈ ਵਿਚ ਵੰਡ ਦਿਤਾ ਗਿਆ ਹੈ। ਇਨ੍ਹਾਂ ਮਹੀਨਿਆਂ ਰਾਹੀਂ ਸਮੁੱਚੇ ਇਕ ਸਾਲ ਦੇ ਸਮੇਂ ਨੂੰ ਗੁਰਬਾਣੀ ਅਨੁਸਾਰ ਢਾਲ ਕੇ ਅਸੀਂ ਗੁਰੂ ਮਨ ਭਾਉਂਦੀ ਰੁੱਤ ਲਿਆ ਸਕਦੇ ਹਾਂ ਅਤੇ ਆਪਣੀ ਜ਼ਿੰਦਗੀ ਸੁੱਖਾਂ ਅਤੇ ਖੇੜਿਆਂ ਭਰਪੂਰ ਬਣਾ ਸਕਦੇ ਹਾਂ। ਪਰ ਨਾਲ ਹੀ ਉਸ ਮਹੀਨੇ ਦੀ ਪਰਿਭਾਸ਼ਾ ਅਤੇ ਉਸ ਰੁੱਤ ਦੇ ਸਿਧਾਂਤ ਤੋਂ ਟੁੱਟ ਕੇ ਆਤਮਿਕ ਤੌਰ 'ਤੇ ਮੁਰਝਾ ਕੇ ਸੁੱਕ ਵੀ ਸਕਦੇ ਹਾਂ। ਇਹ ਫੈਸਲਾ ਸਾਡੇ ਆਪਣੇ ਹੱਥ ਹੈ ਕਿ ਅਸੀਂ ਕਿਸ ਮਾਰਗ ਦੇ ਪਾਂਧੀ ਬਣਨਾ ਹੈ। ਗੁਰੂ ਜੀ ਵਲੋਂ ਬਖਸ਼ੀਆਂ ਰੂਹਾਨੀ ਲੀਹਾਂ ਦੇ ਪਾਂਧੀ ਬਣਨਾ ਹੈ ਜਾਂ ਮਨ ਦੇ ਸੰਸਕਾਰਾਂ ਰੂਪੀ ਲੀਹਾਂ 'ਤੇ ਚਲ ਕੇ ਮਨਮਤੀ ਬਣਨਾ ਹੈ। ਗੁਰੂ ਮਹਾਰਾਜ ਬਖਸ਼ਿਸ਼ ਕਰਨ ਸਾਨੂੰ ਜੀਵਨ ਦੇ ਖੇੜੇ ਦੀ ਰੁੱਤ ਬਖਸ਼ਣ। ਆਉ! ਗੁਰੂ ਬਖਸ਼ਿਸ਼ ਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਸਦਕਾ ਜੇਠ ਮਹੀਨੇ ਦੀ ਵੀਚਾਰ ਉਸ ਵਲੋਂ ਬਖਸ਼ੀ ਸੁਬੁਧਿ ਅਨੁਸਾਰ ਕਰਨ ਦੀ ਕੋਸ਼ਿਸ਼ ਕਰੀਏ-

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥*

ਆਤਮ ਮਾਰਗ ਦੇ ਪੈਂਡਿਆਂ 'ਤੇ ਦੋ ਸ਼ਬਦ ਬਹੁਤ ਹੀ ਵੱਡੇ ਮਾਇਨੇ ਰਖਦੇ ਹਨ। ਇਕ ਜੁੜਨਾ ਤੇ ਦੂਜਾ ਟੁੱਟਣਾ। ਇਨ੍ਹਾਂ ਦੋਨਾਂ ਸ਼ਬਦਾਂ ਦੇ ਅਰਥਾਂ ਵਿਚ ਪੂਰਾ ਜੀਵਨ ਸਫਲ ਅਤੇ ਅਸਫਲ ਹੋ ਸਕਦਾ ਹੈ। ਇਕ ਪਾਸੇ ਸੰਸਾਰ ਹੈ ਦੂਜੇ ਪਾਸੇ ਨਿਰੰਕਾਰ ਹੈ। ਇਕ ਪਾਸੇ ਛੱਲਾਂ ਮਾਰਦਾ ਅਥਾਹ ਸਮੁੰਦਰ ਹੈ ਅਤੇ ਦੂਜੇ ਪਾਸੇ ਸਦਾ ਦਾ ਬਿਸ਼ਰਾਮ।

*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥*
*ਅੰਗ - ੬੧੩*

ਪਾਰ ਲੱਗਣ ਲਈ ਸਾਧਨ ਦੀ ਲੋੜ ਹੈ।

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ॥* *ਅੰਗ - ੧੪੨੪*

ਦੂਜੇ ਪਾਸੇ ਨਿਰੰਕਾਰ ਹੈ।

*ਰੇ ਮਨ ਐਸੋ ਕਰਿ ਸੰਨਿਆਸਾ॥*

*ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥*
*ਪਾਤਿਸ਼ਾਹੀ ੧੦*

ਸੰਸਾਰ ਨਾਲੋਂ ਮਨ ਕਰਕੇ ਟੁੱਟਣਾ ਤੇ ਨਿਰੰਕਾਰ ਨਾਲ ਜੁੜਨਾ ਇਹ ਜੀਵਨ ਦੀ ਸਫ਼ਲਤਾ ਦਾ ਸਾਰ ਹੈ-

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ - ੬੮੭*

*ਬੁਲ੍ਹਿਆ ਰੱਬ ਦਾ ਕੀ ਪਾਉਣਾ,*
*ਇਧਰੋਂ ਪੁੱਟਣਾ ਓਧਰ ਲਾਉਣਾ।*

ਸੰਸਾਰ ਵਲੋਂ ਜੇ ਇਕ ਕਦਮ ਪੁੱਟ ਲਿਆ ਜਾਵੇ ਤਾਂ ਦੂਜਾ ਕਦਮ ਨਿਰੰਕਾਰ ਵਲ ਹੋਵੇਗਾ। ਇਸੇ ਨੂੰ ਜੁੜਨਾ ਕਿਹਾ ਹੈ। ਜੁੜਨ ਵਿਚ ਸੁਖ ਹੈ, ਖੇੜਾ ਹੈ, ਸਦਾ ਦੀ ਬਸੰਤ ਹੈ ਪਰ ਟੁੱਟਣ ਵਿਚ ਜਨਮ-ਮਰਨ ਦੇ ਗੇੜ ਦਾ ਦੁਖ ਹੈ -

*ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥*
*ਅੰਗ - ੩੨੨*

ਜੁੜਨਾ ਤੇ ਮਿਲ ਜਾਣਾ ਇਕੋ ਹੀ ਅਰਥ ਰਖਦੇ ਹਨ। ਅਰਦਾਸ ਹੈ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਅੰਗ - ੧੩੩*

ਟੁੱਟ ਜਾਣਾ ਤੇ ਤੋੜ ਹੋ ਜਾਣਾ ਵੀ ਇਕੋ ਹੀ ਅਰਥ ਹਨ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਅੰਗ - ੧੧੦੨*
*ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ॥*
*ਅੰਗ - ੪੪੯*

ਜੁੜੇ ਹੋਏ ਹੀ ਜੋੜ ਸਕਦੇ ਹਨ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਅੰਗ - ੫੨੦*
*ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਅੰਗ - ੨੮੯*

ਆਪ ਜਪਣ ਵਾਲੇ ਹੀ ਦੂਜਿਆਂ ਨੂੰ ਜਪਾ ਸਕਣ ਦੇ ਸਮਰੱਥ ਹਨ-

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*
*ਅੰਗ - ੬੦੮*
*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਅੰਗ - ੩੨੦*

ਜੇਠ ਦਾ ਅੱਖਰੀ ਅਰਥ ਹੈ 'ਵੱਡਾ' ਭਾਵ ਸਭ ਤੋਂ ਪਹਿਲਾਂ, ਜਿਸ ਤੋਂ ਪਹਿਲਾਂ ਹੋਰ ਕੋਈ ਨਾ ਹੋਵੇ। ਘਰ ਵਿਚ ਸਭ ਤੋਂ ਵੱਡੇ ਪੁੱਤਰ ਨੂੰ ਜੇਠੀ ਸੰਤਾਨ ਕਿਹਾ ਜਾਂਦਾ ਹੈ। ਇਤਿਹਾਸਕਾਰਾਂ ਅਨੁਸਾਰ ਬਾਬਾ ਜੇਠਾ ਜੀ (ਗੁਰੂ ਰਾਮਦਾਸ ਜੀ ਮਹਾਰਾਜ) ਦਾ ਨਾਮ ਇਸ ਕਰਕੇ 'ਜੇਠਾ' ਪਿਆ ਸੀ ਕਿ ਉਹ ਆਪਣੇ ਮਾਪਿਆਂ ਦੀ ਪਹਿਲੀ ਸੰਤਾਨ ਸਨ।

ਦੇਸੀ ਮਹੀਨਿਆਂ ਦੇ ਹਿਸਾਬ ਨਾਲ ਵੀ ਜੇਠ ਮਹੀਨਾ ਸਭ ਤੋਂ ਵੱਡਾ ਮੰਨਿਆ ਗਿਆ। ਇਸ ਕਰਕੇ ਵੀ ਇਸ ਮਹੀਨੇ ਦਾ ਨਾਮ ਜੇਠ ਸੱਚੇ ਪਾਤਸ਼ਾਹ ਨੇ ਰੱਖਿਆ ਹੋਵੇਗਾ। ਮਹਾਰਾਜ ਫੁਰਮਾਨ ਕਰਦੇ ਹਨ ਕਿ ਕੌਣ ਵੱਡਾ ਹੈ? ਅਸਲੀਅਤ ਇਹ ਹੈ ਕਿ ਉਹ ਪ੍ਰਮੇਸ਼ਰ ਆਪ ਹੀ ਸਾਰਿਆਂ ਤੋਂ ਵੱਡੇ ਹਨ। ਜਿਵੇਂ ਇਸਲਾਮ ਵਾਲਿਆਂ ਦਾ ਸਿਧਾਂਤ ਹੈ - 'ਅੱਲਾਹ ਹੂ ਅਕਬਰ' ਕਿ ਅੱਲਾ ਹੀ ਸਾਰਿਆਂ ਤੋਂ ਵੱਡਾ ਹੈ -

*ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥*
*ਅੰਗ - ੪੭੫*
*ਕੇਵਡੁ ਵਡਾ ਡੀਠਾ ਹੋਇ॥ ਅੰਗ - ੯*

ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਕਿ ਉਹ ਕਿਤਨਾ ਕੁ ਵੱਡਾ ਹੈ -

*ਤੂੰ ਬੇਅੰਤੁ ਕੋ ਵਿਰਲਾ ਜਾਣੈ॥ ਅੰਗ - ੫੬੨*

ਜਾਂ ਉਸ ਨਾਲ ਜੁੜੇ ਹੋਏ ਵੱਡੇ ਹਨ-

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥ ਅੰਗ - ੧੮੮*

ਪ੍ਰਮੇਸ਼ਰ ਕਿਸੇ ਦਾ ਬਣਾਇਆ ਹੋਇਆ ਨਹੀਂ। ਉਹ ਸਵੈ ਪ੍ਰਕਾਸ਼ ਹੈ। 'ਸੈਭੰ' ਹੈ -

*ਥਾਪਿਆ ਨ ਜਾਇ ਕੀਤਾ ਨ ਹੋਇ ॥*
*ਆਪੇ ਆਪਿ ਨਿਰੰਜਨੁ ਸੋਇ ॥ ਅੰਗ - ੨*

ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਹਨ ਕਿ ਰੱਬ ਹੀ ਸਭ ਤੋਂ ਵੱਡਾ ਹੈ। 'ਹਰਿ ਜੇਠਿ ਜੁੜੰਦਾ ਲੋੜੀਐ' ਇਥੇ 'ਹਰਿ' ਪਹਿਲਾਂ ਆਇਆ ਹੈ। ਸਾਨੂੰ ਉਸ ਵੱਡੇ ਹਰੀ ਨਾਲ ਜੁੜਨਾ ਚਾਹੀਦਾ ਹੈ। ਉਹ ਸਰਬ ਸ਼ਕਤੀਵਾਨ ਹੈ। ਉਸ ਦੀ ਸ਼ਕਤੀ ਅੱਗੇ ਸਾਰਿਆਂ ਦਾ ਸਿਰ ਝੁਕਦਾ ਹੈ। ਸਾਰੇ ਉਸ ਦੇ ਭੈ ਵਿਚ ਚਲਦੇ ਹਨ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*

*ਕੋਹ ਕਰੋੜੀ ਚਲਤ ਨ ਅੰਤੁ ॥*
*ਭੈ ਵਿਚਿ ਸਿਧ ਬੁਧ ਸੁਰ ਨਾਥ ॥*
*ਭੈ ਵਿਚਿ ਆਡਾਣੇ ਆਕਾਸ ॥*
*ਭੈ ਵਿਚਿ ਜੋਧ ਮਹਾਬਲ ਸੂਰ ॥*
*ਭੈ ਵਿਚਿ ਆਵਹਿ ਜਾਵਹਿ ਪੂਰ ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ਅੰਗ - ੪੬੪*

ਉਸ ਦੇ ਜੁੜਨ ਨਾਲ ਪ੍ਰਾਪਤੀ ਕੀ ਹੁੰਦੀ ਹੈ? ਭਾਵ ਲਾਭ ਕੀ ਮਿਲਦਾ ਹੈ? ਮਹਾਰਾਜ ਫੁਰਮਾਨ ਕਰਦੇ ਹਨ -

*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*

'ਦਾਵਣਿ' ਭਾਵ ਪੱਲਾ। ਉਸਦਾ ਪੱਲਾ ਫੜਨ ਨਾਲ ਜਮ ਆਦਿ ਬੰਨ੍ਹ ਕੇ ਨਹੀਂ ਲੈ ਜਾ ਸਕਦੇ। ਭਾਵ ਮੌਤ ਦਾ ਡਰ ਖਤਮ ਹੋ ਜਾਂਦਾ ਹੈ। ਉਸ ਕੋਲ ਨਾਮ ਰੂਪੀ ਐਸੀ ਦੌਲਤ ਹੁੰਦੀ ਹੈ ਕਿ ਉਸ ਨੂੰ ਕੋਈ ਲੁੱਟ ਜਾਂ ਚੁਰਾ ਨਹੀਂ ਸਕਦਾ। ਨਾ ਹੀ ਕੋਈ ਸੰਨ੍ਹ ਲਾ ਸਕਦਾ ਹੈ।

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

ਇਸ ਹਰਿ ਧਨ ਦਾ ਕੋਈ ਸ਼ਰੀਕ ਨਹੀਂ।

*ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ*
*ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ*
*ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ*
*ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥*
*ਅੰਗ - ੮੫੩*

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ ॥ ਅੰਗ - ੭੩੪*

ਦੁਨਿਆਵੀ ਧਨ ਚੁਰਾਇਆ ਜਾ ਸਕਦਾ ਹੈ। ਪਹਿਲਾਂ 'ਧਨ' ਸਫ਼ਰ ਵਿਚ ਨਾਲ ਲੈਣ ਜਾਣ ਦੀ ਥਾਂ 'ਤੇ ਬੈਂਕ ਤੋਂ ਡਰਾਫਟ ਬਣਾ ਕੇ ਲੈ ਜਾਂਦੇ ਸਨ ਕਿ ਚੁਰਾਇਆ ਨਾ ਜਾ ਸਕੇ। ਹੁਣ ਬੈਂਕ ਰਾਹੀਂ Online, google pay, paytm ਆਦਿ ਇੰਟਰਨੈਟ ਮੀਡੀਏ ਦੇ ਜ਼ਰੀਏ ਧਨ ਭੇਜਿਆ ਜਾਣਾ ਸ਼ੁਰੂ ਹੋ ਗਿਆ ਹੈ। ਪਰ ਚਲਾਕ ਤੇ ਬੇਈਮਾਨ ਸ਼ਰਾਰਤੀ ਲੋਕ ਇਸ ਨੂੰ ਵੀ (OTP ਵਗੈਰਾ) ਚੋਰੀ ਕਰਕੇ ਚੁਰਾ ਲੈਂਦੇ ਹਨ। ਇਕੋ ਇਕ ਨਾਮ ਧਨ ਹੈ ਜੋ ਚੋਰੀ ਨਹੀਂ ਹੋ ਸਕਦਾ। ਭਾਵ ਇਸ ਨੂੰ ਸੰਨ੍ਹ ਆਦਿਕ ਨਹੀਂ ਲਾਈ ਜਾ ਸਕਦੀ। ਜੋ ਰੱਬ ਨਾਲ, ਹਰੀ ਜੇਠ ਨਾਲ, ਜੁੜੇਗਾ ਉਸ ਕੋਲ ਉਸ ਦੇ ਖਜ਼ਾਨੇ ਦੀ ਦੌਲਤ ਆ ਜਾਵੇਗੀ। ਫਿਰ ਵਿਸ਼ਵਾਸ਼ ਪੈਦਾ ਹੋਵੇਗਾ -

*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥*

ਜੋ ਸੰਸਾਰਕ ਸੁਖ ਪਦਾਰਥ ਚੰਗੇ ਲਗਦੇ ਹਨ ਉਹ ਸਭ ਉਸ ਮਾਲਕ ਨੇ ਪੈਦਾ ਕੀਤੇ ਹਨ। ਇਸ ਕਰਕੇ ਸੁਖਾਂ ਨਾਲ ਨਹੀਂ, ਸੁਖਾਂ ਦੇ ਦਾਤੇ ਨਾਲ ਜੁੜਨਾ ਹੈ। ਉਸ ਨਾਲ ਜੁੜਨ ਨਾਲ ਸਾਰੇ ਪਦਾਰਥ ਆਪੇ ਹੀ ਆ ਜਾਣਗੇ। ਸੰਸਾਰ ਦੀ ਸਾਰੀ ਕਿਰਿਆ ਨੂੰ ਚਲਾਉਣ ਵਾਲਾ ਉਹ ਆਪ ਹੀ ਹੈ -

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥*

ਭਾਵ -

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਅੰਗ - ੧*

*ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥*

ਜੋ ਪ੍ਰਮੇਸ਼ਰ ਨਾਲ ਜੁੜ ਗਏ ਉਹ ਜੀਵ ਮਾਲਕ ਦੇ ਆਪਣੇ ਹੋ ਗਏ। ਉਹ ਉਸ ਦੇ 'ਖਾਲਸੇ' ਹੋ ਗਏ। 'ਖਾਲਸੇ' ਦਾ ਅਰਥ ਹੀ ਰੱਬ ਦਾ ਆਪਣਾ ਹੈ। ਭਾਵ -

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥*
*ਅੰਗ - ੬੫੫*

ਪ੍ਰੇਮਾ ਭਗਤੀ ਵਿਚ ਲੀਨ ਜਨ ਉਸ ਦੇ ਆਪਣੇ ਭਾਵ ਖਾਲਸੇ ਹੋ ਗਏ। ਉਹ ਧੰਨਤਾ ਦੇ ਯੋਗ ਹੋ ਗਏ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੮੩*

*ਧੰਨੁ ਧੰਨੁ ਧੰਨੁ ਜਨੁ ਆਇਆ ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਅੰਗ - ੨੯੪*

ਉਹਨਾਂ ਦਾ ਗੁਰੂ ਵੀ ਧੰਨ ਹੈ -

*ਧਨੁ ਧੰਨੁ ਤਿਨਾ ਕਾ ਗੁਰੂ ਹੈ*
*ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥ ਅੰਗ- ੫੮੮*

ਅੰਦਰੋਂ ਉਸ ਮਾਲਕ ਨਾਲ ਜੁੜੇ ਹੋਏ ਧੰਨ ਹਨ। ਮਾਲਕ ਉਹਨਾਂ ਨੂੰ ਆਪਣੇ ਬਣਾ ਲੈਂਦਾ ਹੈ ਤੇ ਉਹ ਧੰਨਤਾ ਦੇ ਯੋਗ ਹੋ ਜਾਂਦੇ ਹਨ।

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*

ਜੇ ਉਹ ਪ੍ਰਮੇਸ਼ਰ ਆਪਣੀਆਂ ਚਤੁਰਾਈਆਂ, ਸਿਆਣਪਾਂ ਨਾਲ ਮਿਲਦਾ ਹੁੰਦਾ ਤਾਂ ਜੀਵ ਵਿਛੜ ਕੇ ਦੁਖੀ ਕਿਉਂ ਹੁੰਦੇ?

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਅੰਗ- ੧*

*(ਬਾਕੀ ਪੰਨਾ 48 'ਤੇ)*

# ਵਿਸਾਖੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-21)*

ਸੋ ਮਹਾਰਾਜ ਜੀ ਨੇ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਦਿੱਤਾ ਤੇ ਉਸ ਤੋਂ ਬਾਅਦ ਕਹਿਣ ਲੱਗੇ ਪਿਆਰਿਓ! ਤੁਹਾਡੀ ਪਦਵੀ ਜੋ ਹੈ, ਉਹ ਹੁਣ ਸਿੱਖ ਦੀ ਨਹੀਂ ਰਹੀ, ਤੁਸੀਂ ਮੇਰਾ ਰੂਪ ਬਣ ਗਏ ਓਂ। ਐਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਨਾਲ -

*ਧਾਰਨਾ - ਕਰ ਲਏ ਆਪ ਸਮਾਨ, ਸਤਿਗੁਰੂ ਪੂਰੇ ਨੇ।*

ਆਪਣੇ ਵਰਗੇ ਬਣਾ ਲਏ। ਜਿਹੜੇ ਮੇਰੇ ਵਿੱਚ ਸਮਾਏ ਹੋਏ, ਹਰ ਵਕਤ ਮੇਰੇ ਵਿੱਚ ਰਹਿੰਦੇ ਨੇ, ਕਹਿੰਦੇ ਉਹ ਮੇਰਾ ਰੂਪ ਹੀ ਹੋਇਆ ਕਰਦੇ ਨੇ। ਮੈਂ ਹੀ ਉਨ੍ਹਾਂ 'ਚ ਵਰਤਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਹ ਭਰਮ ਭੁਲੇਖੇ ਸਾਡੇ ਮਨਾਂ 'ਚ ਪਏ ਹੋਏ ਸਾਧਸੰਗਤ ਜੀ! ਬਈ ਉਨ੍ਹਾਂ ਨੂੰ ਸੱਚਮੁੱਚ ਸ਼ਹੀਦ ਕਰ ਦਿੱਤਾ ਸੀ? ਉਸ ਤੋਂ ਬਾਅਦ ਉਨ੍ਹਾਂ ਦੇ ਸਿਰ ਕਿਵੇਂ ਜੋੜੇ? ਉਨ੍ਹਾਂ ਦਾ ਖੂਨ ਨਿਕਲ ਚੁੱਕਿਆ ਹੋਣਾ ਹੈ ਸਾਰਾ? ਆਹ ਗੱਲਾਂ ਨੇ ਜਿਹੜੀਆਂ, ਇਨ੍ਹਾਂ ਦੇ ਬੜੇ ਵਹਿਮ ਪਏ ਹੋਏ ਨੇ।

ਆਹ ਮੈਂ ਇੱਕ ਜਾਦੂਗਰ ਦੇਖਿਆ ਸੀ, ਪਟਿਆਲੇ ਆਇਆ ਸੀ। ਉਹਨੇ ਐਸਾ ਇੱਕ ਖੇਲ੍ਹ ਕਰਿਆ ਕਿ ਇੱਕ ਬੰਦੇ ਨੂੰ ਛੁਰੇ ਦੇ ਉੱਤੇ ਪਾ ਦਿੱਤਾ, ਨਾ ਹੇਠਾਂ ਨਾ ਉੱਤੇ, ਛੁਰੇ ਦੇ ਉੱਤੇ ਖੜ੍ਹਾ ਤੇ ਹੱਥ ਕਰਕੇ ਉਹਦੀ ਜ਼ੁਬਾਨ ਖਿੱਚ ਲਈ, ਡਾ. ਜਗਜੀਤ ਸਿੰਘ ਤੇ ਅਮਰਜੀਤ ਸਿੰਘ ਹੁੰਦੇ ਉਥੇ, ਉਨ੍ਹਾਂ ਨੂੰ ਕਹਿੰਦਾ verify ਕਰੋ ਕਿ ਇਹ ਜਿਉਂਦਾ ਹੈ ਕਿ ਮਰ ਗਿਆ? ਡਾ. ਕਹਿਣ ਲੱਗਿਆ ਇਹ ਤਾਂ ਮਰ ਗਿਆ, ਖਤਮ ਹੈ ਬਿਲਕੁਲ। ਮੂੰਹ ਵਿੱਚ ਜੀਭ ਹੈ? ਕਹਿੰਦੇ ਨਾ, ਬਿਲਕੁਲ ਨਹੀਂ ਜੀਭ। ਕਹਿੰਦਾ, ਜੀਭ ਤਾਂ ਮੇਰੇ ਹੱਥ ਵਿੱਚ ਹੈ, ਆਹ ਦੇਖੋ। ਜੀਭ ਹੈ ਕੀ ਹੈ? ਕਹਿੰਦੇ ਜੀਭ ਹੈ। ਦੇਖ ਲਈ, ਟੈਸਟ ਕਰ ਲਈ। ਕਹਿੰਦਾ, ਇਸੇ ਦੀ ਜੀਭ ਹੈ, ਆਹ ਕਟੀ ਹੋਈ ਹੈ ਇੱਥੋਂ। ਉਹ ਉਸੇ ਤਰ੍ਹਾਂ ਪਿਆ ਰਿਹਾ ਤੇ ਉਸ ਤੋਂ ਬਾਅਦ ਡੀ.ਸੀ. ਸੀ ਸੰਤ ਪ੍ਰਤਾਪ ਸਿੰਘ, ਵੱਡੀ ਉਮਰ ਦੇ ਸੀ, ਉਹਨੂੰ ਕਹਿੰਦਾ ਡੀ.ਸੀ. ਸਾਹਿਬ ਉਪਰ ਆਇਓ। ਉਪਰ ਆਏ, ਕਹਿਣ ਲੱਗੇ ਕਿ ਦਰਸ਼ਕੋ, ਦੇਖੋ ਤਾਂ ਕੌਣ ਹੈ? ਉਹ ਇਸਤਰੀ ਨਜ਼ਰ ਆਵੇ, ਡੀ.ਸੀ. ਸਾਹਿਬ ਦੀ ਤਾਂ ਪਤਾ ਨਹੀਂ ਕਿੱਧਰ ਸ਼ਕਲ ਚਲੀ ਗਈ, ਸਾੜ੍ਹੀ ਪਾਈ ਹੋਈ, ਔਰਤ ਹੀ ਦਿਸੇ। ਕਹਿੰਦਾ ਹੋਰ ਬੀਬੀਆਂ ਆ ਜਾਓ, ਜਿਹੜੀਆਂ ਆਦਮੀਆਂ ਤੋਂ ਤੰਗ ਨੇ ਤੁਹਾਨੂੰ ਫੇਰ ਆਦਮੀ ਬਣਾ ਦਿੰਦੇ ਹਾਂ, ਇਥੇ ਹੀ ਸ਼ਾਦੀਆਂ ਕਰ ਦੇਵਾਂਗੇ ਤੁਹਾਡੀਆਂ, ਆ ਜਾਓ ਸਾਰੇ। ਸਾਰੇ ਹੈਰਾਨ ਹੋ ਗਏ। ਜਿਸ ਵਕਤ ਖੇਲ੍ਹ ਖਤਮ ਹੋ ਗਿਆ, ਉਸ ਵੇਲੇ ਹੱਥ ਜਿਹਾ ਘੁੰਮਾ ਕੇ ਜੀਭ ਮਾਰੀ, ਡਾਕਟਰ ਨੂੰ ਕਿਹਾ ਕਿ ਦੇਖੋ, ਜੁੜ ਗਈ? ਕਹਿੰਦੇ, ਜੁੜ ਗਈ। ਹੁਣ ਦੇਖੋ ਤਾਂ ਜਿਉਂਦਾ ਹੋ ਗਿਆ ਕਿ ਮਰਿਆ ਹੀ ਪਿਆ ਹੈ? ਕਹਿੰਦੇ, ਜਿਉਂਦਾ ਹੋ ਗਿਆ, ਇਹਦਾ ਤਾਂ ਦਿਲ ਚਲ ਪਿਆ, ਨਬਜ਼ ਵੀ ਚੱਲ ਪਈ।

ਇੱਕ ਜਾਦੂਗਰ ਦੇ ਵਿੱਚ ਇਹ ਸ਼ਕਤੀ ਹੈ। ਉਹਨੇ ਬਾਅਦ 'ਚ ਦੱਸਿਆ ਕਿ ਮੈਂ ਕੁਛ ਨਹੀਂ ਕਰਿਆ, ਨਾ ਕੋਈ ਮਾਰਿਆ ਹੈ, ਨਾ ਕੋਈ ਜਿਉਂਦਾ ਕਰਿਆ ਹੈ, ਇਹ ਮੈਂ ਤੁਹਾਨੂੰ ਸਾਰਿਆਂ ਨੂੰ ਹਿਪਨੋਟਾਈਜ਼ ਕਰ ਦਿੱਤਾ ਸੀ, ਜਿੰਨੇ ਬੈਠੇ ਸੀ ਤੇ ਜਿਹੜਾ ਕੁਛ ਮੈਂ ਚਾਹੁੰਦਾ ਸੀ, ਉਹ ਤੁਹਾਨੂੰ ਦਿਸਦਾ ਸੀ। ਕਹਿੰਦੇ, ਬੰਦੇ ਤਾਂ ਉਵੇਂ ਜਿਵੇਂ ਸੀਗੇ। ਲੇਕਿਨ ਜੋ ਮੇਰਾ ਖਿਆਲ ਸੀ ਉਹਦੇ ਮੁਤਾਬਿਕ ਸੀ। ਜੇ ਇੱਕ ਜਾਦੂਗਰ 'ਚ ਐਨੀ ਸ਼ਕਤੀ ਹੈ, ਐਹੋ ਜਿਹੇ ਖੇਲ੍ਹ ਕਰ ਸਕਦਾ ਹੈ ਫੇਰ ਗੁਰੂ ਮਹਾਰਾਜ 'ਤੇ ਸ਼ੱਕ ਕਰੀ ਜਾਦੇ ਨੇ। ਸੋ ਗੁਰੂ ਮਹਾਰਾਜ ਨੇ ਆਪਣਾ ਸਰੂਪ ਬਣਾ ਲਿਆ, ਅੰਮ੍ਰਿਤ ਛਕਾ ਦਿੱਤਾ, ਉਸ ਤੋਂ ਬਾਅਦ ਕਹਿੰਦੇ ਪਿਆਰਿਓ! ਹੁਣ ਤੁਹਾਡਾ ਤੇ ਮੇਰਾ ਕੋਈ ਫਰਕ ਨਹੀਂ ਹੈ ਤੇ ਤੁਸੀਂ ਤਖਤ ਦੇ ਉੱਤੇ ਬੈਠੋ ਭੂੰਜੇ ਜਾ ਕੇ। ਤਖਤ 'ਤੇ ਬਿਠਾ ਦਿੱਤੇ, ਆਪ ਮਹਾਰਾਜ ਸਾਹਮਣੇ ਖੜ੍ਹੇ ਹੋ ਗਏ, ਗਲ 'ਚ ਪੱਲਾ ਪਾ ਲਿਆ। ਕਹਿਣ ਲੱਗੇ, ਹੁਣ ਜਿਸ ਤਰ੍ਹਾਂ ਦੇ ਨਾਲ ਮੈਂ ਤੁਹਾਨੂੰ ਰਹਿਤਾਂ ਦੱਸੀਆਂ ਨੇ, ਜਿਸ ਰੀਤੀ ਦੇ ਨਾਲ ਅੰਮ੍ਰਿਤ ਤਿਆਰ ਕਰਿਆ ਹੈ, ਹੁਣ ਨਵਾਂ ਬਾਟਾ ਤਿਆਰ ਕਰੋ ਤੇ ਮੈਨੂੰ ਅੰਮ੍ਰਿਤ ਛਕਾਓ। ਇੱਥੇ ਵੀ ਕਈ ਗੱਲਾਂ ਦਾ ਭੇਤ ਹੈ, ਧਿਆਨ ਨਾਲ ਸਮਝ ਲਓ ਇਹ ਗੱਲ। ਸਾਡੇ ਇਹ ਹੁੰਦਾ ਹੈ ਕਿ ਜਿੰਨਾਂ ਚਿਰ ਬੀਬੀ ਨਾ ਆਵੇ, ਭਾਈ ਨੂੰ ਅੰਮ੍ਰਿਤ ਨਹੀਂ ਛਕਾਉਂਦੇ। ਕਿਸੇ ਇਤਿਹਾਸ 'ਚ ਨਹੀਂ ਲਿਖਿਆ ਹੋਇਆ ਕਿ ਪੰਜ ਪਿਆਰਿਆਂ ਨੇ ਕਿਹਾ ਕਿ ਮਾਤਾਵਾਂ ਨੂੰ ਵੀ ਬੁਲਾਓ ਤੁਸੀਂ ਤਾਂ ਅੰਮ੍ਰਿਤ ਛਕਾਵਾਂਗੇ। ਜਦੋਂ ਗੁਰੂ ਸਾਹਿਬ

ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ, ਸਾਰੇ ਗ੍ਰਹਿਸਤੀ ਸੀ ਜਿੰਨੇ ਵੀ ਸੀ ਤੇ ਉਨ੍ਹਾਂ ਦੀਆਂ ਘਰਵਾਲੀਆਂ ਦੀਵਾਨ 'ਚ ਬੈਠੀਆਂ ਸੀ। ਭਾਈ ਹਿੰਮਤ ਸਿੰਘ ਜੀ ਦੇ ਬਾਰੇ, ਜਦੋਂ ਜਾਣ ਲੱਗੇ, ਬਾਈ-ਤੇਈ ਸਾਲ ਦੇ ਨੌਜਵਾਨ ਸੀ ਤੇ ਆਪਣੇ ਵਸਤਰ ਲਾਹ ਕੇ, ਜਿਹੜਾ ਵਾਧੂ ਚੁੱਕੀਂ ਫਿਰਦੇ ਸੀ, ਘਰਵਾਲੀ ਨੂੰ ਫੜਾ ਆਏ ਕਹਿੰਦੇ ਮੈਂ ਤਾਂ ਹੁਣ ਸੀਸ ਦੇਣਾ ਹੈ, ਤੂੰ ਆਹ ਰੱਖ। ਕੋਈ ਆਵਾਜ਼ ਨਹੀਂ ਪਈ ਕਿ ਉਨ੍ਹਾਂ ਨੂੰ ਬੁਲਾ ਲਓ ਕਿ ਉਨ੍ਹਾਂ ਨੂੰ ਵੀ ਨਾਲ ਹੀ ਅੰਮ੍ਰਿਤ ਛਕਾ ਦੇਈਏ। ਰਸਮਾਂ ਰੀਤਾਂ ਹੌਲੀ-ਹੌਲੀ ਬਣ ਜਾਇਆ ਕਰਦੀਆਂ ਨੇ ਬਾਅਦ ਵਿੱਚ। ਸੋ ਗੁਰੂ ਮਹਾਰਾਜ ਇਕੱਲੇ ਸੀਗੇ, ਜਦੋਂ ਅੰਮ੍ਰਿਤ ਛਕਾਉਣ ਲੱਗੇ, ਪੰਜਾਂ ਨੇ ਅੰਮ੍ਰਿਤ ਛਕਾਇਆ, ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਮੇਰਾ ਨਾਮ ਵੀ ਬਦਲੋ, ਜਿਵੇਂ ਤੁਹਾਡੇ ਨਾਮ ਨਾਲ ਸਿੰਘ ਲੱਗਿਆ ਹੈ, ਓਸ ਵੇਲੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਨਾਮ ਰੱਖਿਆ ਤੇ ਭਾਈ ਗੁਰਦਾਸ ਸਿੰਘ ਨੇ ਐਸਾ ਉਚਾਰਨ ਕੀਤਾ-

*ਧਾਰਨਾ - ਵਾਹੁ ਵਾਹੁ ਗੋਬਿੰਦ ਸਿੰਘ ਪਿਆਰਾ।*
*ਆਪੇ ਗੁਰ ਚੇਲਾ।*
*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

ਆਪ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰਿਆਂ ਨੂੰ ਛਕਾਇਆ ਤੇ ਖਾਲਸੇ ਦਾ ਆਦਰਸ਼ ਸਮਝਾਇਆ ਤੇ ਉਸ ਤੋਂ ਬਾਅਦ ਆਪ ਨੇ ਹੁਕਮ ਕੀਤਾ ਕਿ ਹੁਣ ਤੁਸੀਂ ਜਿਵੇਂ ਮੈਂ ਕੀਤਾ ਹੈ, ਇਸੇ ਤਰ੍ਹਾਂ ਦੇ ਨਾਲ ਹੁਣ ਤੁਸੀਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ। ਇਹਦਾ ਮਤਲਬ ਇਹ ਹੈ ਕਿ ਕੋਈ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੇ ਤੋਂ ਬਗੈਰ ਗੁਰਸਿੱਖੀ ਦੇ ਮੰਡਲ ਵਿੱਚ ਸਿੱਖ ਨਹੀਂ ਕਹਾ ਸਕਦਾ, ਉਹਨੂੰ ਛਕਣਾ ਹੀ ਪੈਣਾ ਹੈ। ਕਿਉਂਕਿ ਨਾਮ ਦੀ ਸ਼ਰਤ ਰੱਖ ਦਿੱਤੀ ਕਿ ਪੰਜ ਪਿਆਰੇ ਨਾਮ ਦੇਣਗੇ।

ਜਦੋਂ ਬਾਬਾ ਸੋਭਾ ਸਿੰਘ ਜੀ ਗੁਰੂ ਮਹਾਰਾਜ ਦੇ ਖਾਨਦਾਨ 'ਚੋਂ, ਬਹੁਤ ਨਜ਼ਦੀਕੀ ਰਿਸ਼ਤੇਦਾਰ, ਭਰਾ ਲਗਦੇ, ਆਪ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ 'ਚ ਹਾਜ਼ਰ ਹੋਏ, ਕਹਿਣ ਲੱਗੇ, ਪਾਤਸ਼ਾਹ! ਤੁਸੀਂ ਸਾਰੇ ਸੋਢੀਆਂ ਤੇ ਬੇਦੀਆਂ ਨੂੰ ਕਹਿ ਦਿੱਤਾ ਕਿ ਤੁਸੀਂ ਅੰਮ੍ਰਿਤ ਛਕੋ ਤਾਂ ਸਿੱਖੀ ਮੰਡਲ 'ਚ ਰਹੋਂਗੇ। ਸੋ ਮੈਂ ਤਾਂ ਤੁਹਾਡੇ ਤੋਂ ਅੰਮ੍ਰਿਤ ਛਕਣਾ ਹੈ। ਤੁਸੀਂ ਆਪਣੇ ਕਰ ਕਮਲਾਂ ਦੇ ਨਾਲ ਮੈਨੂੰ ਅੰਮ੍ਰਿਤ ਛਕਾਓ। ਕਹਿਣ ਲੱਗੇ, ਸੋਭਾ ਸਿੰਘ ਜੀ! ਅਸੀਂ ਹੁਣ ਜਿਹੜੀ ਗੁਰੂ ਦੀ ਕ੍ਰਿਆ ਸੀ, ਪਹਿਲਾਂ ਚਰਨਾਮ੍ਰਿਤ ਦਿਆ ਕਰਦੇ ਸੀ ਗੁਰੂ। ਉਹ ਅਸੀਂ ਰੀਤ ਸਮੇਂ ਨੂੰ ਵਿਚਾਰ ਕੇ ਬਦਲ ਦਿੱਤੀ। ਗੁਰੂ ਨੇ ਨਹੀਂ ਅੰਮ੍ਰਿਤ ਕਿਸੇ ਨੂੰ ਵੀ ਛਕਾਉਣਾ। ਹੁਣ ਗੁਰੂ ਦੇ ਸਾਜੇ ਹੋਏ ਜਿਹੜੇ ਉਨ੍ਹਾਂ ਦਾ ਰੂਪ ਬਣੇ ਹੋਏ ਨੇ, ਤੁਹਾਨੂੰ ਬ੍ਰਹਮਗਿਆਨ ਦੀ ਦਾਤ, ਨਾਮ ਦੀ ਦਾਤ ਉਨ੍ਹਾਂ ਤੋਂ ਪ੍ਰਾਪਤ ਹੋਏਗੀ, ਉਹ ਭਾਈ ਦਇਆ ਸਿੰਘ ਜੀ ਪਰਮ ਉਤਮ ਬ੍ਰਹਮਗਿਆਨੀ ਮਹਾਂਪੁਰਸ਼ ਨੇ, ਤੁਸੀਂ ਉਨ੍ਹਾਂ ਤੋਂ ਦਾਤ ਪ੍ਰਾਪਤ ਕਰੋ। ਸੋ ਆਪ ਨੂੰ ਭਾਈ ਦਇਆ ਸਿੰਘ ਜੀ ਦੇ ਹਜ਼ੂਰ ਜਾਣਾ ਪਿਆ, ਉਨ੍ਹਾਂ ਤੋਂ ਜਾ ਕੇ ਅੰਮ੍ਰਿਤ ਛਕਣਾ ਪਿਆ। ਭਾਈ ਦਇਆ ਸਿੰਘ ਜੀ ਦੀ ਸੰਪਰਦਾ ਦੇ ਦੂਸਰੇ ਮਹਾਂਪੁਰਸ਼ ਬਾਬਾ ਸੋਭਾ ਸਿੰਘ ਜੀ ਹੋਏ ਨੇ। ਬਾਬਾ ਸੋਭਾ ਸਿੰਘ ਜੀ ਤੋਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੀਂ ਥਾਂ, ਉਨ੍ਹਾਂ ਨੂੰ ਵੀ ਅੰਮ੍ਰਿਤ ਛਕਣਾ ਪਿਆ, ਸਿੱਖੀ ਦੇ ਮੰਡਲ ਵਿੱਚ ਰਹਿਣ ਵਾਸਤੇ। ਉਨ੍ਹਾਂ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਨੂੰ ਵੀ ਅੰਮ੍ਰਿਤ ਛਕਣਾ ਪਿਆ, ਬਾਬਾ ਕਲਾਧਾਰੀ ਜੀ ਨੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਪੁੱਛਿਆ ਕਿ ਹੁਣ ਸਾਡਾ ਦੱਸੋ। ਮਹਾਰਾਜ ਕਹਿੰਦੇ, ਪੰਥ 'ਚ ਰਲਣ ਵਾਸਤੇ ਅੰਮ੍ਰਿਤ ਛਕਣਾ ਪੈਣਾ ਹੈ ਤੁਹਾਨੂੰ। ਬੇਦੀ ਕੁਲ ਸੋਢੀ ਕੁਲ ਕੋਈ ਨਹੀਂ ਫਰੀ ਰਿਹਾ, ਸਭ ਨੂੰ ਅੰਮ੍ਰਿਤ ਛਕਾਇਆ। ਅੰਮ੍ਰਿਤ ਛਕਾਉਣ ਤੋਂ ਬਾਅਦ ਬਹੁਤ ਸਾਰੇ ਸਿੰਘ ਉਠ ਖੜ੍ਹੇ, ਵੀਹ ਉਠੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਦਿਤਾ, ਉਸ ਤੋਂ ਬਾਅਦ ਡੇਢ ਸੌ ਉਠਿਆ ਉਨ੍ਹਾਂ ਨੂੰ ਛਕਾ ਦਿੱਤਾ ਤੇ ਲਿਖਦੇ ਨੇ ਤਵਾਰੀਖ ਵਾਲੇ, ਗੁਲਾਮ ਹੁਸੈਨ, ਕਹਿਣ ਲੱਗੇ, ਮੈਂ ਵਿੱਚ ਬੈਠਾ ਸੀ, ਮੈਂ ਰਿਪੋਰਟ ਭੇਜੀ ਔਰੰਗਜ਼ੇਬ ਨੂੰ ਤੇ ਮੈਂ ਮੋਟੀ ਜਿਹੀ ਗਿਣਤੀ ਲਾਈ ਕਿ ਓਸ ਵੇਲੇ ਵੀਹ ਹਜ਼ਾਰ ਸਿੰਘਾਂ ਨੇ ਅੰਮ੍ਰਿਤ ਛਕਿਆ। ਕਹਿੰਦੇ, ਬਹੁਤ ਸਾਰੇ ਮੁਖਾਲਫਤ ਵੀ ਕਰਦੇ ਸੀ, ਬਹੁਤ ਸਾਰੇ ਜਿਹੜੇ ਕੱਚੇ ਸੀ, ਉਹ ਜਨੇਊ ਹੱਥਾਂ 'ਚ ਲੈ ਕੇ ਕਹਿ ਰਹੇ ਸੀ ਕਿ ਇਨ੍ਹਾਂ ਨੇ ਤਾਂ ਵਰਣ ਆਸ਼ਰਮ ਹੀ ਖਤਮ ਕਰ ਦਿੱਤਾ। ਇਹ ਤਾਂ ਕੁਛ ਹੋਰ ਹੀ ਬਣਾ ਰਹੇ ਨੇ। ਤਰਕਾਂ ਕਰਨ ਵਾਲੇ ਵੀ ਕੱਚੇ ਪਿੱਲੇ ਬਥੇਰੇ ਬੈਠੇ ਸੀ, ਪਰ ਵੀਹ ਹਜ਼ਾਰ ਸਿੱਖ ਜਾ ਕੇ ਖਾਲਸਾ ਬਰਾਦਰੀ ਦੇ ਵਿੱਚ ਸ਼ਾਮਲ ਹੋ ਗਏ, ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਸਨਮੁਖ ਕਰਕੇ ਉਪਦੇਸ਼ ਦਿੱਤਾ ਕਿ ਪਿਆਰਿਓ! ਕਬਰਾਂ ਨੂੰ ਨਹੀਂ ਮੰਨਣਾ, ਹੋਰ ਚੀਜ਼ਾਂ

ਸੂਰਜ, ਚੰਦਰਮਾ, ਤਾਰਿਆਂ ਨੂੰ ਨਹੀਂ ਮੰਨਣਾ, ਇਹ ਪ੍ਰਮੇਸ਼ਰ ਦੀਆਂ ਸ਼ਕਤੀਆਂ ਹੁਕਮ 'ਚ ਕੰਮ ਕਰ ਰਹੀਆਂ ਨੇ, ਧਰਮਰਾਜ ਹੁਕਮ 'ਚ ਕੰਮ ਕਰ ਰਿਹਾ ਹੈ, ਦੇਵਤੇ ਹੁਕਮ 'ਚ ਕੰਮ ਕਰ ਰਹੇ ਨੇ। ਜਿਹੜਾ ਸਾਰਿਆਂ ਨਾਲੋਂ ਵੱਡਾ ਹੈ ਖੜਗ ਕੇਤ ਮੈਂ ਉਹਦੀ ਗੋਦੀ 'ਚ ਤੁਹਾਨੂੰ ਪਾਉਂਦਾ ਹਾਂ ਤੇ ਉਹਦੀ ਗੋਦੀ 'ਚ ਪੈ ਕੇ ਉਹਦੇ ਪੁੱਤਰ ਬਣਾਉਂਦਾ ਹਾਂ ਤੁਹਾਨੂੰ। ਇਹ ਜਿਹੜੇ ਦੇਵੀ-ਦੇਵਤੇ ਨੇ ਇਹ ਉਹਦੇ ਬਣਾਏ ਹੋਏ ਨੇ ਸਾਰੇ। ਹੁਣ ਵਿਚਾਲੇ ਵਿਚੋਲਾ ਨਹੀਂ ਕੋਈ ਵੀ ਰਖਣਾ, ਸਿੱਧਾ ਤੁਹਾਡਾ ਅਕਾਲ ਪੁਰਖ ਨਾਲ ਸਬੰਧ ਜੋੜ ਕੇ, ਤੁਹਾਨੂੰ ਜੋ ਉਪਦੇਸ਼ ਹੈ ਉਸਨੂੰ ਤੁਸੀਂ ਕਮਾਉਣਾ -

*ਧਾਰਨਾ - ਜਪੋ ਖਾਲਸਾ, ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਹੋਰ ਕੋਈ ਜਾਪ ਨਹੀਂ ਕਰਨਾ, ਹੋਰ ਕਿਸੇ ਨੂੰ ਸੀਸ ਨਹੀਂ ਨਿਵਾਉਣਾ, ਹੋਰ ਕਿਸੇ ਦੇ ਉੱਤੇ ਭਰੋਸਾ ਨਹੀਂ ਰੱਖਣਾ ਤੇ ਅਕਾਲ ਦਾ ਭਰੋਸਾ ਰਖਣਾ ਹੈ। ਕਿਉਂਕਿ ਜਿਧਰ ਵੀ ਜਾਂਦੇ, ਸੁਭਾਅ ਪਿਆ ਹੋਇਆ ਸੀ, ਜਿਹੜਾ ਕੁਛ ਮੂਹਰੇ ਆ ਗਿਆ ਉਹਨੂੰ ਮੱਥਾ ਟੇਕ ਦਿੱਤਾ। ਸਾਰਿਆਂ ਨੂੰ ਹੀ ਮੰਨੀ ਜਾਂਦੇ ਸੀ, ਵਾਢਾ ਧਰ ਕੇ। ਚਾਹੇ ਕਬਰ ਆ ਗਈ, ਚਾਹੇ ਕੁਛ ਆ ਗਿਆ। ਇਕ ਇਤਿਹਾਸਕਾਰ ਨੇ ਲਿਖਿਆ ਹੈ -

*ਕਈ ਹਨੂੰਮਾਨ ਕਈ ਭੈਰੋਂ ਦੇ*
*ਕਈ ਪਰਬਤ ਵਾਲੀ ਨੈਣਾਂ ਦੇ।*
*ਕੋਈ ਵੈਸ਼ਨੂੰ ਦੇਵੀ ਜਵਾਲਾ ਦਾ,*
*ਫਿਰ ਢੋਲ ਢਮੱਕਾ ਸਰਵਰ ਦਾ*
*ਤੇ ਹਿਰਸ ਬਾਬੇ ਨਾਨਕ ਦੀ।*

ਕਹਿੰਦੇ ਨੇ ਗੁਰੂ ਕਿਆਂ ਨੂੰ ਵੀ ਮੱਥਾ ਟੇਕ ਚੱਲੀਏ ਭਾਈ ਕਿਤੇ ਨਰਾਜ਼ ਨਾ ਹੋ ਜਾਣ। ਐਹੋ ਜਿਹਾ ਹਾਲ ਸੀ ਮਹਾਰਾਜ ਕਹਿੰਦੇ ਹੁਣ ਨਹੀਂ ਇਹ ਗੱਲ ਕਰਨੀ। ਹੁਣ ਕੇਵਲ ਅਕਾਲ ਪੁਰਖ ਦੇ ਲੜ ਤੁਹਾਨੂੰ ਲਾਇਆ ਹੈ। ਉਹਦੇ ਨਾਲ ਹੀ ਪਿਆਰ ਕਰਨਾ ਹੈ, ਉਹਦਾ ਹੀ ਨਾਮ ਜਪਣਾ ਹੈ ਤੇ ਨਾਲ ਮੂਲਮੰਤਰ ਦੇ ਦਿੱਤਾ ਕਿ ਮੂਲਮੰਤਰ ਦੀ ਬਖਸ਼ਿਸ਼, ਗੁਰੂ ਨਾਨਕ ਪਾਤਸ਼ਾਹ ਜਦੋਂ ਦਰਗਾਹ ਵਿੱਚ ਗਏ, ਉਸ ਵੇਲੇ ਅਕਾਲ ਪੁਰਖ ਨੇ ਕੀਤੀ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਹੇ ਨਾਨਕ! ਇਹਦੇ ਉਤੇ ਹੁਣ ਤੂੰ ਆਪਣੀ ਮੋਹਰ ਲਾ, ਕਿਉਂਕਿ ਮੈਂ ਤੈਨੂੰ ਗੁਰੂ ਪਦਵੀ ਦਿੱਤੀ। ਗੁਰੂ ਬਣ ਕੇ ਤੈਨੂੰ ਉਪਦੇਸ਼ ਦਿੰਦਾ ਹਾਂ ਤੇ ਹੁਣ ਤੂੰ ਗੁਰੂ ਪਦਵੀ ਦੇ ਵਿੱਚ ਆ ਕੇ ਮੋਹਰ ਲਾ। ਗੁਰੂ ਨਾਨਕ ਨੇ ਕਿਹਾ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਹੇ ਨਾਨਕ! ਇਹ ਮੈਂ ਤੈਨੂੰ ਮੂਲਮੰਤਰ ਦਿੱਤਾ ਹੈ, ਇਸਨੂੰ ਪ੍ਰਗਟ ਕਰਨਾ ਵਾਲਾ ਜੋ ਮੰਤਰ ਹੈ ਉਹ ਵਾਹਿਗੁਰੂ ਮੰਤਰ ਹੈ। ਇਹ ਤੇਰਾ ਮੰਤਰ ਹੈ ਗੁਰੂ ਦੇ ਮੰਤਰ ਦੇ ਰੂਪ ਵਿੱਚ ਤੂੰ ਆਪਣੇ ਗੁਰਸਿੱਖਾਂ ਨੂੰ ਦੇਣਾ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਗੋਪ ਮੰਤ੍ਰ ਹੈ, ਬਹੁਤ ਪ੍ਰੇਮੀਆਂ ਦਾ ਖਿਆਲ ਹੈ ਕਿ ਗੁਰੂ ਗ੍ਰੰਥ 'ਚ ਰਾਮ ਆਉਂਦਾ ਹੈ, ਹਰੀ ਆਉਂਦਾ ਹੈ, ਨਾਰਾਇਣ ਆਉਂਦਾ ਹੈ, ਗੋਬਿੰਦ ਆਉਂਦਾ ਹੈ, ਵਾਹਿਗੁਰੂ ਤਾਂ ਬੜਾ ਥੋੜ੍ਹਾ ਆਉਂਦਾ ਹੈ, ਗੁਰੂਆਂ ਨੇ ਤਾਂ ਵਾਹਿਗੁਰੂ ਲਿਖਿਆ ਨਹੀਂ ਹੈ, ਭੱਟਾਂ ਨੇ ਜ਼ਰੂਰ ਲਿਖਿਆ ਹੈ, ਵਾਹਿਗੁਰੂ-ਵਾਹਿਗੁਰੂ, ਵਾਹ ਜੀਉ। ਕਾਰਨ ਕੀ ਹੈ? ਕਿਉਂਕਿ ਗੁਰੂ ਮੰਤਰ ਜੋ ਹੁੰਦਾ ਹੈ, ਗੋਪ ਮੰਤਰ ਹੋਇਆ ਕਰਦਾ ਹੈ, ਗੁਪਤ ਮੰਤਰ; ਇਸ ਗੁਪਤ ਮੰਤਰ ਨੂੰ ਗੁਰੂ ਸਾਹਿਬ ਨੇ ਪ੍ਰਕਾਸ਼ ਕੀਤਾ ਹੈ, ਹਿਰਦਿਆਂ 'ਚ ਪ੍ਰਕਾਸ਼ ਕੀਤਾ ਤੇ ਪੂਰਾ ਸ਼ਕਤੀਸ਼ਾਲ ਵਾਹਿਗੁਰੂ ਮੰਤਰ ਹੈ, ਜਿਸਨੇ ਮੂਲਮੰਤਰ ਦੇ ਭਾਵ ਵਿੱਚ ਪਾਉਣਾ ਹੈ ਕਿਉਂਕਿ ਜੋ ਮੂਲਮੰਤਰ ਹੈ ਉਹ ਵਿਆਪਕ ਨਾਮ ਹੈ, ਸਾਰਾ ਹੀ। ਇਹ ਗੱਲ ਸਮਝਣੀ ਔਖੀ ਹੈ ਕਿਉਂਕਿ ਅਸੀਂ ਅੱਖਰਾਂ ਤੋਂ ਅੱਗੇ ਉਸ ਸ਼ਕਤੀ 'ਚ ਨਹੀਂ ਜਾ ਸਕਦੇ, ਜਿਥੇ ਮਹਾਰਾਜ ਬਚਨ ਕਰ ਰਹੇ ਨੇ। ਉਹ ਸਾਖਸ਼ਾਤ ਪ੍ਰਮੇਸ਼ਰ ਨਜ਼ਰ ਆਉਂਦਾ ਹੈ ਜਦੋਂ ਮੂਲਮੰਤਰ ਦਾ ਰਹੱਸ ਖੁਲ੍ਹ ਜਾਵੇ, ਉਹਨੂੰ ਪ੍ਰਗਟ ਕਰਨ ਵਾਲਾ ਵਾਹਿਗੁਰੂ ਮੰਤਰ ਹੈ। ਸੋ ਕਹਿਣ ਲੱਗੇ ਕਿ ਹੁਣ ਤੁਸੀਂ ਇਸਦਾ ਜਾਪ ਕਰਨਾ ਹੈ, ਰਹਿਤਾਂ ਦਸ ਦਿੱਤੀਆਂ ਤੇ ਕੁਰਹਿਤਾਂ ਦਸ ਦਿਤੀਆਂ ਕਿ ਇਸ ਤਰ੍ਹਾਂ ਕਰਨ ਦੇ ਨਾਲ ਸਿੱਖੀ ਦੇ ਮੰਡਲ 'ਚੋਂ ਖਾਰਜ ਹੋ ਜਾਓਂਗੇ। ਸੋ ਇਸ ਕਰਕੇ -

*ਰਹਿਣੀ ਰਹੈ ਸੋਈ ਸਿਖ ਮੇਰਾ।*

*ਓਹੁ ਠਾਕੁਰੁ ਮੈ ਉਸ ਕਾ ਚੇਰਾ।*

*ਰਹਿਤਨਾਮਾ ਭਾਈ ਦੇਸਾ ਸਿੰਘ ਜੀ*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਅਨੇਕਾਂ ਰਹਿਤਾਂ ਨੇ, ਜੇ ਇੱਕ ਕੁਰਹਿਤ ਕਰ ਲਓ ਨਿੰਦਿਆਂ ਦੀ ਹੀ ਇਕੱਲੀ, ਮਹਾਰਾਜ ਕਹਿੰਦੇ ਉਹਦਾ ਜਿਹੜਾ ਸਾਰਾ ਹੀ ਕੀਤਾ ਹੋਇਆ ਪਾਠ ਪੂਜਾ, ਭ੍ਰਿਸ਼ਟ ਹੋ ਜਾਂਦਾ ਹੈ।

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ ॥* *ਅੰਗ - ੭੫੫*

ਕਹਿੰਦੇ ਨਿੰਦਿਆਂ ਕਰਨ ਵਾਲਾ ਬਿਲਕੁਲ ਗਲਤ ਹੁੰਦਾ ਹੈ, ਈਰਖਾਲੂ ਪੁਰਸ਼ ਹੁੰਦਾ ਹੈ ਉਹ, ਤਾਂ ਨਿੰਦਿਆ ਕਰਦਾ ਹੈ। ਜਿਹੜਾ ਈਰਖਾਲੂ ਹੁੰਦਾ ਹੈ, ਕਹਿੰਦੇ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥* *ਅੰਗ - ੩੦੮*

ਉਹਦਾ ਭਲਾ ਹੀ ਨਹੀਂ ਹੁੰਦਾ, ਭੇਖ ਧਾਰਨਾ ਹੈ ਧਾਰੀ ਫਿਰ। ਵੱਡਾ ਗੁਰਸਿੱਖ ਬਣ ਜਾ, ਵੱਡਾ ਸੰਤ ਬਣ ਜਾ। ਜੇ ਤੇਰੇ ਅੰਦਰ ਈਰਖਾ ਹੈ, ਤੇਰੇ ਅੰਦਰ ਨਿੰਦਿਆ ਹੈ ਤਾਂ ਤੂੰ ਕੁਛ ਵੀ ਨਹੀਂ ਹੈ, ਇਕ ਸਾਧਾਰਣ ਗ੍ਰਹਿਸਤੀ ਦੇ ਨਾਲੋਂ ਵੀ ਛੋਟਾ ਹੈਂ, ਉਹਦੇ ਚਰਨਾਂ ਦੀ ਧੂੜ ਲਾਇਆ ਕਰ ਮੱਥੇ ਨੂੰ। ਅਜੇ ਤੂੰ ਸੰਤ ਨਹੀਂ ਬਣਿਆ ਕਿਉਂਕਿ ਨਿਕਲ ਨਹੀਂ ਸਕਿਆ ਅਜੇ। ਕੁਰਹਿਤ ਕਰ ਰਿਹਾ ਹੈ। ਕੁਰਹਿਤ ਵੀ ਉਹ ਜਿਹੜੀ ਗੁਰੂ ਗ੍ਰੰਥ ਸਾਹਿਬ ਵਰਜਿਤ ਕਰ ਰਹੇ ਨੇ। ਕੁਛ ਬਾਹਰਲੀਆਂ ਰਹਿਤਾਂ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਕਿਹਾ ਕਿ ਹੁਣ ਜਾਤ-ਪਾਤ ਕੋਈ ਨਹੀਂ। ਜਾਤਾਂ-ਪਾਤਾਂ ਦੇ ਜਿਹੜੇ ਰੌਲੇ-ਰੱਪੇ ਸੀ ਉਹਨੇ ਹਿੰਦੋਸਤਾਨ ਨੂੰ ਕਮਜ਼ੋਰ ਕਰ ਦਿੱਤਾ ਸੀ। ਮਨੁੱਖ ਸਾਰਾ ਮਨੁੱਖ ਹੀ ਹੈ। ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਉਹਦੇ Faith ਨੇ ਆਪਣੇ-ਆਪਣੇ। ਕੋਈ ਕਿਸੇ ਰਸਤੇ ਨਾਲ ਲੰਘਣਾ ਚਾਹੁੰਦਾ ਹੈ, ਕੋਈ ਕਿਸੇ ਨਾਲ ਲੰਘਣਾ ਚਾਹੁੰਦਾ ਹੈ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ! ਮਾਨਸ ਕੀ ਜਾਤ ਏਕੋ ਹੈ।*

*ਕੋਊ ਭਇਓ ਮੁੰਡੀਆਂ ਸੰਨਿਆਸੀ,*
*ਕੋਊ ਜੋਗੀ ਭਇਓ, ਕੋਈ ਬ੍ਰਹਮਚਾਰੀ,*
*ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*

*ਅਕਾਲ ਉਸਤਤਿ*

ਕਹਿਣ ਲੱਗੇ, ਖਾਲਸਾ ਜੀ! ਨਿਗ੍ਹਾ ਮਾਰੋ ਪੰਜਾਂ ਤੱਤਾਂ ਤੋਂ ਅੱਗੇ, ਪਹਿਲਾਂ ਪੰਜ ਤੱਤ ਇੱਕੋ ਜਿਹੇ ਨੇ ਸਾਰੇ, ਉਸ ਤੋਂ ਅੱਗੇ ਕੀ ਹੈ, ਕਹਿੰਦੇ ਪ੍ਰਮੇਸ਼ਰ ਦੀ ਜੋਤ ਹੈ ਇਹਦੇ ਅੰਦਰ ਵਸਦੀ ਹਰ ਸਰੀਰ ਦੇ ਅੰਦਰ। ਫਿਰ ਜਾਤ ਕਿਹੜੀ ਚੀਜ਼ ਨੂੰ ਲੱਗੀ। ਪਾਣੀ ਜਾਤ ਵਾਲਾ ਹੈ ਕਿ ਹਵਾ ਨੂੰ ਜਾਤ ਲਗ ਗਈ, ਅੱਗ ਨੂੰ ਜਾਤ ਲਗ ਗਈ, ਮਿੱਟੀ ਦੀ ਜਾਤ ਹੈ ਜਾਂ ਫੇਰ ਅਕਾਸ਼ ਦੀ ਜਾਤ ਹੈ, ਜਦੋਂ ਇਨ੍ਹਾਂ ਪੰਜਾਂ ਚੀਜ਼ਾਂ ਦੀ ਜਾਤ ਨਹੀਂ ਫੇਰ ਮਨ ਦੀ ਵੀ ਕੋਈ ਜਾਤ, ਬੁੱਧੀ ਦੀ ਕੋਈ ਜਾਤ, ਅੰਤਸ਼ਕਰਣ, ਕੋਈ ਚਿੱਤ ਦੀ ਜਾਤ? ਕਿੱਡਾ ਭੁਲੇਖਾ ਪੈ ਗਿਆ ਹਉਮੈ ਨੂੰ ਭੁਲੇਖਾ ਪੈ ਗਿਆ। ਇਹ ਤਾਂ ਅੰਦਰ ਪ੍ਰਮੇਸ਼ਰ ਦੀ ਜੋਤ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*

*ਅੰਗ - ੩੦੯*

ਇਹਦੇ ਵਿੱਚ ਤਾਂ ਸੱਚੇ ਦੀ ਜੋਤ ਵਸਦੀ ਹੈ, ਇਹ ਭੁਲੇਖਾ ਨਾ ਖਾਇਓ। ਸੋ ਇਸ ਤਰ੍ਹਾਂ ਦੇ ਉਪਦੇਸ਼ ਦੇ ਕੇ ਆਪ ਕਹਿਣ ਲੱਗੇ ਕਿ ਦੇਖੋ, ਤੁਸੀਂ ਵਾਹਿਗੁਰੂ ਦੇ ਬਣ ਗਏ। ਖਾਲਸਾ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਆਪਣੇ ਕੋਲ ਰੱਖਿਆ, ਮਲਕੀਅਤ ਨਹੀਂ ਰੱਖੀ, ਮਹਾਰਾਜ ਕਹਿੰਦੇ, ਮੈਂ ਤਾਂ ਆਪ ਖਾਲਸੇ 'ਚ ਸ਼ਾਮਲ ਹੋ ਗਿਆ। ਇਸ ਕਰਕੇ ਮੈਂ ਤੇ ਤੁਸੀਂ ਇੱਕੋ ਹੀ ਹੋ ਗਏ। ਹੁਣ ਜਿਹੜਾ ਖਾਲਸਾ ਹੈ ਉਹ ਵਾਹਿਗੁਰੂ ਜੀ ਦਾ ਬਣ ਗਿਆ ਤੇ ਵਾਹਿਗੁਰੂ ਜੀ ਦਾ ਜਿਹੜਾ ਖਾਲਸਾ ਹੁੰਦਾ ਹੈ, ਵਾਹਿਗੁਰੂ ਦੀ ਕਦੇ ਹਾਰ ਨਹੀਂ ਹੁੰਦੀ। ਉਹ ਤਾਂ ਸਦਾ ਹੀ ਜਿੱਤਦਾ ਹੈ ਹਾਰਿਆ ਨਹੀਂ ਕਦੇ। ਇਸ ਕਰਕੇ ਯਾਦ ਰੱਖਿਓ -

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਜਿੰਨਾਂ ਚਿਰ ਵਾਹਿਗੁਰੂ ਦੇ ਬਣੇ ਰਹੋਂਗੇ, ਵਾਹਿਗੁਰੂ ਜੀ ਦੀ ਫਤਹਿ ਹੁੰਦੀ ਰਹਿਣੀ ਹੈ, ਜਦੋਂ ਪਿੱਠ ਮੋੜ ਲਓਂਗੇ ਫੇਰ ਤੁਹਾਡੀ ਫਤਹਿ ਨਹੀਂ ਹੋਣੀ, ਹਾਰ ਹੋ ਜਾਇਆ ਕਰਦੀ ਹੈ। ਪ੍ਰਮੇਸ਼ਰ ਤੋਂ ਵਿਛੜ ਕੇ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ ॥* *ਅੰਗ - ੫੨੨*

ਸਦਾ ਉਹਨੂੰ ਯਾਦ ਰੱਖਣਾ ਹੈ ਤੇ ਜਦੋਂ ਤਕ ਤੁਸੀਂ ਇਸ ਤਰ੍ਹਾਂ ਰਹੋਂਗੇ, ਮੈਂ ਵੀ ਜੁੜਿਆ ਰਹਾਂਗਾ, ਪ੍ਰਮੇਸ਼ਰ ਦੇ ਨਾਲ ਜੁੜੇ ਰਹਾਂਗੇ, ਓਸ ਵੇਲੇ ਪ੍ਰਮੇਸ਼ਰ ਦਾ ਤੇਜ਼ ਜਿਹੜਾ ਹੈ ਉਹ ਰੋਮ-ਰੋਮ ਦੇ ਵਿੱਚ ਰਮਿਆ ਹੋਇਆ ਹੋਵੇਗਾ। ਅੱਖਾਂ ਵਿੱਚ ਪ੍ਰਮੇਸ਼ਰ ਦੇਖੇਗਾ, ਕੰਨਾਂ ਵਿੱਚ ਪ੍ਰਮੇਸ਼ਰ ਸੁਣੇਗਾ, ਬੁੱਧੀ ਨੂੰ ਪ੍ਰਮੇਸ਼ਰ 'ਚ ਲਾਏਗਾ, ਜਦੋਂ ਤੁਸੀਂ ਪ੍ਰਮੇਸ਼ਰ ਦੇ ਬਣ ਗਏ, ਪ੍ਰਮੇਸ਼ਰ ਸਾਰਿਆਂ ਦਾ ਦਾਤਾ ਹੈ ਤੇ ਫੇਰ ਇਹ ਤੁਹਾਡੇ ਵਿੱਚ ਵੀ ਜਲਾਲ ਰਹੇਗਾ। ਜੋ ਪ੍ਰਮੇਸ਼ਰ ਦਾ ਹੋ ਗਿਆ, ਉਹਦਾ ਜਲਾਲ ਸਾਰਿਆਂ ਨਾਲੋਂ ਉੱਚਾ ਹੁੰਦਾ ਹੈ, ਕੋਈ ਉਸ ਦੇ ਸਾਮ੍ਹਣੇ ਆ ਨਹੀਂ ਸਕਦਾ, ਵੱਡਿਆਂ-ਵੱਡਿਆਂ ਦੀ ਹਾਰ ਹੋ ਜਾਂਦੀ ਹੈ ਕਿਉਂਕਿ ਉਹਦੇ ਅੰਦਰ ਪ੍ਰਮੇਸ਼ਰ ਦਾ ਜਲਾਲ ਹੈ -

*ਧਾਰਨਾ - ਦਿੱਤਾ ਖਾਲਸਾ ਤੈਨੂੰ ਤੇਜ਼ ਆਪਣਾ ਮੈਂ।*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਕਹਿਣ ਲੱਗੇ, ਖਾਲਸਾ ਜੀ! ਇਹ ਜੋ ਆਦਰਸ਼ ਪ੍ਰਗਟ ਹੋਇਆ ਹੈ। ਜੇ ਤੁਹਾਨੂੰ ਪਦਵੀ ਦਿੱਤੀ ਹੈ, ਤੁਸੀਂ ਅਕਾਲ ਪੁਰਖ ਦੀ ਫੌਜ ਬਣ ਗਏ, ਅਕਾਲ ਪੁਰਖ ਦੀ ਫੌਜ ਵਾਸਤੇ ਸਾਰਾ ਸੰਸਾਰ ਉਨ੍ਹਾਂ ਦਾ ਹੁੰਦਾ ਹੈ, ਭਾਵੇਂ ਦਰਖਤ ਹੋਣ, ਭਾਵੇਂ ਜੀਵ ਜੰਤੂ ਹੋਣ, ਭਾਵੇਂ ਬੰਦੇ ਹੋਣ, ਸਾਰਿਆਂ ਦੇ ਵਿੱਚ ਅਮਨ ਕਾਇਮ ਰੱਖਣਾ, ਸਾਰਿਆਂ ਦੇ ਦੁਖ ਦੂਰ ਕਰਨੇ ਇਹ ਡਿਊਟੀ ਤੁਹਾਡੀ ਹੋ ਗਈ ਕਿਉਂਕਿ ਤੁਸੀਂ ਪ੍ਰਮੇਸ਼ਰ ਦੀ ਮੌਜ ਨਾਲ ਪ੍ਰਗਟੇ ਓਂ।

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਜਦੋਂ ਤਕ ਤੁਸੀਂ ਇਸ ਆਦਰਸ਼ 'ਤੇ ਖੜ੍ਹੇ ਰਹੋਂਗੇ, ਪ੍ਰਮੇਸ਼ਰ ਤੋਂ ਇਲਾਵਾ ਕਿਸੇ ਹੋਰ ਪਾਸੇ ਨਹੀਂ ਭਟਕੋਂਗੇ, ਕਿਸੇ ਰਸਮ-ਰਿਵਾਜ, ਭਰਮ ਭੇਖ ਤੋਂ ਨਿਆਰੇ ਰਹੋਂਗੇ, ਓਨੀਂ ਦੇਰ ਤਕ ਤੁਹਾਡਾ ਸਬੰਧ ਅਕਾਲ ਪੁਰਖ ਨਾਲ ਜੁੜਿਆ ਰਹਿਣਾ ਹੈ। ਅਕਾਲ ਪੁਰਖ ਦਾ ਤੇਜ, ਤੁਹਾਡੇ ਅੰਦਰ ਹੋਣਾ ਹੈ ਅਤੇ ਤੁਸੀਂ ਵਾਹਿਗੁਰੂ ਜੀ ਖਾਲਸਾ ਹੋਵੋਂਗੇ ਔਰ ਫਿਰ ਖਾਲਸੇ ਦੀ ਫਤਹਿ ਤਾਂ ਹੋਣੀ ਹੀ ਹੈ। ਵਾਹਿਗੁਰੂ ਜੀ ਦਾ ਤੇਜ ਤੁਹਾਡੇ ਵਿੱਚ ਰਹਿਣਾ ਹੈ। ਜਦੋਂ ਤੁਸੀਂ ਪਿੱਠ ਮੋੜ ਲਓਂਗੇ, ਸ਼ਰਾਬਾਂ ਕਬਾਬਾਂ, ਝਗੜੇ-ਝਾਟੇ, ਖੁਦਗਰਜ਼ੀਆਂ ਦੇ ਵਿੱਚ ਆ ਜਾਓਂਗੇ, ਫੇਰ ਮੈਂ ਨਹੀਂ ਪ੍ਰਤੀਤ ਕਰਨੀ, ਤੁਹਾਡਾ ਤੇਜ ਵਾਪਸ ਹੋ ਜਾਏਗਾ। ਨਹੀਂ ਤਾਂ ਮੈਂ ਸੰਭਾਲ ਕਰਾਂਗਾ -

*ਪੰਥ ਖਾਲਸਾ ਖੇਤੀ ਮੇਰੀ।*
*ਕਰੌਂ ਸੰਭਾਲਨਿ ਮੈਂ ਤਿਸ ਬੇਰੀ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ ੫੬੪੨*

ਕਹਿਣ ਲੱਗੇ, ਮਹਾਰਾਜ! ਪਦਵੀ ਕਿੱਡੀ ਕੁ ਹੈ ਖਾਲਸੇ ਦੀ? ਮਹਾਰਾਜ ਕਹਿੰਦੇ ਪਦਵੀ, ਪਦਵੀ ਤਾਂ ਇਹਦੀ ਅਤਿ ਉੱਚੀ ਹੈ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥* *ਸਰਬ ਲੋਹ ਗ੍ਰੰਥ 'ਚੋਂ*

ਜਿਸਨੇ ਆਪਣੀ ਸੁਰਤ ਨੂੰ ਖਿੱਚ ਲਿਆ ਪੰਜਾਂ ਤੱਤਾਂ ਤੋਂ ਕਿ ਨਾ ਮੈਂ ਮਿੱਟੀ ਹਾਂ, ਨਾ ਮੈਂ ਪਾਣੀ ਹਾਂ, ਨਾ ਮੈਂ ਅੱਗ ਹਾਂ, ਨਾ ਮੈਂ ਹਵਾ ਹਾਂ, ਨਾ ਮੈਂ ਅਕਾਸ਼ ਹਾਂ ਤੇ ਨਾ ਮੈਂ ਪੰਜ ਪ੍ਰਾਣਾਂ ਦੇ ਵਿਚੋਂ ਉਪਾਨ, ਬਿਆਨ, ਉਦਾਨ, ਸਮਾਨ, ਪ੍ਰਾਣ; ਪੰਜਾਂ ਦੇ ਵਿਚੋਂ ਮੈਂ ਇਹ ਵੀ ਕੋਈ ਤੇ ਮੈਂ ਤਿੰਨੋ ਗੁਣਾਂ ਦੇ ਵਿਚੋਂ ਕੋਈ ਨਹੀਂ, ਨਾ ਮੈਂ ਰਜੋ ਗੁਣ ਹਾਂ, ਨਾ ਤਮੋ ਗੁਣ ਹਾਂ, ਨਾ ਮੈਂ ਸਤੋ ਗੁਣ ਹਾਂ; ਤਿੰਨਾਂ ਸਰੀਰਾਂ ਦੇ ਵਿਚੋਂ ਮੈਂ ਕੋਈ ਨਹੀਂ, ਨਾ ਮੈਂ ਸਥੂਲ ਸਰੀਰ ਹਾਂ, ਨਾ ਮੈਂ ਸੂਖਸ਼ਮ ਸਰੀਰ ਹਾਂ, ਨਾ ਮੈਂ ਕਾਰਨ ਸਰੀਰ ਹਾਂ ਤੇ ਮੈਂ ਫੁਰਨੇ ਕਰਨ ਵਾਲਾ ਮਨ ਵੀ ਨਹੀਂ ਹਾਂ। ਨਾ ਮੈਂ ਬੁੱਧੀ ਹਾਂ ਮਨ ਨੂੰ ਟੋਕਣ ਵਾਲੀ, ਨਾ ਮੈਂ ਚਿੱਤ ਹਾਂ ਤੇ ਜਿਹੜਾ ਝੂਠਾ ਪਰਛਾਵਾਂ ਹੈ ਜਿਹਦੇ ਨਾਲ ਮੈਂ ਨੂੰ ਮੈਂ ਪਰਤੀਤ ਦਿੰਦਾ ਹੈ ਉਹ ਵੀ ਮੈਨੂੰ ਪਤਾ ਲਗ ਗਿਆ ਕਿ ਇਹ ਪਰਛਾਵਾਂ ਅਣਹੋਈ ਚੀਜ਼ ਹੈ, ਹੈ ਨਹੀਂ ਇਹ ਜਿਹਨੂੰ ਹਉਮੈ ਕਹਿੰਦੇ ਨੇ। ਸੋ ਮੈਂ ਤਾਂ ਇਸ ਸਾਰੇ ਦਾ ਸਾਖੀ ਹਾਂ, ਦੇਖਣ ਵਾਲਾ ਹਾਂ, ਮੈਨੂੰ ਅੱਗ ਜਾਲ ਨਹੀਂ ਸਕਦੀ, ਤਲਵਾਰ ਕੱਟ ਨਹੀਂ ਸਕਦੀ, ਮਾਰਿਆ ਹੋਇਆ ਮਰ ਨਹੀਂ ਸਕਦਾ। ਕਾਲ ਦੀ ਮੇਰੇ ਤਕ ਪਹੁੰਚ ਨਹੀਂ, ਮੈਂ ਨਿਰਲੇਪ ਹਾਂ, ਮੈਂ ਅਸੰਗ ਹਾਂ, ਮੈਂ ਪਰੀਪੂਰਨ ਹਾਂ। ਕਹਿੰਦੇ, ਇਹਦਾ ਰਸ ਹੈ ਆਪਣੇ ਰੂਪ ਨੂੰ ਪਛਾਣ ਲਿਆ। ਜਿਹਨੂੰ ਆਤਮਾ ਕਹਿੰਦੇ ਨੇ, ਆਤਮਾ ਨੂੰ ਪਛਾਣ ਕੇ ਆਤਮਾ ਦੇ ਰਸ ਵਿਚ ਲੀਨ ਹੋ ਗਿਆ। ਆਤਮਾ ਨੂੰ ਵਿਆਪਕ ਨਾਮ ਕਹਿੰਦੇ ਨੇ। ਵਿਆਪਕ ਨਾਮ ਦਾ ਰਸ ਆ ਗਿਆ, ਉਹ ਹੈ ਖਾਲਸਾ। ਉਹਦੀ ਪਦਵੀ ਕਿੰਨੀ ਹੈ, ਉਹ ਪ੍ਰਮੇਸ਼ਰ ਵਿੱਚ ਰਹਿੰਦੇ ਨੇ, ਵਿਆਪਕ ਨਾਮ ਦੇ ਵਿੱਚ ਉਨ੍ਹਾਂ ਦੀ ਰੁਸਵਾਈ ਹੋ

ਗਈ। ਉਹ ਹਿਰਦੇ 'ਚ ਵਸ ਗਿਆ ਜਿਹਦੇ ਬਾਰੇ ਮਹਾਰਾਜ ਕਹਿੰਦੇ, ਓ ਪ੍ਰੇਮੀਆਂ! ਸੰਸਾਰ 'ਤੇ ਆ ਕੇ ਤੂੰ ਨਾਮ ਹਿਰਦੇ 'ਚ ਨਹੀਂ ਵਸਾਇਆ, ਤੈਨੂੰ curse ਲੱਗੇ –

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ ॥* ਅੰਗ – ੬੯੭

ਬਾਂਝ ਕਰ ਦਿਓ ਉਹਦੀ ਮਾਂ ਨੂੰ ਜਿਹਦੇ ਹਿਰਦੇ 'ਚ ਨਾਮ ਨਹੀਂ ਵਸਿਆ। ਜਿਹਦੇ ਹਿਰਦੇ 'ਚ ਆਤਮ ਰਸ ਦਾ ਪ੍ਰਕਾਸ਼ ਨਹੀਂ ਹੋਇਆ।

*ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ*
*ਓਇ ਖਪਿ ਖਪਿ ਮੁਏ ਕਰਾਂਝਾ ॥* ਅੰਗ–੬੯੭

ਉਹ ਤਾਂ ਸੁੰਨੀਆਂ ਡਰਾਉਣੀਆਂ ਦੇਹਾਂ ਤੁਰੀਆਂ ਫਿਰਦੀਆਂ ਨੇ। ਜਿਉਂਦੇ ਨਹੀਂ ਹਨ, ਉਹ ਮਰੇ ਹੋਏ ਨੇ–

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* ਅੰਗ – ੧੪੨

ਕਹਿੰਦੇ ਪਿਆਰਿਓ! ਆਹ ਜਿਹੜੀ ਪਦਵੀ ਹੈ ਨਾ, ਇਸ ਪਦਵੀ ਦੇ ਵਿੱਚ ਜਿਹੜਾ ਰਹਿੰਦਾ ਹੈ, ਟਿਕਦਾ ਹੈ, ਓਸ ਨੂੰ ਅਸੀਂ ਖਾਲਸਾ ਕਿਹਾ ਹੈ, ਰੂਪ ਨੂੰ ਅਸੀਂ ਨਹੀਂ ਖਾਲਸਾ ਕਿਹਾ। ਭੁਲੇਖਾ ਪੈ ਗਿਆ ਸਾਨੂੰ ਫੇਰ ਮੁੜ ਕੇ। ਆਪੇ ਹੀ ਨਾਉਂ ਦੇ ਨਾਲ ਲਾ ਲੈਂਦੇ ਹਾਂ, ਫਲਾਣਾ ਸਿੰਘ 'ਖਾਲਸਾ'। ਐਉਂ ਤਾਂ ਖਾਲਸਾ ਨਹੀਂ ਬਣਨਾ, ਖਾਲਸਾ ਤਾਂ ਇੱਕ ਆਦਰਸ਼ ਹੈ। ਉਹ ਆਦਰਸ਼ ਕਿੰਨਾ ਉੱਚਾ ਹੈ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ ੧ ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥* ਅੰਗ – ੬੩੩

ਕਹਿੰਦੇ, ਜਿਹਦੇ ਘਟ ਦੇ ਵਿੱਚ ਬ੍ਰਹਮ ਦਾ ਨਿਵਾਸ ਹੋ ਗਿਆ, ਆਤਮਾ ਦਾ ਰਸ ਜਿਹਨੇ ਮਾਣ ਲਿਆ, ਉਹਨੂੰ ਅਸੀਂ ਖਾਲਸਾ ਕਿਹਾ ਹੈ। ਸਾਵਧਾਨ ਹੋਵੋ। ਅਸੀਂ ਖਾਲਸਾ ਕਹਾਉਂਦੇ ਹਾਂ ਆਪਣੇ ਆਪ ਨੂੰ। ਖਾਲਸਾ ਤਾਂ –

*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਪੰਜੇ ਭਰਮਾਂ ਦਾ ਜਿਹਦੇ ਅੰਦਰੋਂ ਨਾਸ਼ ਹੋ ਗਿਆ, ਜਿਹੜਾ ਆਪਣੇ ਆਤਮ ਸਰੂਪ 'ਚ ਪਹੁੰਚ ਗਿਆ, ਵਿਆਪਕ ਨਾਮ ਦੇ ਵਿੱਚ ਜਿਹਦਾ ਪ੍ਰਵੇਸ਼ ਹੋ ਗਿਆ, ਉਹ ਖਾਲਸਾ ਹੈ। ਉਹ ਇੱਕ ਆਦਰਸ਼ ਹੈ ਉਹਦੇ ਵਾਸਤੇ, ਸਾਰਾ ਸੰਸਾਰ ਹੀ ਇੱਕ ਹੈ –

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
ਅੰਗ – ੧੪੨੭

ਨਾ ਡਰ ਕਿਸੇ ਨੂੰ ਦੇਵੇ ਤੇ ਨਾ ਡਰ ਕਿਸੇ ਦਾ ਮੰਨੇ। ਇਹ ਇਕ ਆਦਰਸ਼ ਹੈ, ਸਭ ਦਾ ਸਾਂਝਾ, ਸਭ ਨਾਲ ਪਿਆਰ ਕਰਨ ਵਾਲਾ, ਸਭ ਦਾ ਆਪਣਾ ਆਪ, ਸਭ ਦੇ ਵਿੱਚ ਪ੍ਰਮੇਸ਼ਰ ਨੂੰ ਦੇਖਣ ਵਾਲਾ, ਜਿਹਦੀ ਅੱਖ ਖੁਲ੍ਹੀ ਹੋਈ ਹੈ –

*ਗੁਰਹਿ ਦਿਖਾਇਓ ਲੋਇਨਾ ॥੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* ਅੰਗ – ੪੦੭

ਜਿਹਦੇ ਨੇਤਰ ਖੁਲ੍ਹ ਗਏ ਕਹਿੰਦੇ ਉਹ ਖਾਲਸਾ ਹੈ ਪਿਆਰਿਓ! ਉਹਦਾ ਦਰਜਾ ਕਿੰਨਾ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਸਾਂਈ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ।*
*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* ਅੰਗ – ੩੯੭

ਕਿਹੋ ਜਿਹੇ ਨੇ ਭਾਈ, ਜਿਹੜੇ ਆਤਮ ਸਰੂਪ 'ਚ ਸਥਿਤ ਰਹਿੰਦੇ ਨੇ। ਜਿਹੜੇ ਵਿਆਪਕ ਨਾਮ ਨੂੰ ਹਿਰਦੇ 'ਚ ਵਸਾਉਂਦੇ ਨੇ ਉਨ੍ਹਾਂ ਦਾ ਦਰਜਾ ਕਿਹੋ ਜਿਹਾ ਹੈ? ਮਹਾਰਾਜ ਕਹਿੰਦੇ, ਉਨ੍ਹਾਂ ਤੇ ਰੱਬ ਵਿੱਚ ਫਰਕ ਨਹੀਂ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
ਅੰਗ – ੨੭੩

ਕਿੱਡਾ ਉੱਚਾ ਦਰਜਾ ਦਿੱਤਾ, ਦੂਜਾ ਉਹ ਨਹੀਂ ਉਹ ਦੇਖਦੇ –

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
ਅੰਗ – ੨੭੨

ਸੋ ਜਿਸਦੀ ਰੁਸਵਾਈ ਅੰਮ੍ਰਿਤ ਤਕ ਹੋ ਗਈ। ਮਹਾਰਾਜ ਨੇ ਪਾਹੁਲ ਪਿਲਾ ਕੇ ਅੰਮ੍ਰਿਤ ਤਕ ਸਾਨੂੰ ਪਹੁੰਚਾਇਆ ਹੈ ਜਿਸਨੂੰ-

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* ਅੰਗ - ੯੧੮

ਇਹ ਗੱਲ ਵਿਚਾਰਨ ਵਾਲੀ ਹੈ। ਉਹ ਇਹ ਹੈ ਕਿ ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* ਅੰਗ - ੨੯੩

ਕਿੱਥੇ ਹੈ? ਉਹਦੀ ਨਿਸ਼ਾਨੀ ਕੀ ਹੈ, ਜਿਥੇ ਪਿਆ ਹੈ? ਕਹਿੰਦੇ ਉਥੇ ਕੋਈ ਫੁਰਨਾ ਨਹੀਂ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* ਅੰਗ - ੨੯੩

ਉਹ ਘਰ ਜਿਹੜਾ ਅੰਮ੍ਰਿਤ ਦਾ ਹੈ, ਜਿੱਥੇ ਅੰਮ੍ਰਿਤ ਪਿਆ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥* ਅੰਗ - ੧੨੯੧

ਅੰਮ੍ਰਿਤ ਦੇ ਚਸ਼ਮੇ ਤਕ ਜਿਹੜਾ ਲੈ ਜਾਵੇ, ਉਹ ਸਤਿਗੁਰੂ ਹੋਇਆ ਕਰਦਾ ਹੈ। ਕਹਿੰਦੇ ਅੰਮ੍ਰਿਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* ਅੰਗ - ੫੩੮

ਜਦੋਂ ਅੰਮ੍ਰਿਤ ਮਿਲ ਗਿਆ ਫੇਰ ਕੀ ਹੁੰਦਾ ਹੈ। ਕਹਿੰਦੇ -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* ਅੰਗ - ੫੩੮

ਹਉਮੈ ਤੇ ਮਾਇਆ ਬਿਹੁ ਹੈ, ਜ਼ਹਿਰ ਹੈ, ਜਦੋਂ ਅੰਮ੍ਰਿਤ ਮਿਲ ਗਿਆ, ਉਸ ਵੇਲੇ ਬਿਹੁ ਲਹਿ ਜਾਂਦੀ ਹੈ। ਬਿਹੁ ਖਾ ਕੇ ਬੰਦਾ ਮਰ ਜਾਂਦਾ ਹੈ। ਬਿਹੁ ਨੂੰ ਲਾਹੁਣ ਵਾਲੀ ਦਵਾਈ ਜੇ ਮਿਲ ਜਾਵੇ ਉਹਦੇ ਬਾਰੇ ਮਹਾਰਾਜ ਕਹਿੰਦੇ ਉਹਨੂੰ ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ -

*ਧਾਰਨਾ - ਅਮਰ ਹੋ ਜਾਂਦੇ ਨੇ,*
*ਅੰਮ੍ਰਿਤ ਨੂੰ ਪੀਂਦੇ ਜਿਹੜੇ।*

ਅੰਮ੍ਰਿਤ ਦਾ ਰਸ ਮਹਾਰਾਜ ਕਹਿੰਦੇ ਕੋਈ ਵਿਰਲਾ ਪੀਂਦਾ ਹੈ।

*ਇਹੁ ਹਰਿ ਰਸੁ ਪਾਵੈ ਜਨੁ ਕੋਇ ॥*
*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥* ਅੰਗ - ੨੮੭

ਉਹ ਮੌਤ ਦੇ ਮੰਡਲ ਨੂੰ ਪਾਰ ਕਰ ਜਾਂਦਾ ਹੈ, ਫੇਰ ਨਹੀਂ ਉਹ ਮੁੜ ਕੇ ਮਰਦਾ। ਮਰਦੀ ਹਉਮੈ ਹੁੰਦੀ ਹੈ, ਹਉਮੈ ਦੀ ਵਿਹੁ ਲਹਿ ਜਾਂਦੀ ਹੈ। ਵਿਹੁ ਲਹਿਣ ਦੇ ਨਾਲ ਆਪਣੇ ਸਰੂਪ 'ਚ ਆ ਜਾਂਦਾ ਹੈ। ਕਹਿੰਦੇ ਸਦਾ ਦਾ ਜੀਵਨ ਹੁੰਦਾ ਹੈ -

*ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥*
*ਜਾ ਕੈ ਮਨਿ ਪ੍ਰਗਟੇ ਗੁਨਤਾਸ ॥*
*ਆਠ ਪਹਰ ਹਰਿ ਕਾ ਨਾਮੁ ਲੇਇ ॥*
*ਸਚੁ ਉਪਦੇਸੁ ਸੇਵਕ ਕਉ ਦੇਇ ॥*
*ਮੋਹ ਮਾਇਆ ਕੈ ਸੰਗਿ ਨ ਲੇਪੁ ॥*
*ਮਨ ਮਹਿ ਰਾਖੈ ਹਰਿ ਹਰਿ ਏਕੁ ॥* ਅੰਗ - ੨੮੭

ਕਦੇ ਨਹੀਂ ਵਿਨਾਸ ਹੁੰਦਾ। ਰਹਿਤ ਦਸਦੇ ਨੇ ਮੋਹ ਨਾਲ ਬਿਲਕੁਲ ਉਸਦਾ ਲੇਪ ਨਹੀਂ ਹੈ।

ਹਰ ਵਕਤ ਪ੍ਰਮੇਸ਼ਰ ਉਹਦੇ ਮਨ 'ਚ ਰਹਿੰਦਾ ਹੈ।

*ਅੰਧਕਾਰ ਦੀਪਕ ਪਰਗਾਸੇ ॥*
*ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥* ਅੰਗ - ੨੮੭

ਉਥੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਪੀਵੇ ਕਿਵੇਂ ਕਹਿੰਦੇ? ਪੀਣ ਦਾ ਵੀ ਤਰੀਕਾ ਲਿਖਿਆ ਹੋਇਆ ਹੈ ਬਾਣੀ ਦੇ ਅੰਦਰ। ਕਹਿੰਦੇ ਜਿਵੇਂ ਖੂਹ ਦੇ ਵਿਚੋਂ ਕੱਢੀ ਜਾਂਦੀ ਹੈ ਨਾ ਬਾਲਟੀ। ਪਾਣੀ ਭਰਨ ਵਾਲੀਆ ਕੁੜੀਆਂ ਕੱਢਦੀਆਂ ਨੇ ਜਾਂ ਬੰਦੇ ਕੱਢਦੇ ਨੇ। ਕਹਿੰਦੇ ਇਹਦੇ ਅੰਦਰਲੇ ਪਾਸੇ ਇਸ ਤਰ੍ਹਾਂ ਖੂਹ ਹੈ ਅੰਮ੍ਰਿਤ ਦਾ ਸਰੀਰ 'ਚ। ਪਰ ਉਹਦੇ 'ਚ ਲੱਜ ਪੈਂਦੀ ਹੈ ਭਰੋਸੇ ਦੀ, ਪਿਆਰ ਦੀ, ਸ਼ਰਧਾ ਦੀ ਤੇ ਬਾਲਟੀ ਬਣਦੀ ਹੈ, ਵਾਹਿਗੁਰੂ ਮੰਤ੍ਰ ਦੀ। ਇਹ ਵਾਹਿਗੁਰੂ ਮੰਤਰ ਦੀਆਂ ਬਾਲਟੀਆਂ ਕੱਢ-ਕੱਢ ਕੇ ਪੀਈ ਜਾਵੇ ਕਹਿੰਦੇ ਫੇਰ ਇਹ ਅੰਮ੍ਰਿਤ ਪੀ ਹੋ ਜਾਂਦਾ ਹੈ -

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥* ਅੰਗ - ੫੭੦

ਰਸਨਾ ਦੇ ਨਾਲ ਜਦੋਂ ਅਸੀਂ ਵਾਹਿਗੁਰੁ-ਵਾਹਿਗੁਰੂ ਕਰਾਂਗੇ, ਅੰਦਰ ਭਿੱਜ ਜਾਏਗਾ ਰਸ ਦੇ ਨਾਲ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਵਿਚਾਰ ਪ੍ਰਗਟ ਹੋ ਜਾਏਗੀ।

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥* ਅੰਗ - ੫੭੦

ਸ਼ਬਦ ਨਾਲ ਕੱਢ ਕੇ ਪੀਤਾ ਜਾਂਦਾ ਹੈ। ਹਉਮੈ ਤ੍ਰਿਸ਼ਨਾ, ਦੋਵੇਂ ਚੀਜ਼ਾਂ ਮਰ ਜਾਂਦੀਆਂ ਨੇ।

*ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥*
*ਨਾਨਕ ਗੁਰਮੁਖਿ ਨਦਰੀ ਆਇਆ*

*ਹਰਿ ਆਤਮ ਰਾਮੁ ਮੁਰਾਰਿ ॥ ਅੰਗ- ੧੨੮੧*

ਵਰਸਦਾ ਹੈ ਉਹ ਕ੍ਰਿਪਾ ਧਾਰ ਕੇ ਫੇਰ ਅੰਦਰ। vibration ਹੁੰਦੀ ਹੈ ਫੇਰ ਸਰੀਰ ਦੇ ਅੰਦਰ। ਅਮਰ ਜੀਵਨ ਮਿਲ ਜਾਂਦਾ ਹੈ। ਸਦਾ ਵਾਸਤੇ ਕਾਲ ਨੂੰ ਫਤਹਿ ਕਰ ਲੈਂਦਾ ਹੈ। ਐਸੀ ਜੁਗਤ ਮਹਾਰਾਜ ਜੀ ਨੇ ਅੱਜ ਦੇ ਦਿਨ ਖਾਲਸੇ ਵਿੱਚ ਪ੍ਰਗਟ ਕੀਤੀ। ਪਾਹੁਲ ਪਿਲਾਈ -

*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*

ਜਿਸਨੂੰ ਅਸੀਂ ਬਾਅਦ ਵਿੱਚ 'ਅੰਮ੍ਰਿਤ' ਕਹਿਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਛਕਣਾ, ਅੰਮ੍ਰਿਤ ਪੀਣਾ, ਹੁਣ ਅਸੀਂ ਇਹਨੂੰ ਅੰਮ੍ਰਿਤ ਹੀ ਕਹਿੰਦੇ ਹਾਂ। ਸੋ ਇਹ ਅੰਮ੍ਰਿਤ ਬਾਹਰੋਂ ਪਾ ਕੇ ਜਿਵੇਂ ਪਾਣੀ ਧਰਤੀ 'ਚੋਂ ਕੱਢੀਦਾ ਹੈ, ਇਸੇ ਤਰ੍ਹਾਂ ਦੇ ਨਾਲ ਜਦੋਂ ਤਕ ਇਹ ਅੰਮ੍ਰਿਤ ਨਹੀਂ ਪੈਂਦਾ, ਓਨੀਂ ਦੇਰ ਤਕ ਅੰਦਰਲੇ ਅੰਮ੍ਰਿਤ ਦੇ ਨਾਲ ਮਿਲਾਪ ਨਹੀਂ ਹੁੰਦਾ। ਸੋ ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਪਿਆਰਿਓ! ਇਹ ਜਿਹੜਾ ਏਸ ਆਦਰਸ਼ ਦਾ ਮਾਨੁਖ ਹੈ, ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਸੰਸਾਰ ਦਾ ਭਲਾ ਚਾਹੁੰਦਾ ਹੈ ਤੇ ਆਪਣੀ ਦੇਹ-ਹੰਗਤਾ ਨੂੰ ਤਿਆਗ ਕੇ ਸੰਸਾਰ ਦੇ ਭਲੇ ਵਾਸਤੇ ਲਾਉਂਦਾ ਹੈ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਦੂਜਿਆਂ ਵਾਸਤੇ ਮਰ ਜਾਣਾ ਹੀ ਵੱਡੀ ਚੀਜ਼ ਹੈ? ਨਹੀਂ ਪਿਆਰਿਓ! ਦੇਹ ਨੂੰ, ਵਰਤੋਂ 'ਚ ਲਿਆਓ ਵਿਉਂਤ ਦੇ ਨਾਲ, ਆਪ ਜਪੋ ਤੇ ਹੋਰਾਂ ਨੂੰ ਨਾਮ ਜਪਾਵੋ, ਅੰਧਕਾਰ ਸੰਸਾਰ ਦਾ ਦੂਰ ਕਰੋ, ਤੁਰੇ ਫਿਰੋ ਸੰਸਾਰ ਦੇ ਅੰਦਰ। ਹੋਕਾ ਦਿਓ ਗੁਰੂ ਨਾਨਕ ਦੀ ਬਾਣੀ ਦਾ। ਉਹ ਜੀਉਂਦੇ ਬੰਦੇ ਨਹੀਂ ਦੇ ਸਕਦੇ, ਜਿਹੜੇ ਮਿਰਤਕ ਹੋਏ ਹੋਏ ਨੇ, ਫੇਰ ਜੀਉਂਦੇ ਹੋਏ ਨੇ, ਓਹੀ ਦੇ ਸਕਦੇ ਨੇ। ਬਾਕੀਆਂ ਨੂੰ ਤਾਂ ਘਰ-ਬਾਰ ਮੂਹਰੇ ਆ ਜਾਏਗਾ। ਰੌਲਾ ਪੈ ਜਾਏਗਾ ਕਿ ਇਹ ਤਾਂ ਪੈਸੇ ਥੋੜ੍ਹੇ ਦਿੰਦੇ ਨੇ। ਇਥੇ ਅਸੀਂ ਕੀ ਕਰਨ ਜਾਣਾ ਹੈ। ਇਹ ਤਾਂ ਗੱਲਾਂ ਗਲਤ ਹੋ ਜਾਂਦੀਆਂ ਨੇ। ਪੈਸਾ ਕਮਾਉਣ ਜਾਣਾ ਹੈ, ਬਿਜ਼ਨਸ ਬਣਾ ਲਈ, ਗੁਰਮਤਿ ਬਹੁਤ ਹੋਰ ਚੀਜ਼ ਹੈ। ਗੁਰਮਤਿ ਤੋਂ ਲਾਂਭੇ ਹੋ ਜਾਂਦੇ ਨੇ। ਇਹ ਜਿਹੜਾ ਪ੍ਰਮੇਸ਼ਰ ਦਾ ਸੇਵਕ ਹੈ ਉਹਨੂੰ ਪੈਸੇ ਦਾ ਨਹੀਂ ਖਿਆਲ ਕਦੇ ਵੀ ਹੁੰਦਾ, ਮਾਇਆ ਤਾਂ ਉਹਦੇ ਪਿਛੇ ਲਗ ਤੁਰਦੀ ਹੈ। ਠੇਡੇ ਮਾਰਦਾ ਹੈ। ਜਦੋਂ ਠੇਡੇ ਮਾਰਦਾ ਹੈ, ਨੱਠ-ਨੱਠ ਆਉਂਦੀ ਹੈ। ਸੋ ਉਹ ਜਿਹੜਾ ਜੀਵਨ ਹੈ ਉਹ ਸੰਸਾਰ ਦੇ ਵਿੱਚ ਹੋਕਾ ਦਿੰਦਾ ਹੈ। ਓਹੀ ਜੀਵਨ ਜੇ ਇਕ ਦਮ ਖਤਮ ਹੋ ਜਾਵੇ ਫੇਰ ਹੋਕਾ ਕੌਣ ਦੇਵੇ। ਸੋ ਸਾਰਾ ਹੀ ਜੀਵਨ ਪ੍ਰਮੇਸ਼ਰ ਦੇ ਲੇਖੇ ਲਾ ਦੇਣਾ। ਆਖਰੀ ਸਵਾਸ ਤਕ ਆਪ ਨਾਮ ਜਪਣਾ ਤੇ ਦੂਜਿਆਂ ਨੂੰ ਜਪਾਉਣਾ, ਪਦਵੀ ਕਿੱਡੀ ਹੈ?

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਸੋ ਇਹ ਲੇਖੇ ਵਿੱਚ ਲਾਉਣਾ ਹੈ ਜਿਹੜਾ ਸਰੀਰ ਹੈ। ਦੋ ਤਰ੍ਹਾਂ ਨਾਲ ਲਾਉਣਾ ਹੈ, ਇਕ ਤਾਂ ਪ੍ਰਮੇਸ਼ਰ ਨੂੰ ਨਹੀਂ ਭੁੱਲਣਾ, ਹਰ ਵਕਤ ਰਸਨਾ ਹਿਲਦੀ ਰਹੇ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ; ਸੁਰਤ ਜਿਹੜੀ ਹੈ ਪ੍ਰਮੇਸ਼ਰ 'ਚ ਰਹੇ। ਕਿਉਂਕਿ ਜਦੋਂ ਲੇਖੇ 'ਚ ਲਾ ਦਿੱਤਾ, ਫੇਰ ਬਾਕੀ ਗੱਲਾਂ ਤਾਂ ਮੂਹਰੇ ਨਾ ਰਹੀਆਂ। ਦੂਸਰਾ ਇਹ ਹੈ ਕਿ ਆਪ ਹੀ ਆਨੰਦ ਨਾ ਉਠਾਵੇ, ਸੰਸਾਰ ਦੇ ਨਾਲ ਅਨੰਦ ਸਾਂਝਾ ਕਰੇ। ਉਨ੍ਹਾਂ ਨੂੰ ਹਨ੍ਹੇਰੇ 'ਚੋਂ ਕੱਢੇ, ਘੁੰਮਣ ਘੇਰੀਆਂ 'ਚੋਂ ਕੱਢ ਕੇ ਸਿੱਧੇ ਰਸਤੇ 'ਤੇ ਤੋਰੇ। ਭਰਮਾਂ 'ਚੋਂ ਕੱਢ ਲਵੇ, ਉਹਦੀ ਬੜੀ ਭਾਰੀ ਸੇਵਾ ਹੁੰਦੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਜਿਹੜੇ ਐਸੇ ਪ੍ਰੇਮੀ ਨੇ, ਉਨ੍ਹਾਂ ਵਿੱਚ ਤੇ ਮੇਰੇ ਵਿੱਚ ਗਲਤੀ ਨਾਲ ਵੀ ਭੇਦ ਨਾ ਜਾਣ ਲਿਓ।

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥*
*ਖਾਲਸਾ ਮੇਰੋ ਮੁਖ ਹੈ ਅੰਗਾ॥*
*ਖਾਲਸੇ ਕੇ ਹੌਂ ਸਦ ਸਦ ਸੰਗਾ॥ ਸਰਬ ਲੋਹ ਗ੍ਰੰਥ 'ਚੋਂ*

ਜਿਹੜਾ ਇਸ ਬਿਰਤੀ ਦਾ ਬੰਦਾ ਹੈ, ਉਹ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਦਾ। ਉਹ ਕਹਿੰਦਾ ਮੈਨੂੰ ਤਾਂ ਗੁਰੂ ਸਾਹਿਬ ਲਈਂ ਫਿਰਦੇ ਨੇ, ਉਹ ਮੇਰੀ ਪਿੱਠ 'ਤੇ ਨੇ, ਜੋ ਬੁਲਾਉਂਦੇ ਨੇ ਮੈਂ ਬੋਲਦਾ ਹਾਂ। ਜਿੱਥੇ ਮੈਨੂੰ ਲਿਜਾਂਦੇ ਨੇ ਮੈਂ ਜਾਂਦਾ ਹਾਂ। ਉਹ ਤਾਂ ਮੇਰੇ ਨਾਲ ਨੇ। ਉਹ ਐਸੇ ਵਿਸ਼ਵਾਸ਼ 'ਚ ਹੁੰਦਾ ਹੈ, ਉਹਦਾ ਵਿਸ਼ਵਾਸ਼ ਨਹੀਂ ਟੁੱਟਦਾ ਕਦੇ ਵੀ। ਉਹ ਕਹਿੰਦਾ ਜਦ ਉਨ੍ਹਾਂ ਨੇ ਕਹਿ ਦਿੱਤਾ ਕਿ 'ਖਾਲਸੇ ਕੇ ਹੌਂ ਸਦ ਸਦ ਸੰਗਾ' ਕੀ ਇਹ ਝੂਠੀ ਗੱਲ ਕਹੀ ਹੈ। ਇਹ ਪ੍ਰਗਟ ਕਰਨ ਵਾਲੀਆਂ ਨਹੀਂ ਗੱਲਾਂ ਹੁੰਦੀਆਂ। ਗੁਰੂ ਮਹਾਰਾਜ ਸੰਗਤ ਦੇ ਵਿੱਚ ਹੁੰਦੇ ਨੇ ਹਾਜ਼ਰ ਨਾਜ਼ਰ। ਅੱਖਾਂ ਵਾਲਿਆਂ ਨੂੰ ਦਿਸ ਜਾਂਦੇ ਨੇ। ਦੂਜੇ ਹਨ੍ਹੇਰੇ 'ਚ ਰਹਿੰਦੇ ਨੇ। ਆਹ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ, ਕਿਉਂਕਿ ਉਨ੍ਹਾਂ ਦਾ ਬਚਨ ਹੈ ਕਿ ਜਿਥੇ ਜਾਏਗਾ ਮੈਂ ਨਾਲ ਹੋਵਾਂਗਾ ਉਹਦੇ।

*ਖਾਲਸਾ ਮੇਰੋ ਇਸ਼ਟ ਸੁਹਿਰਦ॥*

*ਖਾਲਸਾ ਮੇਰੋ ਕਹੀਅਤ ਬਿਰਦ॥*
*ਖਾਲਸੇ ਮੇਰੋ ਪਛ ਅਰ ਪਾਤਾ॥*
*ਖਾਲਸਾ ਮੇਰੋ ਸੁਖ ਅਹਿਲਾਦਾ॥*
*ਖਾਲਸਾ ਮੇਰੋ ਮਿੱਤਰ ਸਖਾਈ॥*
*ਖਾਲਸਾ ਮਾਤ ਪਿਤਾ ਸੁਖਦਾਈ॥* *ਸਰਬ ਲੋਹ ਗ੍ਰੰਥ 'ਚੋਂ*

ਜਿਹੜਾ ਇਨ੍ਹਾਂ ਦੀ ਸੇਵਾ ਕਰਦਾ ਹੈ, ਉਹ ਕਹਿੰਦੇ ਫੇਰ ਮੇਰੀ ਹੀ ਸੇਵਾ ਕਰਦਾ ਹੈ -

*ਧਾਰਨਾ - ਪਿਆਰੇ ਜੀ, ਦਾਨ ਦਿੱਤਾ ਖਾਲਸੇ ਨੂੰ,*
*ਉਹ ਦੋਹੀਂ ਜਹਾਨੀਂ ਫਲਦਾ।*

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*

*ਗਿਆਨ ਪ੍ਰਬੋਧ ਪਾ. ੧੦*

ਕਹਿਣ ਲੱਗੇ, ਪਿਆਰਿਓ! ਇਨ੍ਹਾਂ ਬ੍ਰਹਮਗਿਆਨੀਆਂ ਦੇ ਰਾਹੀਂ ਜੋ ਤੁਹਾਡੀ ਸ਼ੁੱਭ ਕਮਾਈ ਖਰਚ ਆਵੇਗੀ, ਕਹਿੰਦੇ ਉਹ ਇੱਥੇ ਵੀ ਫਲੇਗੀ ਤੇ ਦਰਗਾਹ 'ਚ ਵੀ ਫਲੇਗੀ। ਸੋ ਸੇਵਾ ਵੀ ਇਨ੍ਹਾਂ ਦੀ ਕਰਨੀ ਹੈ, ਦਾਨ ਵੀ ਇਨ੍ਹਾਂ ਦੇ ਹੱਥੀਂ ਦੇਣਾ ਹੈ। ਦੂਜਿਆਂ ਦੇ ਹੱਥੀਂ ਕਿਉਂ ਨਹੀਂ ਦੇਣਾ, ਇੱਕ ਪੁਰਾਣ ਹੈ ਜਿਹਦਾ ਨਾਉਂ ਸਕੰਦ ਪੁਰਾਣ ਹੈ, ਹਜ਼ਾਰਾਂ ਸਾਲ ਪਹਿਲਾਂ ਦਾ ਛਪਿਆ ਹੋਇਆ ਹੈ, ਛਾਪਾ ਤਾਂ ਹੁੰਦਾ ਨਹੀਂ ਸੀ, ਸੀਨੇ-ਬ-ਸੀਨੇ ਆਉਂਦਾ ਹੈ, ਯਾਨਿ ਪ੍ਰਚਲਿਤ ਹੈ, ਉਹ ਪੁਰਾਣ। ਉਹਦੇ ਵਿੱਚ ਇੱਕ ਪੂਰਾ ਚੈਪਟਰ ਆਉਂਦਾ ਹੈ, ਉਹਦੇ ਵਿੱਚ ਬ੍ਰਹਮਾ ਜੀ ਤੇ ਨਾਰਦ ਆਪਸ ਵਿੱਚ ਗੱਲਾਂ ਕਰਦੇ ਨੇ, ਨਾਰਦ ਕਹਿਣ ਲੱਗਿਆ, ਮਹਾਰਾਜ! ਜਦੋਂ ਕਲਜੁਗ ਆ ਜਾਣਾ ਹੈ ਫੇਰ ਦੁਆਪਰ, ਤ੍ਰੇਤੇ, ਸਤਿਜੁਗ ਦੇ ਐਨੇ ਧਰਮੀ ਕਰਮੀ, ਕਰਮ ਕਰਨ ਵਾਲੇ, ਆਪਣੇ ਧਰਮ ਨੂੰ ਪਛਾਨਣ ਵਾਲੇ ਇਕ ਦਮ ਕਿਵੇਂ ਮਨਮੁਖ ਹੋ ਜਾਣਗੇ? ਕਿਹੜੀ ਚੀਜ਼ ਹੈ ਜਿਹੜੀ ਉਨ੍ਹਾਂ ਦੇ ਕਰਮ ਧਰਮ ਨੂੰ ਭ੍ਰਿਸ਼ਟ ਕਰ ਦੇਵੇਗੀ ਤੇ ਦੁੱਖ ਕਿਉਂ ਆ ਜਾਏਗਾ ਕਲਜੁਗ ਵਿੱਚ? ਕਿਉਂਕਿ ਜਿਸ ਯੁੱਗ ਦੇ ਅੰਦਰ ਪੁੰਨ ਦਾਨ ਚਲਦਾ ਹੈ, ਉਥੇ ਕਲੇਸ਼ ਨਹੀਂ ਹੋਇਆ ਕਰਦਾ। ਜਿਥੇ ਖੁਦਗਰਜ਼ੀ ਹੈ ਉਥੇ ਭੂਤਾਂ ਦਾ ਵਾਸਾ ਹੋ ਜਾਂਦਾ ਹੈ, ਉਥੇ ਕਲੇਸ਼ ਹੀ ਕਲੇਸ਼ ਹੈ। ਇੱਕ ਦਮ ਆਦਮੀ ਦੇ ਅੰਦਰ ਐਨਾ ਪਤਨ ਕਿਵੇਂ ਆ ਜਾਏਗਾ? ਕ੍ਰਿਪਾ ਕਰਕੇ ਦੱਸੋ?

ਕਹਿਣ ਲੱਗੇ, ਨਾਰਦ! ਕਾਫੀ ਸਮਾਂ ਲੰਘਣ ਤੋਂ ਬਾਅਦ ਇੱਕ ਬੂਟੀ ਜੋ ਹੈ, ਕਾਮਧੇਨ ਗਊ ਦੇ ਸ਼ਰਾਪ ਨਾਲ ਪੈਦਾ ਹੋਈ-ਹੋਈ ਸੰਸਾਰ ਦੇ ਉਤੇ, ਜਮਦਗਨ ਨੇ ਬਾਣ ਮਾਰਿਆ। ਜਮਦਗਨ ਰਿਸ਼ੀ ਦੇ ਕੋਲੋਂ ਸਹੰਸਰਬਾਹੂ ਰਾਜਾ ਖੋਹਣ ਲੱਗਿਆ, ਉਨ੍ਹਾਂ ਨੇ ਅਕਾਸ਼ ਦੇ ਰਸਤੇ ਤੋਰ ਦਿੱਤੀ ਤੇ ਜਾਂਦੀ-ਜਾਂਦੀ ਦੇ ਬਾਣ ਮਾਰਿਆ। ਉਹਦੇ ਕੰਨ ਤੇ ਖੁਰ ਵਿਚੋਂ ਖੂਨ ਦਾ ਕਤਰਾ ਨਿਕਲਿਆ, ਨਾਲ ਆਵਾਜ਼ ਆਈ ਕਿ ਐ ਮੇਰੇ ਕਤਰੇ ਦੇ ਵਿਚੋਂ ਇੱਕ ਬੂਟੀ ਪੈਦਾ ਹੋਏਗੀ ਜਿਹੜਾ ਉਹਨੂੰ ਹੱਥ ਲਾ ਲਏਗਾ, ਜਿਹੜਾ ਉਹਨੂੰ ਪੀ ਲਏਗਾ, ਧੂਮਰ ਪਾਨ ਕਰ ਲਏਗਾ, ਉਹਦੀ ਬੁੱਧੀ ਭ੍ਰਿਸ਼ਟ ਹੋ ਜਾਏਗੀ, ਕਰਮ ਧਰਮ ਸਾਰੇ ਨਸ਼ਟ ਹੋ ਜਾਣਗੇ ਤੇ ਉਹ ਨਰਕਾਂ ਵਿੱਚ ਜਾਏਗਾ। ਕੁਲਾਂ ਨੂੰ ਗਾਲੇਗਾ। ਕਹਿਣ ਲੱਗੇ, ਉਹ ਬੂਟੀ ਜਿਹੜੀ ਸੀ ਉਹ ਪ੍ਰਗਟ ਹੋ ਗਈ। ਪਾਤਾਲ ਲੋਕ ਦੇ ਵਿੱਚ ਪੈਦਾ ਹੋ ਗਈ। ਅਰਜਨਟਾਈਨਾ 'ਚ ਹੋਈ ਹੈ ਸਭ ਤੋਂ ਪਹਿਲਾਂ ਇਹ। ਉਸ ਤੋਂ ਬਾਅਦ ਬੋਧੀ ਗਏ, ਇਹ ਅਲਾਸਕਾ ਦੇ ਵਿਚੀਂ ਹੁੰਦੇ ਹੋਏ, ਉਪਰ ਦੀ ਗਏ, ਅਮਰੀਕਾ। ਸਿਰੜੀ ਸੀਗੇ, ਹੇਠਾਂ ਚਲੇ ਗਏ, ਉਥੋਂ ਲੈ ਆਏ, ਇਹ ਅੱਗ ਦੇ ਵਿੱਚ ਪਾ ਕੇ ਪੀਣ ਲਗ ਗਏ। ਨਾਸਤਕ ਸੀਗੇ। ਬ੍ਰਹਮਾ ਜੀ ਕਹਿਣ ਲੱਗੇ, ਨਾਰਦ ਜੀ! ਇਹ ਸਮਾਂ ਪਾ ਕੇ ਆ ਜਾਣੀ ਹੈ ਭਾਰਤ ਦੇ ਵਿੱਚ ਵੀ, ਓਸ ਵੇਲੇ ਧਰਮ ਭੂਮੀ ਕਹਿੰਦੇ ਸੀ। ਧਰਮ ਦਾ ਦੇਸ਼ ਸੀ, ਧਰਮ ਕਮਾਉਣ ਵਾਲਾ। ਉਨ੍ਹਾਂ ਨੂੰ ਭੋਗ ਭੂਮੀਆਂ ਕਹਿੰਦੇ ਸੀ। ਕਹਿੰਦੇ, ਇਹ ਜਿਹੜੀ ਬੂਟੀ ਹੈ ਇਹਨੂੰ ਅੱਗ ਵਿੱਚ ਪਾ ਕੇ ਪੀਆ ਕਰਨਗੇ। ਕੁਛ ਮੂਰਖ ਖਾਇਆ ਕਰਨਗੇ। ਇਹ ਸਿਹਤ ਵਾਸਤੇ ਬਹੁਤ ਹਾਨੀਕਾਰਕ, ਕਹਿੰਦੇ ਇਹਦੇ ਨਾਲ ਦੇਵਤੇ ਵੀ ਨਰਾਜ਼ ਹੋ ਜਾਣਗੇ। ਜੋ ਦੇਵਤੇ ਅੱਜ ਅਰਾਮ ਨਾਲ ਆ ਜਾਂਦੇ ਨੇ ਧਰਤੀ 'ਤੇ। ਉਹ ਆਉਣਾ ਬੰਦ ਕਰ ਦੇਣਗੇ। ਬੇਅੰਤ ਪ੍ਰਯਤਨ ਕਰਨ ਨਾਲ ਵੀ ਦੇਵਤੇ ਪ੍ਰਗਟ ਨਹੀਂ ਹੋਣਗੇ। ਕਹਿਣ ਲੱਗੇ, ਮਹਾਰਾਜ! ਫੇਰ ਤਾਂ ਬੜੀ ਬੁਰੀ ਗੱਲ ਹੋਈ। ਕਹਿੰਦੇ, ਇਹਨੂੰ ਬ੍ਰਾਹਮਣ ਲੋਕ ਵੀ ਪੀਣਗੇ। ਕਹਿੰਦੇ ਐਨਾ ਬੁਰਾ ਅਸਰ ਹੋਏਗਾ ਕਿ ਜੇ ਕੋਈ ਧੂਮਰ ਪਾਨ ਕਰਨ ਵਾਲੇ ਨੂੰ ਦਾਨ ਦੇਵੇਗਾ, ਤਾਂ ਦਾਨ ਦੇਣ ਵਾਲਾ ਇੱਕ ਜਨਮ ਸੂਰ ਦਾ ਭੁਗਤੇਗਾ ਤੇ ਜਿਹੜਾ ਦਾਨ ਲੈਣ ਵਾਲਾ ਬ੍ਰਾਹਮਣ ਹੈ, ਸੱਤ ਜਨਮ ਸੂਰ ਦੇ ਧਾਰ ਕੇ ਪਿੰਡ ਦਾ ਮਲਮੂਤਰ ਸਾਫ ਕਰੇਗਾ। ਕਹਿੰਦੇ, ਇਸ ਕਰਕੇ ਪਿਆਰਿਆ! ਜੋ ਦਾਨ ਹੈ ਅਸੀਂ ਖਾਲਸੇ ਨੂੰ ਲਿਖ ਦਿੱਤਾ।

ਸੋ ਪਦਵੀ ਦੇ ਦਿਤੀ, ਦਾਨ ਦਾ ਵੀ ਅਧਿਕਾਰੀ

ਬਣਾ ਦਿੱਤਾ, ਲੈਣ ਦਾ ਤੇ ਖਰਚਣ ਦਾ। ਨਾਮ ਜਪਣ, ਜਪਾਉਣ ਦਾ ਅਧਿਕਾਰ ਦੇ ਦਿਤਾ। ਦੇਸ਼ ਦੀ ਰੱਖਿਆ ਵਾਸਤੇ ਸ਼ਸਤਰਧਾਰੀ ਬਣਾ ਦਿੱਤਾ। ਸੇਵਾ ਕਰਨ ਵਾਸਤੇ ਬਹੁਤ ਵੱਡੀ ਤਾਕੀਦ ਕਰ ਦਿਤੀ। ਵਣਜ ਵਪਾਰ ਕਰਨ ਦੀ ਤਾਕੀਦ ਕਰ ਦਿੱਤੀ। ਇੱਕੋ ਮਨੁੱਖ ਦੇ ਅੰਦਰ ਚਾਰੇ ਵਰਨ ਪਾ ਦਿਤੇ। ਜਦੋਂ ਇਸ ਤਰ੍ਹਾਂ ਦੇ ਬਚਨ ਹੋਏ ਤਾਂ ਜਿਹੜੇ ਬ੍ਰਾਹਮਣ ਸੀ ਉਸ ਵੇਲੇ ਹਾਜ਼ਰ, ਕੇਸਵ ਦਾਸ ਵਰਗੇ, ਜਿਹੜੇ ਦੇਵੀ ਪ੍ਰਗਟ ਕਰਨ ਵਾਸਤੇ ਆਏ ਹੋਏ ਸੀ, ਉਹ ਬੜੇ ਨਰਾਜ਼ ਹੋ ਗਏ। ਆਪਸ ਵਿੱਚ ਮੀਟਿੰਗਾਂ ਕਰਨ ਲਗ ਗਏ। ਕਹਿਣ ਲੱਗੇ, ਗੁਰੂ ਸਾਹਿਬ ਨੇ ਮਰਿਯਾਦਾ ਉਲਟਾ ਦਿੱਤੀ। ਸਤਿਜੁਗ ਦੀ ਮਰਿਯਾਦਾ ਬਦਲ ਦਿੱਤੀ। ਇਹ ਕਾਹਦੇ ਅਵਤਾਰ ਆਏ ਨੇ ਇਨ੍ਹਾਂ ਨੇ ਤਾਂ ਸਾਰੀਆਂ ਮਰਿਯਾਦਾਵਾਂ ਭੰਗ ਕਰ ਦਿੱਤੀਆਂ ਤੇ ਮਹਾਰਾਜ ਜੀ ਕੋਲ ਆ ਗਏ, ਕਹਿੰਦੇ, ਮਹਾਰਾਜ! ਤੁਸੀਂ ਆਹ ਸ਼ੂਦਰਾਂ ਨੂੰ ਸਾਡੇ ਵਾਲਾ ਕੰਮ ਦੇ ਦਿੱਤਾ। ਦਾਨ ਲੈਣ ਦਾ ਵੀ ਤੇ ਦੇਣ ਦਾ ਵੀ। ਇਨ੍ਹਾਂ ਨੂੰ ਤੁਸੀਂ ਪੜ੍ਹਨ-ਪੜ੍ਹਾਉਣ ਦਾ ਕੰਮ ਦੇ ਦਿੱਤਾ, ਬ੍ਰਾਹਮਣਾਂ ਵਾਲਾ। ਇਹ ਸ਼ੂਦਰਾਂ ਨੂੰ ਤੁਸੀਂ ਕਿਵੇਂ ਦੇ ਦਿੱਤਾ? ਇਹ ਤਾਂ ਆਪ ਨਰਕਾਂ ਨੂੰ ਜਾਣਗੇ ਤੇ ਦੂਜਿਆਂ ਨੂੰ ਵੀ ਨਰਕਾਂ 'ਚ ਭੇਜਣਗੇ। ਮਹਾਰਾਜ ਕਹਿੰਦੇ, ਪਿਆਰਿਓ! ਤੁਹਾਨੂੰ ਨਹੀਂ ਪਤਾ, ਇਹ ਖਾਲਸਾ ਪਦਵੀ, ਜਾਤ ਪਾਤ ਵਾਲਾ ਬ੍ਰਾਹਮਣ ਤਾਂ ਉਥੇ ਪਹੁੰਚ ਹੀ ਨਹੀਂ ਸਕਦਾ। ਇਹ ਤਾਂ ਪ੍ਰਮੇਸ਼ਰ ਦਾ ਰੂਪ ਨੇ। ਇਹ ਮੇਰੇ ਅਤਿ ਪਿਆਰੇ ਨੇ। ਐਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਮੇਰਾ ਰੂਪ ਹੈ ਖਾਲਸਾ ਮੇਰਾ,*
*ਮੰਦੇ ਕਾਹਤੋਂ ਬੋਲ ਬੋਲਦੈਂ।*
*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ॥*
*ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀ ਮੋ ਸੇ ਗਰੀਬ ਕਰੋਰ ਪਰੇ॥* *ਸਵੈਯਾ*

ਪੰਡਤ ਜੀ! ਐਸੇ ਬਚਨ? ਤੁਹਾਨੂੰ ਨਹੀਂ ਪਤਾ। ਤੁਹਾਨੂੰ ਜਿਹੜੇ ਵੱਡੇ-ਵੱਡੇ ਦਾਨ ਅਸੀਂ ਕਰਦੇ ਰਹੇ ਹਾਂ, ਉਹ ਇਨ੍ਹਾਂ ਦੀ ਹੀ ਕ੍ਰਿਪਾ ਸੀ। ਜਿੰਨੇ ਵਿਘਨ ਸੀ ਸਾਰੇ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੋਏ ਨੇ। ਜਿਹੜੇ ਧਾਮ ਭਰੇ ਹੋਏ ਨਜ਼ਰ ਆਉਂਦੇ ਨੇ, ਇਨ੍ਹਾਂ ਦੀ ਕ੍ਰਿਪਾ ਨਾਲ ਹੀ ਭਰੇ ਨੇ। ਕਿੱਡਾ ਵੱਡਾ ਬਚਨ ਮਹਾਰਾਜ ਜੀ ਨੇ ਕਹਿ ਦਿੱਤਾ। ਕਹਿਣ ਲੱਗੇ, ਪੰਡਤ ਜੀ! ਫੇਰ ਤੁਸੀਂ ਮਾੜਾ ਨਾ ਇਨ੍ਹਾਂ ਨੂੰ ਆਖਿਓ। ਆਹ ਜਿਹੜਾ ਤੁਸੀਂ ਮੈਨੂੰ ਦੇਖਦੇ ਓਂ, ਮੈਂ ਵੀ ਇਨ੍ਹਾਂ ਦੀ ਕ੍ਰਿਪਾ ਨਾਲ ਸਜਿਆ ਹੋਇਆ ਹਾਂ, ਨਹੀਂ ਮੇਰੇ ਵਰਗੇ ਗਰੀਬ ਕਰੋੜਾਂ ਰੁਲਦੇ ਫਿਰਦੇ ਨੇ। ਸੋ ਐਸਾ ਦਰਜਾ ਗੁਰੂ ਮਹਾਰਾਜ ਨੇ ਖਾਲਸੇ ਨੂੰ ਦਿੱਤਾ ਤੇ ਨਾਲ ਖਾਲਸਾ ਪਦ ਦੀ ਵਿਆਖਿਆ ਵੀ ਆਪ ਨੇ ਦੱਸੀ ਕਿ ਖਾਲਸਾ ਉਹ ਹੈ ਜਿਹਦੇ ਅੰਦਰ ਜੋਤ ਜਗਦੀ ਹੈ -

*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਅੱਜ ਸਾਡਾ 327ਵਾਂ ਜਨਮ ਦਿਨ ਸ਼ੁਰੂ ਹੁੰਦਾ ਹੈ, ਪ੍ਰਕਾਸ਼, ਪ੍ਰਗਟ ਹੋਣ ਦਾ। ਆਦਰਸ਼, ਕਿੱਥੇ ਅਸੀਂ ਪਹੁੰਚੇ ਹਾਂ? ਵਿਚਾਰ ਕਰਕੇ ਦੇਖਿਓ ਕਦੇ, ਕਿੱਥੇ ਅਸੀਂ ਹਾਂ। ਕੀ ਅਸੀਂ ਕੰਮ ਕਰਦੇ ਹਾਂ, ਕਿਹੋ ਜਿਹੇ ਸਾਡੇ ਖਿਆਲ ਨੇ, ਕਿੱਥੇ ਗੁਰੂ ਸਾਨੂੰ ਪਦਵੀਆਂ ਦਿੰਦਾ ਹੈ ਤੇ ਅਸੀਂ ਤਾਂ ਫੇਰ ਖਾਲਸਾ ਪਦਵੀ ਦੇ ਵਿੱਚ ਹੋਏ ਨਾ, ਕੁਛ ਹੋਰ ਹੋ ਗਏ, ਸਿੱਖੀ ਨੂੰ ਕੁਛ ਹੋਰ ਬਣਾ ਦਿੱਤਾ ਅਸੀਂ, ਅਰ ਬਣਾਉਂਦੇ ਹੀ ਚਲੇ ਜਾਂਦੇ ਹਾਂ, ਜ਼ੋਰ ਨਾਲ, ਧੱਕੇ ਨਾਲ ਬਣਾ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਲਾਂਭੇ ਨਹੀਂ ਜਾਣਾ ਬਿਲਕੁਲ, ਇਤਿਹਾਸ ਕੁਛ ਕਹੀ ਜਾਵੇ, ਮਨੁੱਖ ਕੁਛ ਕਹੀ ਜਾਣ, ਲੇਖ ਕੁਛ ਲਿਖੀ ਜਾਣ। ਜਿਹੜੀ ਗੱਲ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੇ ਉਲਟ ਹੋਏਗੀ, ਉਹ ਨਹੀਂ ਅਸੀਂ ਮੰਨਣੀ। ਖੋਜੋ ਗੁਰੂ ਗ੍ਰੰਥ ਸਾਹਿਬ ਨੂੰ, ਲੜ ਫੜ ਲਓ ਗੁਰੂ ਗ੍ਰੰਥ ਸਾਹਿਬ ਦਾ, ਇਹਦਾ ਲੜ ਨਾ ਛੱਡਿਓ ਨਹੀਂ ਰੁਲ ਜਾਵਾਂਗੇ। ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਮਨੁੱਖਾਂ ਦੀਆਂ ਗੱਲਾਂ ਨਾ ਸੁਣੋ। ਇਨ੍ਹਾਂ ਦੇ ਸਿਧਾਂਤ ਨੂੰ ਜਾਣੂੰ ਹੋ ਕੇ ਬੰਦਗੀ ਕਰੋ। ਨਾਮ ਜਪੋ। ਸਾਰਿਆਂ ਦੇ ਸਾਂਝੇ ਬਣੋ, ਸਭ ਨਾਲ ਪਿਆਰ ਕਰੋ। ਸੱਚੇ ਦਿਲ ਨਾਲ ਰੋਜ਼ ਕਹੋ -

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਜਦੋਂ ਸਰਬੱਤ ਦਾ ਭਲਾ ਮੰਗੇਂਗਾ, ਤੇਰਾ ਵੀ ਭਲਾ ਹੋਏਗਾ। ਤੂੰ ਵੀ ਸਰਬੱਤ ਦੇ ਵਿੱਚ ਆਪੇ ਹੀ ਆ ਜਾਂਦਾ ਹੈਂ। ਇਸ ਤਰ੍ਹਾਂ ਦਾ ਆਦਰਸ਼ ਬਹੁਤ ਉੱਚਾ ਗੁਰੂ ਮਹਾਰਾਜ ਨੇ ਲਿਆਂਦਾ। ਵਧਦੇ ਤਾਂ ਜਾਓ, ਘਟੋ ਨਾ, ਪਿਛੇ ਨੂੰ ਨਾ ਹਟੋ। ਅੰਮ੍ਰਿਤ ਛਕ ਲਿਆ ਬਹੁਤ ਸਾਰੇ ਪ੍ਰੇਮੀਆਂ ਨੇ। ਦਿਨ ਰਾਤ ਇਸ ਗੱਲ ਦੀ ਚਰਚਾ ਹੁੰਦੀ ਰਹਿੰਦੀ ਹੈ ਕਿ ਨਿਗੁਰੇ ਨਾ ਰਹੋ,

ਗੁਰੂ ਤੋਂ ਨਾਮ ਪ੍ਰਾਪਤ ਕਰੋ। ਗੁਰੂ ਘਰ ਦੇ ਅੰਦਰ ਪਹਿਲਾਂ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਫੇਰ ਜਾ ਕੇ ਨਾਮ ਦਿੰਦੇ ਨੇ, ਉਹ ਨਾਮ ਅਸਲੀ ਚੀਜ਼ ਹੈ। ਉਹ ਨਾਮ ਲੈ ਕੇ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ, ਸਫਲ ਕਰਨਾ ਹੈ, ਆਪਣਾ ਜੀਵਨ। ਇਹ ਨਹੀਂ ਕਿ ਅੰਮ੍ਰਿਤ ਛਕ ਲਿਆ ਤੇ ਨਾਮ ਨੂੰ ਛੱਡ ਦਿਤਾ, ਇਹੀ ਭੁਲੇਖਾ ਪਿਆ ਹੋਇਆ ਹੈ ਤੇ ਮਨ 'ਚ ਭਰਮ ਹੋ ਜਾਂਦਾ ਹੈ ਕਿ ਮੈਂ ਹੁਣ ਅੰਮ੍ਰਿਤ ਛਕ ਲਿਆ ਤੇ ਮੈਂ ਹੁਣ ਬਣ ਗਿਆ ਸਭ ਕੁਛ। ਨਹੀਂ ਪਿਆਰਿਆ! ਤੂੰ ਤਾਂ ਸਕੂਲ 'ਚ ਦਾਖਲ ਹੋਇਆ ਹੈਂ ਅਜੇ ਪੜ੍ਹਾਈ ਤਾਂ ਅੱਗੇ ਚੱਲਣੀ ਹੈ, ਜੇ ਪੜ੍ਹਨ ਦਾ ਸ਼ੌਂਕ ਹੈ ਫੇਰ ਗੁਰੂ ਮਹਾਰਾਜ ਦੀ ਹਦਾਇਤ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ- ੩੦੬*

ਇਹ ਪ੍ਰੋਗਰਾਮ ਦੇ ਦਿਤਾ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ – ੩੦੬*

ਜਿਹੜਾ ਪਾਸ ਹੋ ਜਾਏਗਾ, ਉਹਨੂੰ ਫੇਰ ਗੁਰੂ ਸਾਹਿਬ ਨੇ ਕੀ ਕਰਨਾ ਹੈ, ਜੀਵ ਨੂੰ ਪ੍ਰਮੇਸ਼ਰ ਬਣਾ ਦੇਣਾ ਹੈ, ਬ੍ਰਹਮਗਿਆਨ ਦੇ ਦੇਣਾ ਹੈ। ਇਹਦਾ ਜੀਵ ਭਾਵ ਖਤਮ ਕਰ ਦੇਣਾ ਹੈ। 'ਮੈਂ' ਇਹਦੀ ਮੁੱਕ ਜਾਣੀ ਹੈ, ਇਹਨੂੰ ਅੰਦਰ ਵੀ, ਬਾਹਰ ਵੀ, ਪ੍ਰਮੇਸ਼ਰ ਦਿਸਣਾ ਹੈ–

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ – ੨੯੩*

ਜਦੋਂ ਇਹ ਉਪਦੇਸ਼ ਦੇ ਦਿਤਾ ਗੁਰੂ ਨੇ, ਫੇਰ ਨਾਮ ਜਪਣਾ ਅਧਿਕਾਰ ਹੋ ਜਾਂਦਾ ਹੈ। ਆਪ ਨਾਮ ਜਪਣਾ ਹੈ ਤੇ ਸੰਸਾਰ ਨੂੰ ਜਪਾਉਣਾ ਹੈ। ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਹੈ ਤੇ ਤੁਸੀਂ ਅੰਮ੍ਰਿਤ ਦੇ ਸਾਂਝੀਦਾਰ ਬਣੇ ਓਂ, ਖਾਲਸਾ ਬਰਾਦਰੀ ਦੇ ਵਿੱਚ ਆਏ ਓਂ। ਅੱਜ ਤੋਂ ਤੁਹਾਡਾ ਜਨਮ ਗੁਰੂ ਘਰ ਦੇ ਅੰਦਰ ਨਵਾਂ ਹੋਇਆ ਹੈ। ਪੁਰਾਣਾ ਜਿਹੜਾ ਸੀ, ਜਿੰਨੇ ਵੀ ਪ੍ਰਭਾਵ ਸੀ ਸਭ ਖਤਮ ਕਰ ਦਿੱਤੇ। ਇਕ ਥਾਂ ਦੇ ਅਸੀਂ ਵਾਸੀ ਹਾਂ, ਸ੍ਰੀ ਅਨੰਦਪੁਰ ਸਾਹਿਬ ਦੇ। ਇੱਕ ਸਾਡਾ ਪਿਤਾ ਹੈ, ਇਕ ਸਾਡੀ ਮਾਤਾ ਹੈ। ਇੱਕ ਸਾਡੇ ਇਸ਼ਟ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ। ਇਨ੍ਹਾਂ ਦੇ ਅਸੀਂ ਬਣ ਕੇ ਚਲਣਾ ਹੈ। ਸਾਰੇ ਸੰਸਾਰ ਦਾ ਭਲਾ ਕਰਨਾ ਹੈ, ਸਾਰੇ ਸੰਸਾਰ ਦੀ ਸਾਂਝ ਵਿੱਚ ਰਹਿਣਾ ਹੈ, ਜਾਗਦੇ ਰਹਿਣਾ ਹੈ, ਸੌਣਾ ਨਹੀਂ ਹੈ ਸੁਰਤ ਨੂੰ ਨਹੀਂ ਸੌਣ ਦੇਣਾ, ਜਾਗ ਵਿੱਚ ਰਖਣਾ ਹੈ। ਸਾਰੇ ਸੰਸਾਰ ਦਾ ਭਲਾ ਮੰਗਣਾ ਹੈ, ਅਰਦਾਸਾਂ ਕਰਨੀਆਂ ਨੇ –

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਅੰਗ – ੮੫੩*

ਰੱਖ ਲੈ ਵਾਹਿਗੁਰੂ! ਚਾਹੇ ਈਸਾਈ ਬਣਾ ਕੇ ਰੱਖ ਲੈ, ਚਾਹੇ ਬੋਧੀ ਬਣਾ ਕੇ, ਚਾਹੇ ਜੈਨੀ ਬਣਾ ਕੇ, ਚਾਹੇ ਯਹੂਦੀ, ਚਾਹੇ ਹਿੰਦੂ ਬਣਾ ਲੈ, ਚਾਹੇ ਸਿੱਖ ਬਣਾ ਲੈ, ਚਾਹੇ ਮੁਸਲਮਾਨ ਬਣਾ ਲੈ; ਜਿਹੜਾ ਕੁਛ ਬਣਾਉਣਾ ਹੈ, ਜਿਥੇ ਵੀ ਹੈਗਾ ਕੋਈ ਰੱਖ ਲੈ ਤੂੰ ਉਨ੍ਹਾਂ ਨੂੰ। ਦੁਆਰੇ ਢਾਹੁੰਣੇ ਨਹੀਂ ਹਨ ਉਨ੍ਹਾਂ ਦੇ। ਦੁਆਰੇ ਸੰਵਾਰਨੇ ਨੇ, ਬਣਾਉਣੇ ਨੇ, ਧਾਰਮਿਕ ਈਰਖਾ 'ਚ ਨਹੀਂ ਕਿਸੇ ਨਾਲ ਆਉਣਾ। ਫੇਰ ਗੁਰੂ ਦੀਆਂ ਖੁਸ਼ੀਆਂ ਹੋਣਗੀਆਂ, ਫੇਰ ਸਾਡਾ ਅੱਜ ਦਾ ਮਨਾਇਆ ਹੋਇਆ ਦਿਹਾੜਾ ਸਫਲ ਹੋਏਗਾ। ਮਹਾਰਾਜ ਕਹਿੰਦੇ, ਪਿਛਲੇ ਸਾਲ ਦਾ ਤੂੰ ਬਣਾ ਲੈ ਲੇਖਾ ਪੱਤਾ, ਕਿੱਥੇ-ਕਿੱਥੇ ਮੈਂ ਗਿਰਿਆ, ਕਿੱਥੇ-ਕਿੱਥੇ ਮੈਂ ਭੁੱਲਿਆ, ਕਿੱਥੇ-ਕਿੱਥੇ ਮੈਂ ਅਵੱਗਿਆ ਕੀਤੀ। ਅਗਲੇ ਵਾਸਤੇ ਪ੍ਰਣ ਕਰ ਲੈ ਕਿ ਐਤਕੀਂ ਦੇ ਸਾਲ 'ਚ ਮੈਂ ਨਾਮ ਬਹੁਤਾ ਜਪਣਾ ਹੈ, ਬੰਦਗੀ ਕਰਨੀ ਹੈ, ਬਾਣੀ ਪੜ੍ਹਨੀ ਹੈ, ਲੋਕ ਭਲਾਈ ਦੇ ਕੰਮ ਬਹੁਤੇ ਕਰਨੇ ਨੇ। ਸੋ ਜਦੋਂ ਐਉਂ ਚੜ੍ਹਦੇ ਜਾਵਾਂਗੇ ਫੇਰ ਅਸੀਂ ਸਫਰ ਤਹਿ ਕਰ ਲਵਾਂਗੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

***(ਵੀਡੀਓ ਫਿਲਮ, ਦੀਵਾਨ ਨੰ: 340 ਦੀ ਬਾਕੀ)***

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*

*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-26)*

ਸਾਧਸੰਗਤ ਜੀ! ਵਿਚਾਰ ਕਰਨ ਦੀ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਗਤ ਜਲੰਦੇ ਨੂੰ ਰੱਖਣ ਲਈ, ਆਪਣੇ ਸਰੀਰ ਉਪਰ ਕਿੰਨੇ ਖੇਦ ਸਹਿਨ ਕੀਤੇ। ਸੋਚਦੇ ਹੀ ਮਨ ਦਰੱਵ ਜਾਂਦਾ ਹੈ। ਜਦੋਂ ਅਸੀਂ ਕਿਤੇ ਜਾਂਦੇ ਹਾਂ ਤਾਂ ਅਸਾਡੇ ਵਾਸਤੇ ਬਹੁਤ ਸੋਹਣੀਆਂ ਕੋਠੀਆਂ, ਖਾਣ ਪੀਣ ਲਈ ਚੰਗੇ ਭੋਜਨ ਦਾ, ਸੋਹਣੇ ਬਿਸਤਰਿਆਂ ਦਾ ਪ੍ਰਬੰਧ ਹੁੰਦਾ ਹੈ ਪਰ ਮੇਰੇ ਪਾਤਸ਼ਾਹ ਦੇ ਵੇਲੇ ਕਿੰਨੀਆਂ ਤਕਲੀਫਾਂ ਕੱਟਣੀਆਂ ਪੈਂਦੀਆਂ ਸਨ। ਨਾ ਹੀ ਆਪ ਪੈਣ ਲਈ ਸਫ ਹੀ ਮੰਗਦੇ ਹਨ, ਨਾ ਪਲੰਘ ਦੀ ਗੱਲ ਕੀਤੀ ਜਾ ਰਹੀ ਹੈ। ਜਿਥੇ ਵੀ ਰਾਤ ਪੈ ਜਾਂਦੀ ਸੀ ਉਥੇ ਹੀ ਦਰਖ਼ਤਾਂ ਦੀਆਂ ਟਾਹਣੀਆਂ ਤੋੜ ਕੇ ਥਾਂ ਸਾਫ ਕਰ ਲੈਣਾ। ਉਨ੍ਹਾਂ ਥੱਲੇ ਹੀ ਰਾਤ ਕੱਟ ਲੈਣੀ। ਭਾਈ ਮਰਦਾਨਾ ਜੀ ਨੂੰ ਇਸ ਗੱਲ ਦਾ ਬਹੁਤ ਖੇਦ ਹੁੰਦਾ ਹੈ ਕਿ ਜਿਥੇ ਅਸੀਂ ਭੁੰਜੇ ਹੀ ਸੌਂਦੇ ਹਾਂ ਉਥੇ ਆਪ ਵੀ ਬਾਂਹ ਦਾ ਸਰ੍ਹਾਣਾ ਲਾ ਕੇ ਵਿਸ਼ਰਾਮ ਕਰ ਲੈਂਦੇ ਹਨ। ਅੰਮ੍ਰਿਤ ਵੇਲੇ ਉਠ ਖੜ੍ਹੇ ਹੁੰਦੇ ਹਨ। ਅੱਜ ਅਸੀਂ ਜਦੋਂ ਸੋਚਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ। ਅਸਾਨੂੰ ਬਖਸ਼ੀ ਹੋਈ ਸਾਰੀ ਅਮੀਰੀ, ਸਾਰੀ ਮਾਨਤਾ ਮੇਰੇ ਗੁਰੂ ਮਹਾਰਾਜ ਜੀ ਦੇ ਸਦਕੇ ਹੈ, ਆਪ ਜੀ ਨੇ ਜਿਥੇ ਰਾਤ ਪੈ ਜਾਣੀ, ਭਾਵੇਂ ਜੰਗਲ ਹੋਵੇ, ਭਾਵੇਂ ਕੋਈ ਬਸਤੀ ਹੋਵੇ, ਕੋਈ ਸੁਤੰਤਰ ਥਾਂ ਦੇਖ ਕੇ ਉਥੇ ਹੀ ਵਿਸ਼ਰਾਮ ਕਰ ਲੈਣਾ। ਉਥੋਂ ਹੀ ਕਿਤੋਂ ਜਲ ਲੈ ਕੇ ਇਸ਼ਨਾਨ ਕਰ ਲੈਣਾ ਅਤੇ ਉਥੇ ਹੀ ਆਸਾ ਕੀ ਵਾਰ ਦੇ ਕੀਰਤਨ ਸ਼ੁਰੂ ਕਰ ਲੈਣੇ। ਦੋ ਚਾਰ ਸਰੋਤੇ ਆ ਜਾਣੇ ਤੇ ਉਨ੍ਹਾਂ ਨਾਲ ਪ੍ਰਮਾਰਥਕ ਬਚਨ ਸਾਂਝੇ ਕਰ ਲੈਣੇ। ਆਪ ਹਰ ਵਕਤ ਹੀ ਪੈਦਲ ਚਲਦੇ ਰਹਿੰਦੇ ਸਨ, ਬਿਸਤਰੇ ਵਗੈਰਾ ਚੁਕ ਕੇ ਤੁਰਿਆ ਨਹੀਂ ਸੀ ਜਾਂਦਾ। ਘੱਟ ਤੋਂ ਘੱਟ ਸਮਾਨ ਹੋਇਆ ਕਰਦਾ ਸੀ। ਖੂਹ ਵਿਚੋਂ ਪਾਣੀ ਕੱਢਣ ਲਈ ਕੋਈ ਬਰਤਨ, ਲੰਮੀ ਲੱਜ (ਰੱਸੀ) ਇਕ ਅੱਧਾ ਫਾਲਤੂ ਵਸਤਰ, ਜੋ ਵਾਰੀ ਸੁੱਧਾ ਪਹਿਨਿਆ ਜਾਂਦਾ ਸੀ। ਬਹੁਤ ਹੀ ਜ਼ਰੂਰੀ ਚੀਜ਼ਾਂ ਨਾਲ ਲੈ ਕੇ ਤੁਰਦੇ ਸਨ। ਪਾਣੀ ਵਾਸਤੇ ਹਲਕਾ ਜਿਹਾ ਬਰਤਨ ਨਾਲ ਰਖਦੇ ਸਨ, ਕਿਸੇ ਖੂਹ ਜਾਂ ਨਦੀ, ਨਾਲੇ ਤੋਂ ਪਾਣੀ ਲੈ ਲੈਣਾ। ਉਥੇ ਹੀ ਕੱਚੇ ਥਾਂ ਖੜ੍ਹੇ ਹੋ ਕੇ ਇਸ਼ਨਾਨ ਕਰ ਲੈਣਾ, ਸਫਰ ਕਰਨ ਲਈ ਕੋਈ ਚਮੜੇ ਦਾ ਜੋੜਾ ਜਾਂ ਜੁੱਤੀ ਨਹੀਂ ਹੋਇਆ ਕਰਦੀ ਸੀ। ਕਿੱਲੀ ਵਾਲੀਆਂ ਲੱਕੜੀਆਂ ਦੀਆਂ ਖੜ੍ਹਾਵਾਂ ਹੋਇਆ ਕਰਦੀਆਂ ਸਨ ਜੋ ਅਗੂੰਠੇ ਵਿਚ ਫੜ ਕੇ ਹੀ ਸਫਰ ਕਰਦੇ ਸਨ। ਬਟਨਾਂ ਦੀ ਥਾਂ ਦੇ ਉਪਰ ਕਮੀਜ਼ ਨੂੰ ਕੱਪੜੇ ਦੀਆਂ ਹੀ ਡੋਡੀਆਂ ਲਾ ਦਿਤੀਆਂ ਜਾਂਦੀਆਂ ਸਨ, ਜੋ ਚੋਲਾ ਕਹਾਉਂਦਾ ਸੀ, ਉਹ ਥੋੜ੍ਹਾ ਲੰਮਾ ਹੋਇਆ ਕਰਦਾ ਸੀ। ਉਹ ਹੀ ਪਹਿਨ ਲੈਂਦੇ ਸਨ, ਅਸਾਡੇ ਵਾਂਗੂੰ ਸੂਟ ਨਹੀਂ ਸਨ ਪਹਿਨਦੇ ਅਤੇ ਰੰਗ ਬਰੰਗੇ ਵਸਤਰ ਨਹੀਂ ਸੀ ਪਾਉਂਦੇ। ਆਮ ਤੌਰ ਉਪਰ ਕੱਪੜਾ ਰੰਗ ਲੈਣਾ, ਚੋਲਾ ਪਹਿਨ ਲੈਣਾ ਅਤੇ ਉਤੋਂ ਦੀ ਇਕ ਚਾਦਰ ਦੀ ਗਿਲਟੀ ਮਾਰ ਲੈਣਾ। ਚਲਣ ਸਮੇਂ ਪਰਨਾ ਲੱਕ ਨੂੰ ਬੰਨ੍ਹ ਲੈਣਾ ਅਤੇ ਗਿਲਟੀ ਤੋਂ ਵਾਧੂ ਰੱਖੀ ਚਾਦਰ ਮੋਢਿਆਂ ਉਪਰ ਰੱਖ ਕੇ ਬੁੱਕਲ ਮਾਰ ਲੈਣੀ, ਜਦੋਂ ਲੋੜ ਪੈਣੀ ਤਾਂ ਇਕ ਚਾਦਰ ਹੇਠਾਂ ਵਿਛਾ ਲੈਣੀ ਅਤੇ ਹੇਠਲੀ ਉਤੇ ਲੈ ਲੈਣੀ। ਵਾਹਿਗੁਰੂ ਜੀ ਜਾਨਣ ਮੱਛਰਾਂ, ਮੱਖੀਆਂ, ਕੀੜੇ-ਮਕੌੜਿਆਂ, ਸੱਪਾਂ, ਬਿੱਛੂਆਂ ਤੋਂ ਕਿਵੇਂ ਬਚਾਓ ਹੋਇਆ ਕਰਦਾ ਸੀ। ਭੋਜਨ ਸਮੇਂ ਸਿਰ ਨਹੀਂ ਸੀ ਮਿਲਦਾ, ਸਰੀਰ ਨੂੰ ਅਰਾਮ ਸਮੇਂ ਸਿਰ ਨਹੀਂ ਸੀ ਮਿਲਦਾ। ਕਿੱਡੀਆਂ ਖੇਚਲਾਂ ਝੱਲ ਕੇ ਗੁਰੂ ਮਹਾਰਾਜ ਜੀ ਨੇ ਅਸਾਨੂੰ ਸਭ ਤੋਂ ਸ੍ਰੇਸ਼ਟ ਮਾਰਗ ਜਿਸ ਦੀ ਪਹੁੰਚ -

*ਆਦਿ ਸਚੁ ਜੁਗਾਦਿ ਸਚੁ*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਅੰਗ - ੧*

ਤਕ ਹੈ, ਦੀ ਸੋਝੀ ਦੇ ਰਹੇ ਸਨ। ਅਸੀਂ ਅੱਜ ਗੁਰੂ ਮਹਾਰਾਜ ਦੀਆਂ ਝੱਲੀਆਂ ਹੋਈਆਂ ਉਨ੍ਹਾਂ ਖੇਚਲਾਂ ਨੂੰ ਧਿਆਨ ਵਿਚ ਹੀ ਨਹੀਂ ਲਿਆਉਂਦੇ। ਜਿਥੇ ਵਾਹਿਗੁਰੂ ਜੀ ਨੂੰ ਅਸੀਂ ਭੁੱਲੇ ਹਾਂ ਉਥੇ ਗੁਰੂ ਮਹਾਰਾਜ ਜੀ ਨੂੰ ਵੀ ਭੁੱਲ ਰਹੇ ਹਾਂ। ਮਹਾਤਮਾ ਬਹੁਤ ਤਿਆਗੀ ਹੋਇਆ ਕਰਦੇ ਹਨ। ਜਦੋਂ ਮੁਹੰਮਦ ਸਾਹਿਬ ਜੀ ਦੀ ਪੁਸ਼ਾਕ ਬਾਰੇ ਪੜ੍ਹਦੇ ਹਾਂ ਤਾ ਪਤਾ ਲਗਦਾ

ਹੈ ਕਿ ਉਨ੍ਹਾਂ ਨੇ ਸਿਰਫ ਦੋ ਚਾਦਰਾਂ ਵਿਚ ਸਾਰੀ ਜ਼ਿੰਦਗੀ ਲੰਘਾ ਦਿਤੀ। ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੂੰ ਹਰ ਵਕਤ ਦਾ ਸਫਰ ਰਹਿੰਦਾ ਸੀ। ਪਹਿਲਾਂ-ਪਹਿਲਾਂ ਕੋਈ ਪ੍ਰੇਮੀ ਨਹੀਂ ਸੀ ਬਣਿਆ ਕਰਦਾ। ਸਗੋਂ ਐਸੀਆਂ ਕਥਾਵਾਂ ਵੀ ਆਉਂਦੀਆਂ ਹਨ ਕਿ ਆਪ ਜੀ ਦਾ ਵਾਹ ਚੋਰਾਂ, ਡਾਕੂਆਂ, ਤੰਤਰ-ਮੰਤਰ ਕਰਨ ਵਾਲਿਆਂ ਨਾਲ ਅਤੇ ਮਾੜੇ ਬੰਦਿਆਂ ਨਾਲ ਪੈਂਦਾ ਰਿਹਾ। ਸੋ ਅੱਜ ਗੁਰੂ ਮਹਾਰਾਜ ਜੀ ਦੀਪਾਲਪੁਰ ਆਏ ਹੋਏ ਹਨ। ਹਨ੍ਹੇਰਾ ਹੋ ਚੁੱਕਿਆ ਹੈ। ਆਲਾ-ਦੁਆਲਾ ਦੇਖਿਆ ਤਾਂ ਇਕ ਚਬੂਤਰਾ ਨਜ਼ਰੀਂ ਪਿਆ। ਭਾਈ ਬਾਲਾ ਜੀ ਉਸ ਉਪਰ ਝਾੜੂ ਦੇਣ ਲੱਗੇ ਤਾਂ ਭਾਈ ਮਰਦਾਨਾ ਜੀ ਜਲ ਲੈਣ, ਕਿਸੇ ਖੂਹ ਤੇ ਚਲੇ ਗਏ। ਜਦੋਂ ਸਾਫ ਸੁਥਰਾ ਕਰਕੇ ਗੁਰੂ ਮਹਾਰਾਜ ਲਈ ਆਸਣ ਵਿਛਾ ਦਿਤਾ ਤਾਂ ਉਸ ਵੇਲੇ ਆਂਢ-ਗੁਆਂਢ ਦੇ ਕਈ ਪ੍ਰੇਮੀ ਇਕੱਠੇ ਹੋ ਕੇ ਆਪਸ ਵਿਚ ਘੁਸਰ-ਮੁਸਰ ਕਰਨ ਲੱਗੇ। ਕਹਿਣ ਲੱਗੇ, "ਦੇਖੋ, ਇਹ ਤਿੰਨੋ ਨਵੇਂ ਬੰਦੇ ਪਤਾ ਨਹੀਂ ਕਿਥੋਂ ਆਏ ਹਨ। ਆਪਣਿਆਂ ਘਰਾਂ ਦੇ ਅੱਗੇ ਰਾਤ ਕੱਟਣ ਦੀ ਤਿਆਰੀ ਕਰ ਰਹੇ ਹਨ। ਆਪਸ ਵਿਚ ਸਲਾਹ ਕਰਕੇ ਕਹਿਣ ਲੱਗੇ ਕਿ ਕਿਤੇ ਅਜਿਹਾ ਹੀ ਨਾ ਹੋਵੇ ਕਿ ਆਪਣੇ ਸੌਣ ਤੋਂ ਪਿਛੋਂ ਆਪਣੇ ਘਰ ਭੰਨ ਲੈਣ। ਚੰਗਾ ਇਹੋ ਹੈ ਕਿ ਇਨ੍ਹਾਂ ਨੂੰ ਇਥੋਂ ਹੁਣੇ ਹੀ ਉਠਾ ਦੇਈਏ।" ਦੋ ਚਾਰ ਬੰਦੇ ਅੱਗੇ ਆਏ, ਉਨ੍ਹਾਂ ਨੇ ਕਿਹਾ, ਅਸੀਂ ਨਹੀਂ ਜਾਣਦੇ ਕਿ ਤੁਸੀਂ ਸੱਚੇ ਸਾਧੂ ਹੋਂ, ਥਾਂ ਛੱਡ ਕੇ ਹੋਰ ਪਾਸੇ ਚਲੇ ਜਾਓ। ਇਸ ਤਰ੍ਹਾਂ ਸਾਫ ਕਰਿਆ ਕਰਾਇਆ ਥਾਂ ਛੱਡ ਕੇ ਗੁਰੂ ਮਹਾਰਾਜ ਜੀ ਦੂਸਰੇ ਪਾਸੇ ਚਲੇ ਗਏ।

ਕਹਿਣ ਲੱਗੇ ਕਿ ਭਾਈ ਮਰਦਾਨਾ! ਆਪਣਾ ਕਾਹਦਾ ਦਾਅਵਾ ਹੈ। ਆਪਣੀ ਕੋਈ ਮਲਕੀਅਤ ਤਾਂ ਹੈ ਨਹੀਂ ਕਿ ਆਪਾਂ ਇਨ੍ਹਾਂ ਨਾਲ ਝਗੜਾ ਕਰੀਏ ਕਿ ਅਸੀਂ ਤਾਂ ਥਾਂ ਸਾਫ ਕਰਿਆ ਹੈ ਇਸ ਕਰਕੇ ਅਸੀਂ ਇਥੇ ਹੀ ਰਾਤ ਕੱਟਣੀ ਹੈ। ਚਲੋ, ਜਿਥੇ ਕਰਤਾਰ ਦਾ ਹੁਕਮ, ਉਥੇ ਹੀ ਰੈਣ ਬਸੇਰਾ ਕਰਾਂਗੇ। ਚੰਗਾ ਭਾਈ! ਤੁਹਾਡਾ ਨਿਰੰਕਾਰ ਭਲਾ ਕਰੇ, ਅਸਾਡਾ ਕਿਹੜਾ ਦਾਅਵਾ ਹੈ।

ਜਿਥੇ ਜਾ ਕੇ ਦੂਜੀ ਵਾਰੀ ਆਸਣ ਲਾਉਣ ਦਾ ਜਤਨ ਕੀਤਾ ਉਥੇ ਵੀ ਉਨ੍ਹਾਂ ਨੇ ਇਕੱਠੇ ਹੋ ਕੇ ਉਠਾ ਦਿਤੇ। ਇਸ ਤਰ੍ਹਾਂ ਕਰਦੇ-ਕਰਦੇ ਸਾਰੇ ਨਗਰ ਵਿਚ ਕਿਸੇ ਨੇ ਵੀ ਸੁਆਗਤ ਨਹੀਂ ਕੀਤਾ। ਅਤਿੱਥੀ ਸੇਵਾ ਨੂੰ ਤਾਂ ਪੂਰੀ ਤਰ੍ਹਾਂ ਭੁੱਲ ਹੀ ਚੁੱਕੇ ਸਨ, ਨਾ ਹੀ ਉਨ੍ਹਾਂ ਨੇ ਕੋਈ ਐਸੀ ਜਗ੍ਹਾ ਬਣਾਈ ਸੀ, ਜਿਥੇ ਰੈਣ ਬਸੇਰਾ ਕਰਨ ਵਾਲੇ ਰਹਿ ਸਕਣ। ਪੰਜਵੀਂ ਛੇਵੀਂ ਵਾਰੀ ਜਦੋਂ ਗੁਰੂ ਮਹਾਰਾਜ ਨੂੰ ਆਸਣ ਨਾ ਲਾਉਣ ਦਿਤਾ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਤੁਸੀਂ ਸਾਰੇ ਗ੍ਰਹਿਸਤੀ ਹੋਂ, ਸਫਲ ਗ੍ਰਹਿਸਤੀ ਦੇ ਫਰਜ਼ ਹੋਇਆ ਕਰਦੇ ਹਨ ਕਿ ਉਹ ਅਤਿਥੀਆਂ ਦੀ ਸੰਭਾਲ ਕਰੇ ਅਤੇ ਆਏ ਗਏ ਸਾਧੂ ਨੂੰ ਭੋਜਨ ਵਗੈਰਾ ਦੇ ਕੇ ਸੇਵਾ ਕਰੇ। ਪਰ ਅਸੀਂ ਤਾਂ ਇਹ ਦੇਖਿਆ ਹੈ ਕਿ ਤੁਸੀਂ ਇਨ੍ਹਾਂ ਗੱਲਾਂ ਤੋਂ ਬਿਲਕੁਲ ਕੋਰੇ ਹੋਂ। ਅਸਾਨੂੰ ਕੋਈ ਨਹੀਂ ਦਸ ਰਿਹਾ ਕਿ ਇਥੇ ਠਹਿਰਨ ਵਾਸਤੇ ਕੋਈ ਥਾਂ ਵੀ ਹੈ, ਕਿਉਂਕਿ ਹਰ ਨਗਰ ਤੇ ਪਿੰਡ ਵਿਚ ਸਿਆਣੇ ਬੰਦੇ - ਰਾਹੀਆਂ, ਅਤਿਥੀਆਂ, ਸਾਧੂਆਂ, ਸੰਤਾਂ ਦੇ ਠਹਿਰਣ ਲਈ ਕੋਈ ਨਾ ਕੋਈ ਥਾਂ ਬਣਾਉਂਦੇ ਹਨ, ਜਿਥੇ ਪ੍ਰਮੇਸ਼ਰ ਦੇ ਪਰੇਰੇ ਹੋਏ ਉਨ੍ਹਾਂ ਨੂੰ ਭੋਜਨ ਵੀ ਦਿੰਦੇ ਹਨ। ਪਿਆਰਿਓ! ਦੱਸੋ ਤਾਂ ਸਹੀ ਕਿ ਇਥੇ ਕੋਈ ਧਰਮਸਾਲਾ ਵੀ ਹੈ ਜਾਂ ਨਹੀਂ? ਇਹ ਸੁਣ ਕੇ ਕਈ ਬੰਦੇ ਆਪ ਮੁਹਾਰੇ ਇਕੱਠੇ ਹੀ ਬੋਲੇ ਕਿ ਨਾ-ਨਾ ਬਾਬਾ ਅਸੀਂ ਇਨ੍ਹਾਂ ਗੱਲਾਂ ਵਿਚ ਨਹੀਂ ਪੈਂਦੇ। ਪਹਿਲਾਂ ਅਸੀਂ ਓਪਰੇ ਬੰਦਿਆਂ ਨੂੰ ਰਹਿਣ ਨੂੰ ਥਾਂ ਦੇਈਏ ਫੇਰ ਓਹ ਹੀ ਸਾਨੂੰ ਲੁੱਟ ਕੇ ਲੈ ਜਾਣ। ਅਸੀਂ ਤਾਂ ਓਪਰੇ ਬੰਦਿਆਂ ਨੂੰ ਨਗਰ ਵਿਚ ਵੜਨ ਹੀ ਨਹੀਂ ਦਿੰਦੇ।

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਤੁਸੀਂ ਪ੍ਰਮੇਸ਼ਰ ਦੇ ਬਣਾਏ ਹੋਏ ਬੰਦੇ ਹੋ, ਤੁਹਾਨੂੰ ਉਨ੍ਹਾਂ ਨੇ ਰਹਿਣ ਵਾਸਤੇ ਸੋਹਣੇ ਮਹਿਲ ਬਖਸ਼ੇ ਹਨ, ਰਿਜ਼ਕ ਦਿਤਾ ਹੈ, ਸਵਾਰੀਆਂ ਦਿਤੀਆਂ ਹਨ, ਕੀ ਤੁਸੀਂ ਉਸਦੇ ਬੰਦਿਆਂ ਵਾਸਤੇ ਕੁਝ ਵੀ ਨਹੀਂ ਕਰਦੇ? ਸਾਧੂ ਸੰਤ ਤਾਂ ਤੁਹਾਡਾ ਹਰ ਸਮੇਂ ਭਲਾ ਕਰਦੇ ਹਨ। ਉਹ ਤਾਂ ਸੰਸਾਰ ਤੇ ਆਏ ਹੀ ਇਸ ਵਾਸਤੇ ਹੁੰਦੇ ਹਨ ਕਿ ਤੁਹਾਨੂੰ ਆਪਣੇ ਮਨੋਰਥ ਦਾ ਪਤਾ ਲਗ ਜਾਵੇ ਕਿ ਤੁਹਾਨੂੰ ਮਾਨਸ ਜਨਮ ਪ੍ਰਭੂ ਦੀ ਪ੍ਰਾਪਤੀ ਵਾਸਤੇ ਮਿਲਿਆ ਹੈ। ਜੇ ਕੋਈ ਨਗਰ ਵਿਚ ਸਾਧੂ ਸੰਤ ਹੀ ਨਹੀਂ ਠਹਿਰੇਗਾ ਤਾਂ ਨਗਰ ਦਾ ਭਲਾ ਕਿਵੇਂ ਹੋਵੇਗਾ? ਤੁਹਾਨੂੰ ਉਪਦੇਸ਼ ਕੌਣ ਦੇਵੇਗਾ ਅਤੇ ਮਾਇਆ ਨਾਗਣੀ ਤੋਂ ਕੌਣ ਛੁਡਾਵੇਗਾ? ਧਰਮਰਾਜ ਦੀ ਦਰਗਾਹ ਵਿਚ ਪਹੁੰਚ ਕੇ ਜਦੋਂ ਲੇਖੇ ਪੱਤੇ ਹੋਣਗੇ ਤਾਂ ਤੁਹਾਡੇ ਖਾਤਿਆਂ ਵਿਚ ਪੁੰਨ ਤਾਂ ਨਿਕਲਣੇ ਹੀ ਨਹੀਂ, ਫੇਰ ਉਥੇ ਜਾ ਕੇ ਕੀ ਖਾਵੋਂਗੇ? ਸੰਸਾਰ ਵਿਚ ਜੇ ਪੁੰਨ ਨਹੀਂ ਕੀਤਾ, ਸੇਵਾ ਨਹੀਂ ਕੀਤੀ, ਦਾਨ ਨਹੀਂ ਕੀਤਾ ਤਾਂ ਜੀਵਨ ਤਾਂ ਵਿਅਰਥ ਹੀ ਗਿਆ ਨਾ। ਪਿਆਰਿਓ! ਅਤਿੱਥੀ ਸੇਵਾ ਕਰਨ ਲਈ ਤਾਂ ਹਰ ਨਗਰ ਵਾਲੇ ਸਿਆਣੇ, ਕੋਈ ਨਾ ਕੋਈ ਸਾਂਝਾ ਥਾਂ ਛੱਤ ਕੇ ਰਖਦੇ ਹਨ। ਜਿਥੇ ਆ ਕੇ

ਅਤਿਥੀ, ਸਾਧੂ ਜਨ, ਰਾਹੀ ਨਿਵਾਸ ਕਰਦੇ ਹਨ ਅਤੇ ਉਨ੍ਹਾਂ ਨੂੰ ਪ੍ਰਸ਼ਾਦ-ਪਾਣੀ ਦੇ ਕੇ ਆਪਣੇ ਗ੍ਰਿਹਸਤ ਧਰਮ ਦਾ ਫਰਜ਼ ਨਿਭਾਉਂਦੇ ਹਨ। ਗ੍ਰਹਿਸਤੀ ਦਾ ਫਰਜ਼ ਹੈ ਕਿ ਨੇਕ ਕਮਾਈ ਕਰੇ, ਵੰਡ ਕੇ ਛਕੇ ਅਤੇ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਨਾਮ ਦੀ ਦਾਤ ਪ੍ਰਾਪਤ ਕਰੇ ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲ ਕਰੇ। ਉਸ ਵੇਲੇ ਭੋਲੇ ਬਣੇ, ਚਲਾਕ ਬੰਦੇ, ਇਕ ਦੂਜੇ ਵਲ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਹਾਂ, ਹਾਂ ਬਾਬਾ! ਅਸੀਂ ਤਾਂ ਭੁੱਲ ਹੀ ਗਏ ਸੀ ਅਸਾਡੇ ਯਾਦ ਆ ਗਿਆ ਕਿ ਤੁਹਾਡੇ ਵਰਗੇ ਮਹਾਂਪੁਰਸ਼ਾਂ ਦੇ ਰਹਿਣ ਲਈ ਬਹੁਤ ਹੀ ਸੁੰਦਰ ਥਾਂ ਬਣਾਇਆ ਹੋਇਆ ਹੈ। ਅਸਾਨੂੰ ਮਾਫ ਕਰਨਾ, ਉਹ ਥਾਂ ਜ਼ਰਾ ਬਸਤੀ ਤੋਂ ਦੂਰ ਹੈ, ਪਰ ਅਜਿਹਾ ਹੈ ਕਿ ਜਿਹੜਾ ਇਕ ਵਾਰੀ ਉਥੇ ਰਹਿ ਗਿਆ, ਉਹ ਸਾਰੀ ਜ਼ਿੰਦਗੀ ਯਾਦ ਰਖਦਾ ਹੈ ਕਿ ਅਸਾਨੂੰ ਕਿੰਨਾ ਸੋਹਣਾ ਥਾਂ ਰਹਿਣ ਵਾਸਤੇ ਦਿਤਾ ਹੈ। ਮਹਾਰਾਜ ਜੀ! ਅਸਾਨੂੰ ਤਾਂ ਇਹ ਪਤਾ ਹੀ ਨਹੀਂ ਸੀ ਕਿ ਤੁਸੀਂ ਸਾਧੂ ਹੋਂ, ਅਸਾਡਾ ਗ੍ਰਹਿਸਤੀਆਂ ਦਾ ਸੁਭਾਅ ਸਾਧੂਆਂ ਤੇ ਸ਼ੱਕ ਕਰਨਾ ਹੈ, ਪਹਿਲਾਂ ਖਿਆਲ ਹੀ ਨਹੀਂ ਰਿਹਾ ਅਸਾਨੂੰ ਤਾਂ ਹੁਣ ਪਤਾ ਲੱਗਿਆ ਕਿ ਤੁਸੀਂ ਚੰਗਾ ਉਪਦੇਸ਼ ਦੇਣ ਵਾਲੇ ਸਾਧੂ ਹੋਂ। ਅਸੀਂ ਦਸ ਦਿੰਦੇ ਹਾਂ ਕਿ ਆਹ ਖੇਤਾਂ ਦੇ ਵਿਚੋਂ ਡੰਡੀ ਜਾਂਦੀ ਹੈ ਇਸ ਉਪਰ ਸਿੱਧੇ ਚਲੇ ਜਾਣਾ ਹੈ, ਉਸ ਪਾਸੇ ਜਾ ਕੇ ਇਕ ਦਰਖਤ ਆਵੇਗਾ ਅਤੇ ਫੇਰ ਇਕ ਮਹਿਲ ਆਵੇਗਾ। ਦੂਰੋਂ ਹੀ ਸੁਗੰਧੀਆਂ ਆਉਣਗੀਆਂ। ਤੁਹਾਡਾ ਜੀਅ ਕਰੇਗਾ ਕਿ ਅਸੀਂ ਇਥੇ ਹੀ ਰੈਣ ਬਸੇਰਾ ਕਰ ਲਈਏ। ਕਹਿਣ ਲੱਗੇ, "ਮਹਾਰਾਜ! ਉਥੇ ਕੋਲ ਇਸ਼ਨਾਨ ਲਈ ਖੂਹ ਵੀ ਬਣਾਇਆ ਹੋਇਆ ਹੈ ਅਤੇ ਉਥੇ ਜਿਸ ਨੇ ਤੁਹਾਡਾ ਸਵਾਗਤ ਕਰਨਾ ਹੈ ਉਹ ਸਾਰੀ ਰਾਤ ਹੀ ਨਹੀਂ ਸੌਂਦਾ, ਅਸੀਂ ਤਾਂ ਸਾਰੇ ਹੀ ਆਪਣੇ ਮਾੜੇ ਸੁਭਾਅ ਨਾਲ ਤੁਹਾਨੂੰ ਚੋਰ ਚਕਾਰ ਹੀ ਸਮਝਦੇ ਰਹੇ।

ਮਹਾਰਾਜ ਜੀ ਕਹਿਣ ਲੱਗੇ, "ਚੰਗਾ ਭਾਈ! ਨਿਰੰਕਾਰ ਤੁਹਾਡਾ ਭਲਾ ਕਰੇ, ਚਾਹੇ ਸੁਗੰਧੀਆਂ ਵਾਲਾ ਹੈ, ਚਾਹੇ ਦੁਰਗੰਧੀਆਂ ਵਾਲਾ ਹੈ, ਅਸੀਂ ਤਾਂ ਨਿਰੰਕਾਰ ਦੀ ਰਜ਼ਾ ਵਿਚ ਰਹਿਣਾ ਹੈ। ਨਾ ਸਾਨੂੰ ਸੱਥਰ ਨਾਲ ਫਰਕ ਪੈਂਦਾ ਹੈ ਅਤੇ ਨਾ ਹੀ ਮਹੱਲ ਵਿਚ ਰਹਿ ਕੇ ਵਿਸ਼ੇਸ਼ ਖੁਸ਼ੀ ਹੁੰਦੀ ਹੈ। ਕਿੱਧਰ ਜਾਈਏ ਇਹ ਅਸਾਨੂੰ ਥੋੜ੍ਹਾ ਦਸ ਦੇਵੋ।

ਤਾਂ ਇਕ ਪ੍ਰੇਮੀ ਬੋਲਿਆ, ਆਹ ਰਸਤਾ ਜਿਹੜਾ ਜਾਂਦਾ ਹੈ ਨਾ, ਨਜ਼ਰ ਆਉਂਦਾ ਹੈ ਨਾ, ਆਪਣੇ ਸਾਮ੍ਹਣੇ ਦਰਖਤ ਖੜ੍ਹਾ ਹੈ ਇਹ ਦੇ ਉਪਰ ਦੋ ਤਿੰਨ ਗਜ਼ ਜਾ ਕੇ ਖੱਬੇ ਪਾਸੇ ਮੁੜ ਜਾਓ, ਉਥੇ ਇਕ ਦਰਖ਼ਤ ਆਏਗਾ ਉਥੇ ਨਾਲ ਹੀ ਇਕ ਰੰਗਲਾ ਸ਼ੀਸ਼ ਮਹਿਲ ਹੈ, ਉਥੇ ਹੀ ਖੂਹ ਲੱਗਿਆ ਹੋਇਆ ਹੈ, ਹਨ੍ਹੇਰਾ ਕੁਝ ਜ਼ਰੂਰ ਹੈ, ਸੋਟੀ ਨਾਲ ਟੋਹ-ਟਾਹ ਲਿਓ, ਰਸਤੇ ਵਿਚ ਕਈ ਖੱਡੇ ਆਉਂਦੇ ਹਨ। ਵੱਡੀ ਨਿਸ਼ਾਨੀ ਹੈ ਕਿ ਸੁਗੰਧੀਆਂ ਦੂਰੋਂ ਹੀ ਆਉਣ ਲਗ ਜਾਣਗੀਆਂ।

ਗੁਰੂ ਮਹਾਰਾਜ ਜੀ ਨੇ ਅਸੀਸ ਦਿਤੀ ਅਤੇ ਕਿਹਾ ਕਿ ਚਲੋ! ਭਾਈ ਬਾਲਾ ਤੇ ਮਰਦਾਨਾ ਜਿਥੇ ਨਿਰੰਕਾਰ ਲੈ ਚਲੇ ਉਹ ਹੀ ਆਪਣੇ ਵਾਸਤੇ ਤਾਂ ਉੱਤਮ ਥਾਂ ਹੈ। ਚਲੋ, ਦੇਖੋ ਕਰਤਾਰ ਦੇ ਰੰਗ ਕੀ ਬਣਦਾ ਹੈ? ਅਸਾਨੂੰ ਇਥੇ ਕਿਉਂ ਲੈ ਕੇ ਆਇਆ ਹੈ?

ਚਲੋ ਭਾਈ! ਸੋਹਣਾ ਮਹਿਲ ਮਿਲਣਾ ਹੈ ਜਾਂ ਸੋਹਣਾ ਬਣ ਜਾਣਾ ਹੈ, ਸੁਗੰਧੀਆਂ ਮਿਲਣਗੀਆਂ ਜਾਂ ਦੁਰਗੰਧੀਆਂ ਮਿਲਣਗੀਆਂ, ਜਾਂ ਦੁਰਗੰਧੀਆਂ ਨੇ ਸੁਗੰਧੀਆਂ ਵਿਚ ਬਦਲ ਜਾਣਾ ਹੈ, ਨਗਰ ਦਾ ਭਲਾ ਤਾਂ ਕਰਤਾਰ ਨੇ ਆਪਾਂ ਤੋਂ ਕਰਾਉਣਾ ਹੀ ਹੈ। ਸੋ ਇਹ ਰਮਜ਼ ਭਰੇ ਬਚਨ, ਪਿੰਡ ਵਾਲਿਆਂ ਨੇ ਵੀ ਸੁਣ ਲਏ, ਉਨ੍ਹਾਂ ਦਾ ਅੰਦਰ ਹਿੱਲ ਗਿਆ। ਹੁਣ ਉਹ ਸੋਚਣ ਲਗ ਪਏ ਕਿ ਹੋਵੇ ਨਾ ਤਾਂ ਇਹ ਕੋਈ ਸਚਮੁਚ ਦਾ ਹੀ ਦਰਵੇਸ਼ ਨਾ ਹੋਵੇ।

ਗੁਰੂ ਮਹਾਰਾਜ ਜੀ ਚਲੇ ਜਾ ਰਹੇ ਹਨ ਉਸ ਥਾਂ ਦੇ ਨੇੜੇ ਪਹੁੰਚ ਗਏ। ਉਹ ਦਰਖਤ ਵੀ ਆ ਗਿਆ ਤੇ ਮੁੜਨ ਵਾਲਾ ਰਸਤਾ ਵੀ ਆ ਗਿਆ, ਛੋਟੀ ਪਹੀ (ਤੰਗ ਸੜਕ) ਸੀ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਪਤਾ ਨਹੀਂ ਕੀ ਹੋ ਗਿਆ, ਮੇਰਾ ਸਿਰ ਚੱਕਰ ਖਾਣ ਲਗ ਗਿਆ, ਉਹ ਤਾਂ ਕਹਿੰਦੇ ਸਨ ਕਿ ਬਹੁਤ ਸੁਗੰਧੀ ਆਵੇਗੀ। ਰਾਤ-ਰਾਣੀਆਂ ਬੀਜੀਆਂ ਹੋਈਆਂ ਹਨ ਪਰ ਇਹ ਦੁਰਗੰਧੀ ਕਿਸ ਚੀਜ਼ ਦੀ ਆ ਰਹੀ ਹੈ? ਸ਼ਾਇਦ ਪਾਤਸ਼ਾਹ ਕੋਈ ਪਸੂ ਮਰਿਆ ਪਿਆ ਹੈ?

ਮਹਾਰਾਜ ਮੁਸਕਰਾਏ, "ਕਹਿੰਦੇ ਮਰਦਾਨਿਆ! ਅੱਜ ਕਰਤਾਰ ਨੇ ਆਪਾਂ ਤੋਂ ਇਥੇ ਹੀ ਰਾਤ ਕਟਾਉਣੀ ਹੈ। ਤੇਰੇ ਕੋਲ ਸੁਰ ਗਿਆਨ ਹੈ, ਤੂੰ ਸੁਰ ਕਰੀਂ ਆਪਾਂ ਦੁਰਗੰਧੀ, ਸੁਗੰਧੀ ਦੋਹਾਂ ਦੇ ਮਾਹੌਲ ਤੋਂ ਅੰਦਰਲੀ ਸੁਗੰਧੀ ਨੂੰ ਮਾਣਾਂਗੇ ਅਤੇ ਅੰਦਰਲੇ ਸੱਚੇ ਮਹਿਲ ਵਿਚ ਨਿਵਾਸ ਕਰਾਂਗੇ। ਪਿਆਰਿਆ! ਉਹ ਲੋਕ ਮਨਮੁਖ ਸਨ, ਉਨ੍ਹਾਂ ਨੇ ਚਲਾਕੀ ਕਰਕੇ ਅਸਾਨੂੰ ਇਥੇ ਭੇਜਿਆ ਹੈ। ਇਥੇ ਇਕ ਕੋਹੜੀ ਬੰਦਾ ਰਹਿੰਦਾ ਹੈ। ਜਿਸ ਦੇ ਸਰੀਰ ਵਿਚੋਂ ਦੂਰ-ਦੂਰ ਤਕ ਦੁਰਗੰਧ ਆ ਰਹੀ ਹੈ। ਆਪਾਂ ਨੇ ਸ਼ਬਦ ਵਿਚ ਲੀਨ ਹੋ ਜਾਣਾ ਹੈ ਫੇਰ ਨਾ ਕੋਈ ਦੁਰਗੰਧੀ ਰਹਿਣੀ ਹੈ

ਉਤੇ ਨਾ ਸੁਗੰਧੀ ਰਹਿਣੀ ਹੈ। ਦਿਬਯ ਸੁਗੰਧੀ ਦੀਆਂ ਲਪਟਾਂ ਅੰਦਰੋਂ ਹੀ ਮਾਰਨੀਆਂ ਹਨ ਉਸ ਵਿਚ ਮਸਤ ਹੋ ਕੇ ਅੱਜ ਦਾ ਰੈਣ ਬਸੇਰਾ ਕਰ, ਇਹੋ ਥਾਂ ਸਮਾਂ ਪਾ ਕੇ ਮਹੱਲ ਬਣ ਜਾਣਾ ਹੈ। ਇਹ ਗਲਿਆ-ਸੜਿਆ ਬੰਦਾ, ਇਸ ਸ਼ਹਿਰ ਨੂੰ ਸੁਧਾਰੇਗਾ। ਮਰਦਾਨਿਆ! ਜਿਸ ਘਟ ਵਿਚ ਨਾਮ ਪ੍ਰਗਟ ਹੋ ਗਿਆ ਉਥੇ ਨਾ ਕੋਈ ਦੁਖ, ਨਾ ਦਰਦ, ਰਿਹਾ ਹੀ ਨਹੀਂ ਕਰਦਾ। ਨਾਮੀ ਦੀ ਧੂੜੀ ਐਨੀ ਬਰਕਤਾਂ ਵਾਲੀ ਹੈ ਕਿ ਜੇ ਕੋਈ ਰੋਗੀ ਉਸ ਨੂੰ ਆਪਣੇ ਮਸਤਕ ਨਾਲ ਲਾ ਲਵੇ ਤਾਂ ਉਸ ਦੇ ਰੋਗ ਦੂਰ ਹੋ ਜਾਇਆ ਕਰਦੇ ਹਨ।

ਗੁਰੂ ਮਹਾਰਾਜ ਜੀ ਨੇ ਉਥੇ ਹੀ ਥੋੜ੍ਹਾ ਸਮਾਂ ਵਿਸ਼ਰਾਮ ਕੀਤਾ, ਅੰਮ੍ਰਿਤ ਵੇਲਾ ਹੋ ਆਇਆ। ਭਾਈ ਬਾਲਾ ਜੀ ਤੇ ਮਰਦਾਨਾ ਜੀ ਨੇ ਖੂਹ ਦੇ ਅੱਗੇ ਇਕ ਚੁਬੱਚਾ ਸਾਫ ਕਰਕੇ ਜਲ ਦਾ ਭਰਿਆ। ਸ੍ਰੀ ਗੁਰੂ ਨਾਨਕ ਜੀ ਨੇ ਪਹਿਲਾਂ ਆਪ ਇਸ਼ਨਾਨ ਕੀਤਾ। ਇਸੇ ਚੁਵੱਚੇ ਵਿਚੋਂ ਪਾਣੀ ਲੈ ਕੇ ਭਾਈ ਬਾਲਾ ਜੀ ਨੇ ਤੇ ਭਾਈ ਮਰਦਾਨਾ ਜੀ ਨੇ ਇਸ਼ਨਾਨ ਕੀਤਾ, ਟਿਕੀ ਹੋਈ ਰਾਤ ਸੀ ਬਹੁਤ ਨੇੜਿਓਂ ਹੀ ਇਕ ਝੌਂਪੜੀ ਵਿਚੋਂ ਹਾਏ-ਹਾਏ ਦੀ ਆਵਾਜ਼ ਆ ਰਹੀ ਸੀ ਅਤੇ ਉਚੀ-ਉਚੀ ਰੋ-ਰੋ ਕੇ ਰੱਬ ਨੂੰ ਉਲਾਂਭੇ ਦੇ ਰਿਹਾ, ਕੋਈ ਦੁਖੀ ਪੁਰਸ਼ ਦੁਖ ਭੋਗ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਹੇ ਪ੍ਰਭੂ! ਸਾਰਾ ਸੰਸਾਰ ਸੁਖੀ ਵਸਦਾ ਹੈ ਕੇਵਲ ਮੈਨੂੰ ਹੀ ਤੂੰ ਪਾਪਾਂ ਦੀ ਸਜ਼ਾ ਦਿਤੀ ਹੈ, ਮੇਰੇ ਤੋਂ ਵੱਡੇ-ਵੱਡੇ ਪਾਪੀ ਮੌਜਾਂ ਮਾਣ ਰਹੇ ਹਨ। ਹਾਏ ਓ ਰੱਬਾ! ਤੇਰੇ ਘਰ ਵੀ ਇਨਸਾਫ ਨਹੀਂ ਹੈ। ਇਸ ਤਰ੍ਹਾਂ ਦੀਆਂ ਬੇਮਤਲਬੀਆਂ ਗੱਲਾਂ ਆਪ ਹੀ ਕਰੀ ਜਾਂਦਾ ਸੀ। ਗੁਰੂ ਮਹਾਰਾਜ ਜੀ ਨੂੰ ਉਸ ਉਪਰ ਦਇਆ ਆਈ। ਉਸ ਸਮੇਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਮਰਦਾਨਿਆ! ਰਬਾਬ ਸੁਰ ਕਰ ਆਪ ਜੀ ਦੇ ਪਵਿੱਤਰ ਗਲੇ ਵਿਚੋਂ ਕੋਇਲ ਤੋਂ ਵੀ ਕਈ ਗੁਣਾਂ ਮਿੱਠੀ ਅਤੇ ਸ਼ਕਤੀ ਭਰੀ ਆਵਾਜ਼ ਨਿਕਲੀ। ਸਾਰਾ ਵਾਤਾਵਰਣ ਗੂੰਜ ਪਿਆ, ਉਹ ਕੋਹੜੀ ਪੁਰਸ਼ ਹਾਏ-ਹਾਏ ਕਰਨੋਂ ਹਟ ਗਿਆ। ਸ਼ਬਦ ਸੀ -

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥* *ਅੰਗ - ੬੬੧*

ਉਸ ਕੁਸ਼ਟੀ ਪੁਰਸ਼ ਨੇ ਬਚਨ ਸਰਵਣ ਕੀਤਾ। ਜੀਵ ਵਾਸ਼ਨਾਵਾਂ ਦੇ ਵਿਚ ਤਪ ਰਿਹਾ ਹੈ। ਤਪ-ਤਪ ਕੇ ਬਹੁਤ ਖੁਆਰ ਹੋ ਰਿਹਾ ਹੈ, ਜਿਸ ਨੂੰ ਪ੍ਰਭੂ ਦਾ ਨਾਮ ਵਿਸਰ ਜਾਂਦਾ ਹੈ ਅਤੇ ਅੰਦਰ ਸਮਾਈ ਹੋਈ ਬਾਣੀ, ਜਿਸ ਨੂੰ ਨਾਮ-ਧੁਨ ਆਖਦੇ ਹਨ, ਉਸ ਨਾਲੋਂ ਟੁੱਟ ਜਾਂਦਾ ਹੈ ਤਾਂ ਕੋਹੜ ਦੇ ਰੋਗੀ ਵਾਂਗੂੰ ਵਿਰਲਾਪ ਕਰਦਾ ਹੈ। ਅਵਾਜ਼ ਦੇ ਵਿਚ ਐਨੀ ਜ਼ੋਰਦਾਰ ਤਰੰਗ ਸੀ, Vibration ਸੀ ਕਿ ਜਦੋਂ ਉਸ ਦੇ ਕੰਨਾਂ ਤੋਂ ਹੁੰਦੀ ਹੋਈ ਹਿਰਦੇ ਤਕ ਪਹੁੰਚੀ ਤਾਂ ਉਸ ਦੀ ਸੁਰਤਿ ਬਾਣੀ ਵਿਚ ਲੀਨ ਹੋ ਗਈ ਅਤੇ ਉਸ ਨੂੰ ਆਪਣਾ ਦਰਦ ਪੂਰੀ ਤਰ੍ਹਾਂ ਭੁੱਲ ਗਿਆ। ਹਾਏ-ਹਾਏ ਕਰਨ ਤੋਂ ਹਟ ਕੇ ਪੂਰੀ ਸਾਵਧਾਨਤਾ ਦੇ ਨਾਲ ਇਸ ਸ਼ਬਦ ਨੂੰ ਸਮਝਣ ਦਾ ਜਤਨ ਕੀਤਾ ਤੇ ਸੋਚ ਰਿਹਾ ਸੀ ਕਿ ਇਹ ਕੌਣ ਆ ਗਿਆ ਜਿਸ ਦੀ ਆਵਾਜ਼ ਵਿਚ ਹੀ ਐਨੀ ਤਾਸੀਰ ਹੈ ਕਿ ਮੇਰਾ ਦਰਦ ਨੇੜੇ-ਤੇੜੇ ਵੀ ਨਾ ਰਿਹਾ। ਉਸ ਤੋਂ ਪਿਛੋਂ ਸਮਝਿਆ ਕਿ ਬਹੁਤਾ ਬੋਲਣਾ ਅਤੇ ਉਲਾਂਭੇ ਦੇਣੇ ਇਕ ਝੱਖਣ ਹੀ ਹੋਇਆ ਕਰਦਾ ਹੈ। ਉਹ ਪ੍ਰਮੇਸ਼ਰ ਤਾਂ ਬਿਨਾਂ ਬੋਲਿਆਂ ਤੋਂ ਹੀ ਧੁਰ ਅੰਦਰਲੀ ਹੂਕ ਦੀ ਪਛਾਣ ਕਰ ਲੈਂਦਾ ਹੈ। ਉਸ ਵਾਹਿਗੁਰੂ ਜੀ ਨੇ ਅਸਾਡੇ ਕੰਨ, ਅੱਖਾਂ, ਨੱਕ, ਸਾਰੇ ਇੰਦਰੇ ਬਣਾਏ ਹਨ, ਫੇਰ ਜਿਸ ਨੇ ਪਿਆਰੇ ਬਚਨ ਬੋਲਣ ਵਾਸਤੇ ਇਹ ਜਿਹਭਾ ਦਿਤੀ ਇਸ ਜਿਹਭਾ ਦੀ ਸਫਲਤਾ ਤਾਂ ਹੁੰਦੀ ਹੈ ਜੇ ਨਾਮ ਜਪਿਆ ਜਾਵੇ। ਉਸ ਵਾਹਿਗੁਰੂ ਜੀ ਨੇ ਇਸ ਜੀਵ ਨੂੰ ਮਾਤਾ ਦੇ ਪੇਟ ਵਿਚ ਜਿਥੇ ਜਠਰ ਅਗਨ ਸੀ ਉਸ ਥਾਂ ਤੋਂ ਬਚਾਇਆ। ਜਦੋਂ ਪ੍ਰਸੂਤ ਪੌਣ ਦਾ ਜ਼ੋਰ ਪਿਆ ਤਾਂ ਸਭ ਕੋਈ ਆਖ ਰਿਹਾ ਹੈ ਕਿ ਜਨਮ ਲਿਆ, ਫੇਰ ਸਮਝਿਆ ਕਿ ਜਿੰਨਾਂ ਮੋਹ ਵਿਚ ਫਸ ਕੇ ਸੁਆਦਾਂ ਨਾਲ ਪ੍ਰੀਤ ਕੀਤੀ ਜਾਂਦੀ ਹੈ ਇਹ ਸਾਰੇ ਕਾਲਖ ਦੇ ਦਾਗ ਹਨ। ਇਨ੍ਹਾਂ ਵਿਚ ਫਸਿਆ ਹੋਇਆ ਜੀਵ ਦਾਗ ਤੇ ਦੋਸ਼ ਮੂੰਹ ਨੂੰ ਲਾ ਕੇ ਦਰਗਾਹ ਵਿਚ ਬਹੁਤ ਹੀ ਵਡਰੂਪ ਹੋ ਕੇ ਜਾਂਦਾ ਹੈ, ਐਸੇ ਵਡਰੂਪ ਹੋਏ ਜੀਵ ਨੂੰ ਦਰਗਾਹ ਵਿਚ ਕੋਈ ਬੈਠਣ ਲਈ ਵੀ ਥਾਂ ਨਹੀਂ ਦਿੰਦਾ। ਗੁਰੂ ਦੀ ਮਿਹਰ ਹੋਵੇ ਤਾਂ ਪ੍ਰਭੂ ਦਾ ਨਾਮ ਜਪ ਹੁੰਦਾ ਹੈ ਜਿਸ ਨਾਲ ਲਗ ਕੇ ਜੀਵ ਸੰਸਾਰ ਤੋਂ ਤਰ ਜਾਂਦਾ ਹੈ। ਨਾਮ ਤੋਂ ਬਿਨਾਂ, ਹੋਰ ਕੋਈ ਵੀ, ਤਰਨ ਦਾ ਰਸਤਾ ਨਹੀਂ ਹੈ। ਜੇ ਕੋਈ ਵਿਸ਼ੇ ਵਿਕਾਰਾਂ ਦੇ ਸਾਗਰ ਵਿਚ ਡੁੱਬ ਵੀ ਗਿਆ ਅਤੇ ਅਰਦਾਸ ਕਰਦਾ ਹੈ ਆਪਣੀ ਭੁੱਲ ਮੰਨਦਾ ਹੈ ਅਤੇ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਸ ਵਿਚੋਂ ਕੱਢ, ਉਸ ਦੀ ਸੰਭਾਲ ਹੋ ਜਾਇਆ ਕਰਦੀ ਹੈ ਕਿਉਂਕਿ ਪ੍ਰਭੂ ਸਾਰਿਆਂ ਦਾ ਇਕੋ ਇਕ ਦਾਤਾ ਹੈ, ਵਾਹਿਗੁਰੂ ਜੀ ਦਇਆ ਕਰਕੇ ਉਸ ਨੂੰ ਆਪਣਾ ਨਾਮ ਬਖਸ਼ ਦਿੰਦੇ ਹਨ ਅਤੇ ਉਹ ਡੁਬਿਆ ਹੋਇਆ ਫਿਰ ਤਰਨ ਲਗ ਜਾਂਦਾ ਹੈ।

*'ਚਲਦਾ.........।'*

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-24)***

ਸੋ ਏਧਰ ਰਾਵਣ ਨੂੰ ਜਾ ਕੇ ਰਾਜੇ ਜਨਕ ਨੇ ਦਸਿਆ ਕਿ ਤੇਰੇ ਨਾਲ ਆਹ 'ਹੋਣੀ' ਵਰਤਣੀ ਹੈ। ਕਹਿੰਦਾ, ਨਹੀਂ ਹੋ ਸਕਦਾ। ਮੇਰੇ ਅਵਾਹਨ ਦੇ ਉਤੇ ਸਾਰੇ ਦੇਵਤੇ ਆਉਂਦੇ ਨੇ, ਮੈਂ ਕਾਬੂ ਕਰੇ ਹੋਏ ਨੇ। ਜਿਹੜੇ ਲੇਖ ਲਿਖਦੇ ਨੇ ਉਹ ਵੀ ਕਾਬੂ ਕਰੇ ਹੋਏ ਨੇ, ਜਿਹੜੇ ਸ੍ਰਿਸ਼ਟੀ ਬਣਾਉਂਦੇ ਨੇ ਉਹ ਵੀ ਮੇਰੇ ਕਾਬੂ ਕਰੇ ਹੋਏ ਨੇ। ਅਵਾਹਨ ਕਰਿਆ, ਬ੍ਰਹਮਾ ਨੂੰ ਬੁਲਾ ਲਿਆ।

ਕਹਿਣ ਲੱਗੇ, ਮਹਾਰਾਜ! ਮੇਰੇ ਕਿਹੜੀ ਓਲਾਦ ਆ ਰਹੀ ਹੈ?

ਕਹਿੰਦੇ, ਲੜਕੀ।

ਕਹਿੰਦੇ, ਉਹਦਾ ਵਿਆਹ ਕਿਸ ਨਾਲ ਹੋਣੈ?

ਕਹਿੰਦੇ, ਚੰਡਾਲ ਦੇ ਪੁੱਤਰ ਦੇ ਨਾਲ, ਜੋ ਤੇਰੇ ਘਰ 'ਚ ਸੇਵਾ ਕਰਦੈ।

ਕਹਿੰਦਾ, ਇਹ ਬਦਲਾਅ ਦਿਓ।

ਕਹਿੰਦੇ, ਇਹ ਬਦਲਾਉਣਾ ਮੇਰੇ ਅਖਤਿਆਰ 'ਚ ਨਹੀਂ ਹੈ। ਇਹ ਜਦੋਂ ਬਿਹੁ ਮਾਤਾ ਲਿਖੇਗੀ, ਉਸ ਵੇਲੇ ਕਹਿ ਦੇਵੀਂ, ਉਹਨੂੰ।

ਸੋ ਲੜਕੀ ਪੈਦਾ ਹੋ ਗਈ, ਬਿਹੁ ਮਾਤਾ ਆ ਗਈ, ਇਹਨੇ ਰਸਤਾ ਰੋਕ ਲਿਆ। ਕਹਿਣ ਲੱਗਿਆ, ਕੀ ਲੇਖ ਲਿਖਣ ਜਾ ਰਹੀ ਹੈਂ? ਕਹਿੰਦੀ, ਮੈਂ ਨਹੀਂ ਕੁਝ ਲਿਖਦੀ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥*
*ਅੰਗ- ੭੪*

ਕਹਿੰਦੀ ਮੈਂ ਤਾਂ ਮਸਤਕ ਦੇ ਉਤੇ ਕਲਮ ਰਖਦੀ ਹੁੰਦੀ ਹਾਂ, ਇਹਨੂੰ ਹਰਕਤ ਦੇਣ ਵਾਲਾ ਕੌਣ ਹੈ, ਇਹ ਮੈਨੂੰ ਵੀ ਨਹੀਂ ਪਤਾ। ਇਹ ਤਾਂ ਕੋਈ ਉਪਰਲੀ ਸ਼ਕਤੀ ਹੈ ਪਾਰਬ੍ਰਹਮ ਦੀ, ਜੋ ਦੇਵਤਿਆਂ ਤੋਂ ਉਪਰ ਹੈ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- ੭*

ਇਹਨਾਂ ਨੂੰ ਉਹ ਨਹੀਂ ਦਿਸਦਾ, ਉਹਦੀ ਜਿਵੇਂ ਮਰਜ਼ੀ ਹੁੰਦੀ ਹੈ, ਇਹ, ਉਸਦੀ ਮਰਜ਼ੀ ਦੇ ਮੁਤਾਬਿਕ ਚਲਦੇ ਨੇ। ਉਹ ਕਹਿਣ ਲੱਗੀ ਕਿ ਉਹ ਜੋ ਪਰਮ ਸ਼ਕਤੀ ਹੈ, ਨਿਰੰਕਾਰ ਦੀ, ਉਹਦੇ ਹੁਕਮ 'ਚ ਮੈਂ ਕਲਮ ਰਖਦੀ ਹਾਂ। ਮੈਨੂੰ ਨਹੀਂ ਪਤਾ, ਲਿਖਿਆ ਹੋਇਆ ਮੈਂ ਤੈਨੂੰ ਦਸ ਦੇਵਾਂਗੀ।

ਜਦੋਂ ਲਿਖ ਦਿਤਾ ਤਾਂ ਕਹਿਣ ਲੱਗਿਆ, ਕੀ ਲਿਖਿਆ ਹੈ? ਇਹਦੀ ਸ਼ਾਦੀ ਕਿਸ ਨਾਲ ਹੋਣੀ ਹੈ?

ਕਹਿਣ ਲੱਗੀ, ਰਾਜਨ! ਤੇਰੀ ਜੋ ਲੜਕੀ ਹੈ ਉਹ ਬਹੁਤ ਸੁਸ਼ੀਲ ਹੋਏਗੀ। ਬਹੁਤ ਕਾਬਿਲ ਹੋਏਗੀ। ਲੇਕਿਨ ਇਹਦੀ ਜੋ ਸ਼ਾਦੀ ਹੈ ਉਹ ਤੇਰੇ ਘਰ ਦਾ ਜੋ ਨੌਕਰ ਹੈ, ਮਲ-ਮੂਤਰ ਚੁੱਕਣ ਵਾਲਾ, ਉਹਦੇ ਲੜਕੇ ਨਾਲ ਹੋਣੀ ਹੈ। ਕਹਿਣ ਲੱਗਿਆ, ਇਹ ਲਿਖਿਆ ਹੋਇਆ ਕੱਟ ਦੇ। ਉਹ ਕਹਿਣ ਲੱਗੀ, ਮੇਰੇ ਅਖਤਿਆਰ ਨਹੀਂ ਕੱਟਣਾ।

ਕਹਿੰਦਾ, ਫੇਰ ਜੇ ਤੁਸੀਂ ਨਹੀਂ ਕੱਟਦੇ, ਮੈਂ ਕੱਟਦਾਂ। ਕ੍ਰੋਧ ਵਿਚ ਬਉਰਾ ਹੋ ਗਿਆ। ਕਹਿੰਦਾ, ਲੜਕੇ ਨੂੰ ਹਾਜ਼ਰ ਕਰੋ। ਲੜਕਾ ਲੈ ਆਂਦਾ।

ਵਜ਼ੀਰ ਨੇ ਕਿਹਾ ਕਿ ਮਹਾਰਾਜ! ਇਹ ਬੇਗੁਨਾਹ ਲੜਕਾ ਹੈ, ਇਹਨੂੰ ਤੁਸੀਂ ਮਾਰ ਨਹੀਂ ਸਕਦੇ। ਸਾਰੀ ਪਰਜਾ ਵਿਦਰੋਹ ਕਰੇਗੀ।

ਸੋ ਡਰ ਗਿਆ। ਡਰ ਕੇ ਲੜਕੇ ਨੂੰ ਇਕ ਨਿਰਜਨ ਵਣ ਵਿਚ ਛੱਡ ਆਇਆ। ਤਿੰਨ ਦਿਨ ਬਾਅਦ ਉਥੇ ਕਿਸੇ ਮਹਾਤਮਾ ਨੇ ਬੱਚੇ ਦੇ ਰੋਂਦੇ ਦੀ ਅਵਾਜ਼ ਸੁਣੀ, ਉਹ ਉਸ ਨੂੰ ਆਪਣੇ ਆਸ਼ਰਮ ਵਿਚ ਚੁੱਕ ਲਿਆਏ, ਲਿਆ ਕੇ ਉਹਦੀ ਪਾਲਣਾ ਕਰੀ। 18 ਸਾਲ ਦਾ ਹੋ ਗਿਆ, 14 ਵਿਦਿਆ ਪੜ੍ਹਾ ਦਿਤੀਆਂ। ਜਹਾਜ਼ਰਾਨੀ ਸਿਖਾ ਦਿਤੀ ਕਹਿੰਦੇ, ਜਾਹ ਤੂੰ ਹੁਣ ਆਪਣੀ ਕਿਸਮਤ ਅਜ਼ਮਾਈ ਕਰ। ਇਕ ਟਾਪੂ ਵਿਚ ਚਲਿਆ ਗਿਆ, ਉਥੇ ਦਾ ਰਾਜਾ ਮਰਿਆ ਹੋਇਆ ਸੀ। ਉਹਨਾਂ ਨੇ ਫੈਸਲਾ ਕਰਿਆ ਕਿ ਜਿਹੜਾ ਸਭ ਤੋਂ ਪਹਿਲਾਂ ਸਾਡੇ ਟਾਪੂ ਦੇ ਉਤੇ ਆ ਕੇ ਉਤਰੇਗਾ, ਉਹਨੂੰ ਰਾਜ ਗੱਦੀ 'ਤੇ ਬਿਠਾਇਆ ਜਾਏਗਾ। ਇਹ ਉਤਰਿਆ ਇਹਨੂੰ ਗੱਦੀ 'ਤੇ ਬਿਠਾ

ਦਿਤਾ। ਬਹੁਤ ਸਮਝਦਾਰ ਸੀ, ਦਿਨਾਂ ਵਿਚ ਹੀ ਇਹਦੀ ਸ਼ੋਹਰਤ ਦੂਰ-ਦੂਰ ਤਕ ਪਹੁੰਚ ਗਈ। ਰਾਵਣ ਦੀ ਲੜਕੀ ਤਕ ਵੀ ਪਹੁੰਚ ਗਈ। ਇਧਰ ਇਹ ਵਰ ਯੋਗ ਹੋ ਗਈ। ਰਾਵਣ ਨੇ ਭੇਜ ਦਿਤੇ ਕਿ ਜਾਓ ਲੜਕਾ ਟੋਲ੍ਹ ਕੇ ਲਿਆਓ। ਬ੍ਰਾਹਮਣ ਭੇਜ ਦਿਤੇ। ਸੋ ਫਿਰਦੇ-ਫਿਰਦੇ ਜਦੋਂ ਵਾਪਸ ਆਏ। ਕਹਿਣ ਲੱਗੇ, ਕੋਈ ਪਸੰਦ ਆਇਆ? ਕਹਿੰਦੇ, ਹਾਂ, ਫਲਾਣੇ ਟਾਪੂ ਦਾ ਜੋ ਰਾਜਕੁਮਾਰ ਹੈ, ਰਾਜਾ ਹੈ, ਉਹ ਪਸੰਦ ਹੈ। ਕਹਿੰਦੇ, ਲੜਕੀ ਨੂੰ ਪੁੱਛ ਲਓ। ਲੜਕੀ ਨੂੰ ਬੁਲਾ ਕੇ ਪੁੱਛਿਆ ਕਿ ਬੇਟਾ! ਤੇਰੀ ਨਿਗ੍ਹਾ 'ਚ ਕੋਈ ਹੈ? ਕਹਿੰਦੀ, ਜੋ ਫਲਾਣੇ ਟਾਪੂ ਦਾ ਰਾਜਕੁਮਾਰ ਹੈ, ਮੇਰਾ ਉਹਦੇ ਨਾਲ ਸੰਜੋਗ ਲੱਗਦੈ। ਵਿਆਹ ਕਰ ਦਿਤਾ ਗਿਆ। ਉਸ ਤੋਂ ਬਾਅਦ ਸਾਰੇ ਦੇਵਤਿਆਂ ਦਾ ਅਵਾਹਨ ਕਰਦੈ, ਇਹ ਦੱਸਣ ਵਾਸਤੇ ਕਿ ਮੈਂ ਹੋਣੀ ਬਦਲ ਦਿਤੀ। ਬ੍ਰਹਮਾ ਜੀ ਨੂੰ ਕਹਿਣ ਲੱਗਿਆ, ਤੁਸੀਂ ਤਾਂ ਨਹੀਂ ਬਦਲ ਸਕੇ ਤੇ ਮੈਂ ਬਦਲ ਦਿਤੀ। ਤੁਹਾਡੇ ਦੇਵਤਿਆਂ 'ਚ ਤਾਕਤ ਨਹੀਂ, ਜਿਹੜੀ ਮਨੁੱਖ ਵਿਚ ਤਾਕਤ ਹੈ। ਉਹ ਕਹਿਣ ਲੱਗੇ, ਰਾਵਣ! 'ਹੋਣੀ' ਨੂੰ ਨਾ ਮਨੁੱਖ ਬਦਲ ਸਕਦਾ ਹੈ, ਨਾ ਦੇਵਤੇ ਬਦਲ ਸਕਦੇ ਨੇ, ਸਿਰਫ ਇਸ ਸੰਸਾਰ ਦੇ ਅੰਦਰ ਜੇ ਕੋਈ ਬਦਲ ਸਕਦੈ ਤਾਂ ਉਹ ਸਾਧੂ ਨੇ, ਮਹਾਂਪੁਰਸ਼ ਨੇ। ਜੇ ਉਹਨਾਂ ਦੀ ਧੂੜੀ ਵੀ ਪੈ ਜਾਵੇ ਤਾਂ ਲੇਖ ਬਦਲ ਜਾਇਆ ਕਰਦੇ ਨੇ। ਹੋਰ ਨਹੀਂ ਕਿਸੇ ਕੋਲ veeto power, ਪ੍ਰਮੇਸ਼ਰ ਇਹ ਕਹਿੰਦੈ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ - ੧੨੫੩*

ਕਹਿੰਦੇ, ਤੂੰ ਲੜਕੇ ਦੀ ਕੋਈ ਨਿਸ਼ਾਨੀ ਰੱਖੀ ਸੀ? ਕਹਿੰਦਾ, ਮੈਂ ਚਾਰ ਉਂਗਲੀਆਂ ਵਢਾਈਆਂ ਸੀ। ਕਹਿੰਦੇ, ਦੇਖ ਜੁਰਾਬ ਖੁਲ੍ਹਾ ਕੇ। ਜਦੋਂ ਖੁਲ੍ਹਾਈ, ਪਤਾ ਲੱਗਿਆ ਕਿ ਇਹ ਤਾਂ ਉਹੀ ਲੜਕਾ ਹੈ। ਸੰਤ ਆ ਗਏ, ਕਹਿੰਦੇ, ਮੈਂ ਫਲਾਣੇ ਜੰਗਲ 'ਚੋਂ ਚੁੱਕ ਕੇ ਲਿਆਇਆ ਸੀ। ਸੋ ਮਹਾਰਾਜ ਕਹਿੰਦੇ, ਪ੍ਰੇਮੀਓ -

*ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥*
*ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥*
*ਅੰਗ - ੪੯੬*

ਕਿਸੇ ਦੀ ਸਲਾਹ ਨਹੀਂ ਵਾਹਿਗੁਰੂ ਲੈਂਦਾ। ਆਪਣੇ ਹੱਥ ਵਿਚ ਹੈ -

*ਸਿਆਨਪ ਕਾਹੂ ਕਾਮਿ ਨ ਆਤ ॥*
*ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥*
*ਅੰਗ- ੪੯੬*

ਗੱਲ ਓਹੀ ਹੁੰਦੀ ਹੈ, ਜਿਹੜੀ ਪ੍ਰਭੂ ਨੂੰ ਭਾਉਂਦੀ ਹੈ -

*ਧਾਰਨਾ - ਓਹੀਓ ਗੱਲ ਹੁੰਦੀ ਹੈ*
*ਠਾਕੁਰ ਨੂੰ ਭਾਵੇ ਜਿਹੜੀ।*

ਕਹਿਣ ਲੱਗੇ, ਆਦਮੀ ਦੀ ਸਿਆਣਪ ਨਹੀਂ ਕੋਈ ਵੀ ਕੰਮ ਕਰਦੀ -

*ਅਨਿਕ ਉਪਾਵ ਚਿਤਵੀਅਹਿ ਬਹੁਤੇਰੇ*
*ਸਾ ਹੋਵੈ ਜਿ ਬਾਤ ਹੋਵੈਨੀ ॥*
*ਅਪਨਾ ਭਲਾ ਸਭੁ ਕੋਈ ਬਾਛੈ*
*ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥ ਅੰਗ - ੮੦੦*

ਕਿਹੜਾ ਬੰਦਾ ਹੈ ਜਿਹੜਾ ਆਪਣਾ ਬੁਰਾ ਚਿਤਵਦਾ ਹੈ। ਮਹਾਰਾਜ ਕਹਿੰਦੇ, ਪਰ ਉਹ ਗੱਲ ਹੋ ਜਾਂਦੀ ਹੈ, ਜਿਹੜੀ ਚਿਤ ਚੇਤੇ ਵੀ ਨਾ ਹੋਵੇ -

*ਧਾਰਨਾ - ਚਿਤ ਚੇਤੇ ਨਾ ਗੱਲਾਂ ਜੋ ਤੇਰੇ,*
*ਸੋਈ ਗੱਲਾਂ ਰੱਬ ਕਰਦੈ।*

*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥*
*ਅੰਗ - ੧੩੮੩*

ਕਹਿਣ ਲੱਗੇ, ਤੁਸੀਂ ਕਿਉਂ ਫਿਕਰ ਕਰਦੇ ਹੋਂ, ਇਹ ਜਿਵੇਂ ਹੋਣਾ ਹੈ, ਉਸੇ ਤਰ੍ਹਾਂ ਨਾਲ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਵੱਡਿਆਂ-ਵੱਡਿਆਂ 'ਤੇ ਭਾਵੀ ਨਹੀਂ ਟਲੀ। ਆਪਾਂ ਤਾਂ ਗੁਰੂ ਦੇ ਹੁਕਮ ਦੇ ਅੰਦਰ ਜਿਵੇਂ ਉਹਨਾਂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਨਾਲ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਦਿਲਾਸਾ ਦਿੰਦੇ ਹੋਏ ਤੁਰੇ ਆਉਂਦੇ ਨੇ। ਘਰਵਾਲੀ ਨੇ ਇਕ ਗੱਲ ਕਹੀ, ਕਹਿਣ ਲੱਗੀ ਦੇਖੋ, ਕਿੱਡੇ ਮਾੜੇ ਬੰਦੇ ਨੇ ਭੋਰਾ ਜਿੰਨਾਂ ਵੀ ਆਪਣਾ ਲਿਹਾਜ਼ ਨਹੀਂ ਕਰਿਆ। ਮਾੜਾ-ਮੋਟਾ ਤਾਂ ਲਿਹਾਜ਼ ਕਰਦੇ, ਤੁਸੀਂ ਐਨਾ ਸੰਸਾਰ ਦਾ ਭਲਾ ਕਰਦੇ ਰਹੇ ਹੋਂ ਤੇ ਉਸ ਤੋਂ ਬਾਅਦ ਆਪ ਇਹਨਾਂ ਦੇ ਕਿੰਨੇ ਕੰਮ ਸੰਵਾਰਦੇ ਰਹੇ ਹੋਂ, ਫੇਰ ਮੁਖੀ ਰਹੇ ਹੋਂ। ਕਿਸੇ ਨੇ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ ਭੁੱਲ ਕੇ ਕਿ ਕੋਈ ਪਾਣੀ-ਧਾਣੀ ਹੀ ਪੁੱਛ ਲਵੇ ਕਿ ਤੁਸੀਂ ਜਾ ਰਹੇ ਹੋਂ। ਕਿਸੇ ਦੇ ਅੱਖਾਂ 'ਚੋਂ ਹੰਝੂ ਹੀ ਆ ਜਾਏ, ਨਾ ਐਡੇ ਸਖ਼ਤ ਸੀ ਸਾਰੇ।

ਕਹਿਣ ਲੱਗੇ, ਇਸ ਤਰ੍ਹਾਂ ਨਹੀਂ ਸੋਚੀਦਾ ਹੁੰਦਾ। ਇਸ ਸੰਸਾਰ 'ਚ ਜੇ ਕੋਈ ਮਾੜਾ ਹੈ ਤਾਂ ਅਸੀਂ ਹੀ ਮਾੜੇ ਹਾਂ। ਹੋਰ ਕੋਈ ਇਸ ਸੰਸਾਰ 'ਤੇ ਮਾੜਾ ਨਹੀਂ

ਕਿਉਂਕਿ ਸਾਰਿਆਂ ਦੇ ਅੰਦਰ ਇਕੋ ਹੀ ਪ੍ਰਮੇਸ਼ਰ ਦੀ ਜੋਤ ਕੰਮ ਕਰਦੀ ਹੈ –

*ਧਾਰਨਾ – ਰਾਮ ਸਾਰੀਆਂ ਘਟਾਂ ਦੇ ਵਿਚ ਬੋਲਦਾ,*
*ਬੁਰਾ ਨਾ ਕੋਈ ਦਿਸੇ ਜਗ 'ਤੇ।*

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ*
*ਹਾਰ ਨਹੀ ਸਭ ਜੇਤੈ ॥ ੧ ॥*
*ਸੋਗੁ ਨਾਹੀ ਸਦਾ ਹਰਖੀ ਹੈ ਰੇ*
*ਛੋਡਿ ਨਾਹੀ ਕਿਛੁ ਲੇਤੈ ॥*
*ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ*
*ਕਤ ਆਵੈ ਕਤ ਰਮਤੈ ॥ ਅੰਗ – ੧੩੦੨*

ਕਹਿਣ ਲੱਗੇ, ਇਥੇ ਤਾਂ ਵਾਹਿਗੁਰੂ ਹੈ ਸਾਰਿਆਂ ਘਟਾਂ ਦੇ ਅੰਦਰ –

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*
*ਅੰਗ– ੧੪੨੭*

ਬੁਰਾ ਕੀਹਨੂੰ ਕਹਿਣੈ, ਜੇ ਬੁਰਾ ਕਹਿਣੈ ਤਾਂ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ– ੧੩੬੪*

ਮੈਨੂੰ ਛੱਡ ਕੇ ਸਭ ਭਲੇ ਨੇ। ਜਿਹਦੀ ਅੱਖ ਖੁਲ੍ਹ ਗਈ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ – ੬੧੦*

ਸੋ ਇਹ ਗੁਰਮਤਿ ਹੈ, ਸਾਧਸੰਗਤ ਜੀ! ਕਿਉਂਕਿ ਗੁਰਮੁਖਾਂ ਦੇ ਚਾਰ ਲੱਛਣ ਹੋਇਆ ਕਰਦੇ ਨੇ। ਪਹਿਲਾ ਉਹਨਾਂ ਦੇ ਅੰਦਰ ਕਰੁਣਾ ਹੋਇਆ ਕਰਦੀ ਹੈ, ਦੁਖੀ ਨੂੰ ਦੇਖ ਕੇ ਦਇਆ ਕਰਨੀ। ਦੂਸਰੀ ਹੋਇਆ ਕਰਦੀ ਹੈ–ਮੁਦਤਾ। ਜਿਹੜੇ ਆਪ ਨਾਲੋਂ ਉੱਚੇ ਹੋ ਗਏ, ਉਹਨਾਂ ਨਾਲ ਈਰਖਾ ਨਹੀਂ ਹੁੰਦੀ, ਉਹਨਾਂ ਦੀ ਪ੍ਰਸੰਸਾ ਹੁੰਦੀ ਹੈ ਕਿ ਦੇਖੋ ਬੱਚਾ ਪੜ੍ਹਿਆ ਹੈ, ਕਿੰਨਾ ਕਾਬਲ ਹੋਇਆ ਹੈ। ਘਰ ਉੱਚਾ ਚੁੱਕ ਲਿਆ। ਕਿੰਨੇ ਸੋਹਣੇ ਬੰਦੇ ਨੇ, ਕਿੰਨਾ ਸੋਹਣਾ ਆਚਾਰ ਹੈ। ਕਿਸ ਤਰ੍ਹਾਂ ਦੇ ਨਾਲ ਇਹਨਾਂ ਦਾ ਮਾਣ ਹੋਇਆ ਹੈ, ਈਰਖਾ ਨਹੀਂ ਹੁੰਦੀ, ਮੁਦਤਾ ਹੋਇਆ ਕਰਦੀ ਹੈ। ਤੀਸਰੀ ਹੁੰਦੀ ਹੈ–ਮੈਤਰੀ। ਜਿਹੜੇ ਆਪ ਦੇ ਬਰਾਬਰ ਦੇ ਨੇ ਉਹਨਾਂ ਨਾਲ ਲੜਾਈ–ਝਗੜਾ ਨਹੀਂ ਕਰਦੇ, ਉਹਨਾਂ ਨਾਲ ਮਿਤਰਤਾ ਰਖਦੇ ਨੇ। ਚੌਥੇ ਉਹ ਹੁੰਦੇ ਨੇ ਜਿਹੜੇ ਅਕਾਰਨ ਵੈਰ ਕਰਦੇ ਨੇ, ਦੁਖ ਦਿੰਦੇ ਨੇ। ਉਹਨਾਂ ਤੋਂ ਉਹ ਉਦਾਸ ਬਿਰਤੀ ਰਖਦੇ ਨੇ। ਹੌਲੀ–ਹੌਲੀ ਪਿੱਛੇ ਹਟ ਜਾਂਦੇ ਨੇ। ਸੋ ਕਹਿੰਦੇ, ਜਿਹਦਾ ਭਰਮ ਜਾਂਦਾ ਰਿਹਾ, ਉਹਨੂੰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਆਇਆ ਕਰਦਾ। ਸੰਸਾਰ ਦੇ ਅੰਦਰ ਮਨੁੱਖ ਦੀ ਬਿਰਤੀ 'ਚ ਪੰਜ ਭਰਮ ਬੜੇ ਤਕੜੇ ਨੇ। ਇਸ ਭਰਮ ਕਰਕੇ ਹੀ ਅਗਿਆਨਤਾ ਦੇ ਵਿਚ, ਚੌਰਾਸੀ ਦੇ ਗੇੜੇ ਖਾਂਦੈ। ਜਿੰਨਾਂ ਚਿਰ ਭਰਮ ਨਹੀਂ ਟੁੱਟਦਾ, ਓਨੀਂ ਦੇਰ ਤਕ ਗੱਲ ਨਹੀਂ ਬਣਦੀ –

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ– ੬੮੪*

ਕਹਿੰਦੇ, ਜਿਹੜੀ ਕਾਲੀ ਲਕੀਰ ਪਈ ਹੋਈ ਹੈ, ਭਰਮ ਦੀ, ਇਹ ਜਿੰਨੀ ਦੇਰ ਤਕ ਆਪਾ ਨਹੀਂ ਚੀਨਦਾ ਓਨੀਂ ਦੇਰ ਤਕ ਨਹੀਂ ਮਿਟਦੀ। ਵੱਡੇ–ਵੱਡੇ ਮਹਾਂਪੁਰਸ਼ਾਂ ਨੇ ਪੰਜ ਤਰੀਕਿਆਂ ਨਾਲ ਸਮਝਾਇਆ ਹੈ ਕਿ ਪਹਿਲਾ ਭੇਦ ਭਰਮ ਹੋਇਆ ਕਰਦੈ। ਭੇਦ ਭਰਮ ਇਹ ਹੁੰਦੈ ਕਿ ਸੂਰਜ ਇਕ ਹੈ, ਚੰਦਰਮਾ ਇਕ ਹੈ। ਇਥੇ ਹਜ਼ਾਰ ਭਾਂਡਾ ਭਰ ਕੇ ਰਖ ਦਿਓ ਪਾਣੀ ਦਾ। ਦੇਖਣ ਵਾਲੇ ਨੂੰ ਹਜ਼ਾਰਾਂ ਹੀ ਨਜ਼ਰ ਆਉਣਗੇ। ਹਰੇਕ ਦੇ ਵਿਚ ਇਕ ਸੂਰਜ ਦਿਸੇਗਾ। ਜਦੋਂ ਪਾਣੀ ਹਿਲਦੈ ਤਾਂ ਉਹਦੇ ਵਿਚ ਸੂਰਜ ਹਿਲਦਾ ਪ੍ਰਤੀਤ ਦਿੰਦੈ। ਦਰਅਸਲ ਸੂਰਜ ਖੜ੍ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਤਮਾ ਦਾ ਪ੍ਰਤੀਬਿੰਬ ਪੈਂਦੈ, ਅੰਤਸ਼ਕਰਣ ਦੇ ਵਿਚ। ਇਹ ਹਰੇਕ ਦੇ ਵਿਚ ਆਤਮਾ ਨਜ਼ਰ ਆਉਂਦੀ ਹੈ, ਉਹਦੇ ਨਾਲ ਜਿਹੜਾ ਅੰਤਸ਼ਕਰਣ ਦੁਖ–ਸੁਖ ਮਹਿਸੂਸ ਕਰਦੈ, ਉਹ ਆਤਮਾ ਦੇ ਵਿਚ ਮਹਿਸੂਸ ਕਰਦੈ ਕਿ ਆਤਮਾ ਦੁਖੀ ਹੋ ਰਹੀ ਹੈ, ਮੇਰੀ ਜਾਂ ਮੇਰੀ ਆਤਮਾ ਬੜੀ ਪ੍ਰਸੰਨ ਹੋਈ। ਆਤਮਾ ਸਰੂਪ ਤਾਂ ਸਦਾ ਹੀ ਸਤਿ ਚਿਤ ਅਨੰਦ ਹੈ। ਆਤਮਾ ਤਾਂ ਕਦੇ ਦੁਖੀ ਹੀ ਨਹੀਂ ਹੁੰਦੀ। ਦੁਖੀ ਹਮੇਸ਼ਾ ਅੰਤਸ਼ਕਰਣ ਹੁੰਦੈ। Feeling ਅੰਤਸ਼ਕਰਣ 'ਚ ਹੈ, ਮਨ 'ਚ ਨਹੀਂ ਹੈ, ਬੁੱਧੀ 'ਚ ਨਹੀਂ ਹੈ। ਸੋ ਇਸ ਤਰ੍ਹਾਂ ਕਰਕੇ ਇਹ ਭੇਦ ਭਰਮ ਸਮਝਦੈ। ਜਦੋਂ ਪ੍ਰਤੀਬਿੰਬ ਹਟ ਜਾਵੇ–

*ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ*
*ਉਦਕ ਕੁੰਭੁ ਬਿਗਰਾਨਾ ॥ ਅੰਗ – ੪੭੫*

ਘੜੇ ਦੇ ਵਿਚ ਸੂਰਜ ਹੁੰਦੈ, ਡੰਡਾ ਲੈ ਕੇ ਘੜਾ ਭੰਨ ਦਿਓ, ਸੂਰਜ ਕਿੱਥੇ ਚਲਿਆ ਗਿਆ? ਉਹ ਤਾਂ ਪ੍ਰਤੀਬਿੰਬ ਸੀਗਾ, ਪਰਛਾਵਾਂ ਸੀਗਾ, ਜਾ ਕੇ ਆਪਣੇ ਅਸਲ ਦੇ ਵਿਚ ਰਲ ਗਿਆ। ਸੋ ਇਸੇ ਤਰ੍ਹਾਂ, ਹੈ ਤਾਂ ਪ੍ਰਮੇਸ਼ਰ ਦੀ ਸੱਤਾ, ਸਾਰੇ ਸਰੀਰਾਂ ਦੇ ਅੰਦਰ ਪਰ ਭਰਮ ਕਰਕੇ ਇਹ ਲਗਦੈ ਕਿ ਰੱਬ ਹੋਰ ਹੈ,

ਮੈਂ ਹੋਰ ਹਾਂ। ਆਹ ਭਰਮ ਸਾਰੀ ਜ਼ਿੰਦਗੀ ਨਹੀਂ ਟੁੱਟਦਾ। ਦੂਸਰਾ ਹੋਇਆ ਕਰਦੈ - ਕਰਤੱਤੂ ਭਰਮ। ਜਿਸ ਤਰ੍ਹਾਂ ਦੇ ਨਾਲ ਬਲੌਰ ਦੇ ਕੋਲ ਕੋਈ ਫੁੱਲ ਰੱਖ ਦਿਓ, ਚਿੱਟੇ ਰੰਗ ਦਾ ਰੱਖ ਦਿਓ ਚਿੱਟਾ ਨਜ਼ਰ ਆਉਣ ਲਗ ਜਾਏਗਾ, ਨੀਲੇ ਦਾ ਰੱਖ ਦਿਓ ਨੀਲਾ ਤੇ ਟੇਬਲ ਦੇ ਉਤੇ ਨੀਲਾ ਕੱਪੜਾ ਵਿਛਾ ਦਿਓ, ਉਹਦੇ ਉਤੇ ਬਲੌਰ ਰੱਖ ਦਿਓ, ਨੀਲਾ ਹੀ ਦਿਸੇਗਾ, ਲਾਲ ਵਿਛਾ ਦਿਓ ਲਾਲ ਹੀ ਦਿਸੇਗਾ। ਕਾਲਾ ਵਿਛਾ ਦਿਓ ਕਾਲਾ ਦਿਸਣ ਲਗ ਜਾਏਗਾ, ਪੀਲਾ ਵਿਛਾ ਦਿਓ, ਪੀਲਾ ਦਿਸਣ ਲਗ ਜਾਏਗਾ। ਬਲੌਰ ਵਿਚ ਕੋਈ ਰੰਗ ਨਹੀਂ ਹੈ ਲੇਕਿਨ ਸੰਗ ਕਰਕੇ ਉਹਦੇ ਵਿਚ ਰੰਗ ਪ੍ਰਤੀਤ ਦਿੰਦੈ। ਇਸੇ ਤਰ੍ਹਾਂ ਦੇ ਨਾਲ ਆਤਮਾ ਦੀ ਸਮੀਪਤਾ ਜਦੋਂ ਬੁੱਧੀ ਨੂੰ ਹੁੰਦੀ ਹੈ। ਉਸ ਵੇਲੇ ਇਹਦੇ ਵਿਚ ਦੁਖ ਤੇ ਸੁਖ ਮਹਿਸੂਸ ਹੋਣ ਲਗ ਜਾਂਦੇ ਤੇ ਇਹ ਕਹਿੰਦੈ ਮੈਂ ਕਰਦਾ ਹਾਂ, ਮੈਂ ਆਹ ਕੰਮ ਕਰਿਆ, ਮੈਂ ਆਹ ਕਰਿਆ। ਇਥੇ ਹੀ ਫੜਿਆ ਜਾਂਦਾ ਹੈ, ਫੇਰ ਕਹਿੰਦਾ ਮੈਂ ਆਹ ਭੋਗ ਰਿਹਾ ਹਾਂ। ਕਰਤਾ ਤੇ ਭੋਗਤਾ ਦਾ ਅਭਿਮਾਨ ਧਾਰ ਲੈਂਦੈ ਤੇ ਉਹਦੇ ਨਾਲ ਇਹਨੂੰ ਸਾਰੇ ਹੀ ਪਾਪ ਚਿੰਬੜ ਜਾਂਦੇ ਨੇ। ਹਉਮੈ ਦਾ ਜਨਮ ਹੋ ਜਾਂਦੈ। ਹਉਮੈ ਵਿਚ ਇਹ-

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ - ੪੬੬*

ਫੇਰ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ, ਕਿਉਂਕਿ ਬੁੱਧੀ ਨੂੰ ਪ੍ਰਕਾਸ਼ ਹੋ ਗਿਆ, ਬੁੱਧੀ ਨੇ ਮੈਂ ਧਾਰ ਕੇ, ਮਮਤਵ ਅਤੇ ਅਹੰਭਾਵ ਧਾਰ ਕੇ ਜੀਵ ਆਤਮਾ ਨੇ ਇਕ ਪਰਛਾਵੇਂ ਨੂੰ ਸਤਿ ਮੰਨ ਲਿਆ। ਤੀਸਰਾ ਹੋਇਆ ਕਰਦੈ-ਸੰਗ ਭਰਮ। ਇਹ ਚੇਤਨ ਆਤਮਾ ਬੁੱਧੀ ਦੇ ਰਾਹੀਂ ਜਦੋਂ ਦੇਹ ਦੇ ਨਾਲ ਰਲਦੀ ਹੈ ਤਾਂ ਦੇਹ ਅਭਿਮਾਨ ਹੋ ਕੇ ਇਹ ਦੇਹ ਨੂੰ ਆਪਣਾ ਆਪ ਸਮਝਣ ਲਗ ਜਾਂਦੈ। ਫੇਰ ਦੇਹ ਦੀ ਜਾਤ ਹੁੰਦੀ ਹੈ ਕਿਉਂਕਿ ਜਿਹੜੀ ਜਾਤ 'ਚ ਪੈਦਾ ਹੁੰਦੀ ਹੈ ਉਹ ਦੇਹ ਦੀ ਜਾਤ ਗਿਣੀ ਜਾਂਦੀ ਹੈ। ਵੈਸੇ ਜਾਤ ਨਹੀਂ ਹੈ ਪੰਜਾਂ ਤੱਤਾਂ ਦੀ ਕੋਈ ਵੀ। ਨਾ ਪਾਣੀ ਦੀ ਜਾਤ ਹੈ, ਨਾ ਅੱਗ ਦੀ, ਨਾ ਹਵਾ ਦੀ, ਨਾ ਅਕਾਸ਼ ਦੀ, ਨਾ ਧਰਤੀ ਦੀ। ਲੇਕਿਨ ਇਹ ਆਪੇ ਹੀ ਕਲਪਿਤ ਕਰ ਲੈਂਦੈ ਜਾਤ, ਦੇਹ ਅਧਿਆਸ ਹੋਣ ਕਰਕੇ। ਫੇਰ ਮੈਂ ਗੋਰਾ, ਮੈਂ ਕਾਲਾ, ਮੈਂ ਇਸ ਤਰ੍ਹਾਂ ਦਾ। ਆਪਣੇ ਆਪ ਨੂੰ ਦੇਹ ਕਹਿ ਕੇ, 'ਮੈਂ' ਕਹਿੰਦੈ। ਫੇਰ ਵਰਣ ਮੰਨ ਲੈਂਦੈ, ਗੋਤ, ਜਾਤ ਮੰਨ ਲੈਂਦੈ। ਮੈਂ ਗ੍ਰਿਹਸਤੀ ਹਾਂ, ਮੈਂ ਤਿਆਗੀ ਹਾਂ, ਮੈਂ ਬਿਹੰਗਮ ਹਾਂ, ਮੈਂ ਜੰਮਦਾ ਹਾਂ, ਮੈਂ ਮਰਦਾ ਹਾਂ। ਇਹ ਸਾਰਾ ਕੁਛ ਦੇਹ ਦੇ ਧਰਮ, ਆਪਣੇ ਆਤਮਾ ਦੇ, ਮੰਨ ਕੇ ਦੁਖੀ ਹੁੰਦਾ ਫਿਰੀ ਜਾਂਦੈ। ਚੌਥਾ ਹੋਇਆ ਕਰਦੈ - ਵਿਕਾਰ ਭਰਮ। ਵਿਕਾਰ ਭਰਮ ਉਹ ਹੁੰਦੈ-

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ - ੯੨੨*

ਜਦੋਂ ਅੱਖਾਂ ਖੁਲ੍ਹ ਜਾਂਦੀਆਂ ਨੇ, ਜਿੰਨਾਂ ਦਿਸਦਾ ਹੈ ਸਾਰਾ ਹੀ ਵਾਹਿਗੁਰੂ ਨਜ਼ਰ ਆਉਂਦੈ। ਲੇਕਿਨ ਇਹਦੇ ਵਿਚ ਉਹ ਵਾਹਿਗੁਰੂ ਤਾਂ ਹੋਰ ਹੈ, ਇਹ ਜਗਤ ਹੋਰ ਹੈ। ਅੱਡ-ਅੱਡ ਨੇ ਦੋਵੇਂ। ਇਹ ਇਸ ਤਰ੍ਹਾਂ ਹੀ ਭਰਮ ਪੈਂਦੈ ਜਿਵੇਂ ਹਨ੍ਹੇਰੇ ਵਿਚ ਰੱਸੀ ਪਈ ਹੋਵੇ। ਮਟਕ ਚਾਨਣਾ ਹੋਵੇ, ਰੱਸੀ ਵਿਚ ਸੱਪ ਕਲਪਿਤ ਕਰ ਲੈਂਦੈ ਕਿ ਸੱਪ ਪਿਐ। ਚੰਦ ਚਾਂਦਨੀ ਰਾਤ ਹੋਵੇ ਤੇ ਸਿੱਪੀ ਪਈ ਹੋਵੇ ਉਹਦੇ ਵਿਚ ਜਦੋਂ ਚੰਦ ਦੀਆਂ ਕਿਰਨਾਂ ਆਉਂਦੀਆਂ ਨੇ ਉਹ ਪਰਤ ਕੇ ਜਦੋਂ ਜਾਂਦੀਆਂ ਨੇ ਤਾਂ ਕਹਿੰਦਾ, ਚਾਂਦੀ ਪਈ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਵੇਂ ਸਿੱਪੀ ਵਿਚ ਚਾਂਦੀ ਤੇ ਰੱਸੀ ਦੇ ਵਿਚ ਸੱਪ ਨੂੰ ਕਲਪਤ ਕਰਦੈ, ਜਦੋਂ ਦਿਨ ਚੜ੍ਹਦੈ ਉਥੇ ਦੇਖਦੈ ਕਿ ਇਥੇ ਸੱਪ ਤਾਂ ਹੋਇਆ ਹੀ ਨਹੀਂ, ਇਹ ਤਾਂ ਰੱਸੀ ਹੀ ਸੀਗੀ। ਮਹਾਰਾਜ ਕਹਿੰਦੇ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

ਇਹ ਤਾਂ ਵਾਹਿਗੁਰੂ ਆਪ ਹੀ ਦਿਸਦਾ ਹੈ, ਆਪ ਹੀ ਕਰਦੈ, ਆਪ ਹੀ ਖੇਲ੍ਹ ਰਿਹੈ, ਆਪਣੀ ਮੌਜ ਦੇ ਅੰਦਰ। ਸੋ ਇਹਨੂੰ ਵਿਕਾਰ ਭਰਮ ਕਹਿੰਦੇ ਨੇ। ਪੰਜਵਾਂ ਹੋਇਆ ਕਰਦੈ ਕਿ ਬ੍ਰਹਮ ਨੂੰ ਹੋਰ ਸਮਝਣਾ ਤੇ ਪ੍ਰਮੇਸ਼ਰ ਨੂੰ ਹੋਰ ਸਮਝਣਾ। ਕਹਿੰਦੇ, ਉਹ ਇਸ ਤਰ੍ਹਾਂ ਸਮਝਦੈ ਜਿਵੇਂ ਇਕ ਸੁਨਿਆਰ ਹੈ, ਉਹ, ਗਹਿਣੇ ਬਣਾ ਰਿਹਾ ਹੈ। ਉਹਨੇ ਉਂਗਲੀ ਵਾਸਤੇ ਮੁੰਦਰੀ ਬਣਾ ਦਿਤੀ, ਗਲ ਵਾਸਤੇ ਲੋਕਟ ਬਣਾ ਦਿਤਾ, ਕੰਨਾਂ ਵਾਸਤੇ ਕਾਂਟੇ ਬਣਾ ਦਿਤੇ, ਹੋਰ ਵੀ ਗਹਿਣੇ ਬਣਾ ਦਿਤੇ। ਉਹ ਹੈ ਕੀ ਸਾਰੀਆਂ ਚੀਜ਼ਾਂ?

ਕਿਸੇ ਜੌਹਰੀ ਕੋਲ ਲੈ ਜਾਓ, ਉਹ ਨਹੀਂ ਦੇਖਦਾ ਕਿ ਚੂੜੀ ਬਹੁਤ ਵਧੀਆ ਹੈ, ਉਹ ਤਾਂ ਕਹੇਗਾ,

ਸੋਨਾ ਇਹਦੇ ਵਿਚ 22 ਕੈਰੇਟ ਦਾ ਹੈ ਜਾਂ 24 ਕੈਰੇਟ ਦਾ ਹੈ ਜਾਂ ਇਹ 9 ਕੈਰੇਟ ਦਾ ਹੈ। ਉਹ ਸੋਨਾ ਦੇਖਦੈ, ਸਾਰੇ ਹੀ ਗਹਿਣੇ ਸੋਨਾ ਨੇ –

*ਅਨਿਕ ਕਟਕ ਜੈਸੇ ਭੂਲਿ ਪਰੇ*
*ਅਬ ਕਹਤੇ ਕਹਨੁ ਨ ਆਇਆ ॥* ਅੰਗ – ੬੫੮

ਜਿਵੇਂ ਗਹਿਣਿਆਂ ਨੂੰ ਦੇਖ ਕੇ ਭੁੱਲ ਗਏ ਸੀ। ਇਸ ਤਰ੍ਹਾਂ ਦੇ ਨਾਲ ਸੰਸਾਰ ਭੁੱਲਿਆ ਪਿਆ ਹੈ।

ਸੋ ਜੋ ਮਹਾਂਪੁਰਖ ਹੋਇਆ ਕਰਦੇ ਨੇ, ਜਿਨ੍ਹਾਂ ਦੀ ਦ੍ਰਿਸ਼ਟੀ ਖੁਲ੍ਹੀ ਹੋਈ ਹੈ, ਉਹਨਾਂ ਨੂੰ ਪ੍ਰਮੇਸ਼ਰ ਤੋਂ ਬਗੈਰ ਹੋਰ ਨਜ਼ਰ ਆਇਆ ਨਹੀਂ ਕਰਦਾ। ਭਗਤ ਰਵਿਦਾਸ ਜੀ ਕਹਿੰਦੇ ਨੇ –

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ੧ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥*
*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥* ਅੰਗ– ੬੫੭

ਆਹ ਜਿਹੜਾ ਜੀਵ ਆਤਮਾ ਹੈ, ਇਹ ਅਗਿਆਨ ਦੀ ਨਿੰਦਰਾ 'ਚ ਸੌਂ ਕੇ, ਆਪਣੇ ਆਪ ਨੂੰ ਪ੍ਰਮੇਸ਼ਰ ਤੋਂ ਦੂਰ ਜਾਣ ਕੇ, ਭਿਖਾਰੀ ਬਣਿਆ ਫਿਰਦੈ।

*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ੨ ॥*
*ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ*
*ਅਬ ਕਛੁ ਮਰਮੁ ਜਨਾਇਆ ॥*
*ਅਨਿਕ ਕਟਕ ਜੈਸੇ ਭੂਲਿ ਪਰੇ*
*ਅਬ ਕਹਤੇ ਕਹਨੁ ਨ ਆਇਆ ॥* ਅੰਗ – ੬੫੮

ਕਹਿੰਦੇ ਰੱਸੀ ਨੂੰ ਦੇਖ ਕੇ ਭੁੱਲ ਗਏ ਸੀਗੇ, ਭਰਮ ਪੈ ਗਿਆ ਕਿ ਸੱਪ ਹੈ। ਸੋਨੇ ਦੇ ਗਹਿਣਿਆਂ ਨੂੰ ਦੇਖ ਕੇ ਗਹਿਣੇ ਕਹਿਣ ਲੱਗ ਗਏ। ਸੀਗਾ ਸੋਨਾ ਹੀ। ਰੱਸੀ ਵਿਚ ਤਿੰਨ ਕਾਲ ਸੱਪ ਨਹੀਂ ਹੋਇਆ। ਸੋ ਇਸ ਤਰ੍ਹਾਂ ਦੇ ਨਾਲ –

*ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥*
ਅੰਗ – ੬੫੮

ਸਾਰਿਆਂ ਦੇ ਅੰਦਰ ਇੱਕੋ ਹੀ ਵਾਹਿਗੁਰੂ ਦੇਖਦੈ, ਇਕੋ ਸੁਣਦੈ ਅਤੇ ਇਕੋ ਹੀ ਬੋਲਦੈ –

*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥*
ਅੰਗ – ੬੫੮

ਹੱਥ ਨਾਲੋਂ ਵੀ ਨੇੜੇ ਹੈ ਪ੍ਰਮੇਸ਼ਰ, ਅੰਦਰ। ਸੋ ਜਦੋਂ ਮਹਾਂਪੁਰਸ਼ਾਂ ਦੀ ਐਸੀ ਦ੍ਰਿਸ਼ਟੀ ਹੁੰਦੀ ਹੈ। ਉਸ ਵੇਲੇ ਉਹਨਾਂ ਨੂੰ ਕੋਈ ਬੁਰਾ ਨਜ਼ਰ ਨਹੀਂ ਆਉਂਦਾ ਕਿਉਂਕਿ ਉਹ ਆਤਮ ਪਦ ਦੇ ਵਿਚ ਹੁੰਦੇ ਨੇ, ਆਤਮਾ ਦੇਖਦੇ ਨੇ। ਸੰਸਾਰ ਦੇ ਅੰਦਰ ਜਦੋਂ ਦੇਹ ਅਧਿਆਸ ਹੁੰਦਾ ਹੈ, ਉਹਦੇ ਵਿਚ ਬੁਰੇ ਵੀ ਨਜ਼ਰ ਆਉਂਦੇ ਨੇ, ਚੰਗੇ ਵੀ ਨਜ਼ਰ ਆਉਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਹੋਏ ਕਹਿਣ ਲੱਗੇ, ਦੇਖੋ ਜੋ ਕੁਛ ਹੋਇਆ ਹੈ, ਉਹ ਠੀਕ ਹੀ ਹੋਇਆ ਹੈ। ਇਹਨੂੰ ਆਪਾਂ ਨੂੰ ਭਲਾ ਕਰਕੇ ਮੰਨਣਾ ਚਾਹੀਦਾ। ਇਸ ਤਰ੍ਹਾਂ ਦੇ ਨਾਲ ਬਾਣੀ ਦਾ ਵਿਚਾਰ ਹੈ –

*ਧਾਰਨਾ – ਜੋ ਪ੍ਰਭੁ ਕਰੈ ਸੋਈ ਭਲ ਮਾਨਹੁ*
*ਸੁਖਿ ਦੁਖਿ ਓਹੀ ਧਿਆਈਐ ਰੇ ॥*
*ਮਨ ਕੀ ਮਤਿ ਤਿਆਗਹੁ*
*ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥*
*ਜੋ ਪ੍ਰਭੁ ਕਰੈ ਸੋਈ ਭਲ ਮਾਨਹੁ*
*ਸੁਖਿ ਦੁਖਿ ਓਹੀ ਧਿਆਈਐ ਰੇ ॥* ਅੰਗ – ੨੦੬

ਮਹਾਰਾਜ ਬਹੁਤ ਹੀ ਸਪੱਸ਼ਟ ਅੱਖਰਾਂ ਦੇ ਅੰਦਰ ਆਪਾਂ ਨੂੰ ਸਮਝਾਉਂਦੇ ਨੇ। ਆਦਮੀ ਮਨ ਦੀ ਮੱਤ ਕਰਕੇ ਦੁਖੀ ਹੋ ਰਿਹੈ। ਮਹਾਰਾਜ ਕਹਿੰਦੇ, ਇਹਨੂੰ ਛੱਡ ਦੇ। ਹੁਕਮ ਦੀ ਕਿਰਿਆ, ਸਾਰੇ ਸੰਸਾਰ 'ਚ ਚੱਲ ਰਹੀ ਹੈ।

ਸੋ ਕਹਿਣ ਲੱਗੇ, ਸੁਖ ਵੀ ਉਹਦਾ ਦਿਤਾ ਹੁੰਦੈ, ਦੁਖ ਵੀ ਉਹਦਾ ਹੀ ਦਿਤਾ ਹੁੰਦੈ। ਆਦਮੀ ਓਨੀ ਦੇਰ ਤਕ ਦੁਖੀ ਹੈ ਜਿੰਨੀ ਦੇਰ ਤਕ ਇਹਨੂੰ ਹੁਕਮ ਦੀ ਸੋਝੀ ਨਹੀਂ ਆਉਂਦੀ। ਸਿੱਧਾਂ ਨੇ ਪੁੱਛਿਆ, ਹੇ ਨਾਨਕ! ਇਹ ਜੋ ਮਾਇਆ ਹੈ, ਜਿਹਨੂੰ ਤੁਸੀਂ ਹਉਮੈ ਕਹਿੰਦੇ ਹੋਂ, ਇਹ ਆਦਮੀ ਦੀ ਕਿਵੇਂ ਦੂਰ ਹੁੰਦੀ ਹੈ? –

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
ਅੰਗ – ੧

ਇਹ ਕੂੜ ਦੀ ਕੰਧ ਕਿਵੇਂ ਵਿਚੋਂ ਜਾਵੇ? ਮਹਾਰਾਜ ਕਹਿੰਦੇ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
ਅੰਗ – ੧

ਸੋ ਜਿੰਨੀ ਦੇਰ ਤਕ ਇਹ ਹੁਕਮ ਨਹੀਂ ਬੁੱਝਦਾ, ਓਨੀ ਦੇਰ ਤੱਕ ਦੁਖੀ ਹੁੰਦੈ –

*ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥*
*ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥*
ਅੰਗ – ੪੦੦

*ਭਾਣਾ ਮੰਨੇ ਸਦਾ ਸੁਖੁ ਹੋਇ ॥ ਅੰਗ - ੩੬੪*

*ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥*

*ਅੰਗ - ੪੩੨*

ਹੋਰ ਥਾਂ ਨਹੀਂ। ਬਾਕੀ ਮਾਇਆ ਨੇ ਆਦਮੀ ਨੂੰ ਭੁਲਾਉਣ ਕਰਕੇ, ਇਹ ਐਨਾ ਭੁੱਲ ਗਿਆ ਕਿ ਇਹਨੂੰ ਬਾਰ-ਬਾਰ ਕਹੀ ਜਾਓ ਕਿ ਤੂੰ ਆਹ ਹੈਂ, ਤੂੰ ਆਹ ਹੈਂ।

ਇਕ ਵਾਰੀ ਐਸੀ ਬਾਤ ਹੋਈ ਕਿ ਕਿਸੇ ਗੱਡਰੀਏ ਨੇ, ਸ਼ੇਰ ਦਾ ਬੱਚਾ ਭੇਡਾਂ ਦੇ ਵਿਚ ਪਾਲ ਲਿਆ। ਉਹ ਭੇਡਾਂ ਦੇ ਨਾਲ ਹੀ ਰਿਹਾ ਕਰੇ। ਉਹਨੂੰ ਕੋਈ ਪਤਾ ਨਹੀਂ ਹੈ ਕਿ ਮੈਂ ਭੇਡ ਹਾਂ ਕਿ ਸ਼ੇਰ ਦਾ ਬੱਚਾ। ਜਿਵੇਂ ਭੇਡਾਂ ਬੋਲਦੀਆਂ ਸੀ, ਬੋਲੇ ਤਾਂ ਆਪਣੀ ਬੋਲੀ 'ਚ, ਬੋਲਣ ਦੀ ਕੋਸ਼ਿਸ਼ ਕਰੇ ਉਸੇ ਤਰ੍ਹਾਂ ਦੇ ਨਾਲ। ਆਪਣੇ ਆਪ ਨੂੰ ਭੇਡ ਸਮਝਣ ਲਗ ਗਿਆ। ਇਕ ਵਾਰੀ ਸ਼ੇਰ ਆ ਗਿਆ। ਸ਼ੇਰ ਨੂੰ ਦੇਖ ਕੇ ਭੇਡਾਂ ਤਾਂ ਦੌੜਨੀਆਂ ਹੀ ਸੀ, ਨਾਲ ਇਹ ਵੀ ਦੌੜਿਆ ਜਾਂਦੈ। ਸ਼ੇਰ ਨੇ ਦੇਖਿਆ ਕਿ ਮੇਰੀ ਜਾਤ ਦਾ ਹੈ, ਪਰ ਭੇਡਾਂ ਵਿਚ ਰਹਿੰਦੈ, ਆਪਣੇ ਆਪ ਨੂੰ ਇਹ ਭੇਡ ਸਮਝਦੈ। ਉਹਨੇ ਜਾ ਕੇ ਇਹਨੂੰ ਘੇਰ ਲਿਆ। ਉਹ ਕਹਿੰਦਾ ਤੂੰ ਕੋਈ ਭੇਡ ਹੈਂ? ਤੂੰ ਤਾਂ ਹੈਗਾ ਸ਼ੇਰ ਦਾ ਬੱਚਾ। ਕਹਿੰਦਾ, ਨਹੀਂ ਮੈਂ ਤਾਂ ਭੇਡ ਹਾਂ। ਮੈਨੂੰ ਮਾਰੀਂ ਨਾ, ਖਾਈਂ ਨਾ। ਕਹਿੰਦਾ, ਆ ਉਰ੍ਹੇ। ਤਲਾਬ ਦੇ ਕੰਢੇ 'ਤੇ ਲੈ ਗਿਆ, ਕਹਿੰਦਾ, ਦੇਖ ਮੇਰੀ ਸ਼ਕਲ ਦੇਖ, ਆਪਣੀ ਦੇਖ ਪਾਣੀ ਵਿਚ। ਕਹਿੰਦਾ, ਰਲਦੀ ਹੈ ਨਾ ਆਪਣੀ ਸ਼ਕਲ? ਕਹਿੰਦਾ, ਹਾਂ। ਕਹਿੰਦਾ, ਹੁਣ ਤੈਨੂੰ ਮੈਂ ਬੋਲਣਾ ਸਿਖਾਉਂਦਾ ਹਾਂ। ਕਹਿੰਦਾ, ਸਾਹ ਖਿੱਚ ਅੰਦਰ ਨੂੰ, ਪੇਟ ਭਰ ਲੈ ਹਵਾ ਦੇ ਨਾਲ, ਹੁਣ ਜ਼ੋਰ ਦੇ ਨਾਲ ਪਰੈਸ਼ਰ ਦੇ ਨਾਲ ਕੱਢ, ਪਹਿਲਾਂ ਮੈਂ ਬੋਲਦਾਂ ਫੇਰ ਤੂੰ ਬੋਲੀਂ।ਪਹਿਲਾਂ ਉਹ ਬੋਲਿਆ ਫੇਰ ਬਾਅਦ ਵਿਚ ਜਦੋਂ ਇਹ ਬੋਲਿਆ, ਕਹਿੰਦਾ ਹੈ ਨਾ ਤੇਰੀ ਜਾਤ ਗਲਤ ਸੀ ਤੇ ਤੂੰ ਆਪਣੇ ਸਰੂਪ ਨੂੰ ਭੁੱਲਿਆ ਹੋਇਆ ਸੀ। ਤੂੰ ਸ਼ੇਰ ਹੈਂ।

ਇਸੇ ਤਰ੍ਹਾਂ ਦੇ ਨਾਲ ਅਸੀਂ ਆਪਣੇ ਆਪ ਨੂੰ ਜੀਵ ਸਮਝ ਬੈਠੇ, ਗਲਤੀ ਦੇ ਨਾਲ, ਸਮਝੀ ਜਾਂਦੇ ਹਾਂ। ਕਿੰਨਾਂ ਹੀ ਸਮਝਾ ਲਵੋ, ਨਹੀਂ ਸਾਨੂੰ ਦੇਹ ਅਧਿਆਸ ਟੁੱਟਣ ਦਿੰਦਾ। ਇਹਦਾ ਕਾਰਨ ਕੀ ਹੈ? ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਅਰਜਨ ਨੂੰ, ਕਹਿੰਦੇ, ਅਰਜਨ! ਇਹ ਤ੍ਰਿਗੁਣ ਮਾਇਆ ਮੇਰੀ ਐਨੀ ਜ਼ਬਰਦਸਤ ਹੈ ਕਿ ਸਾਰਾ ਸੰਸਾਰ ਇਹਦੇ ਵਿਚ ਖੇਲ੍ਹਦਾ ਸੁੱਤਾ ਪਿਆ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ- ੯੨੦*

ਐਨਾ ਭੁੱਲ ਗਿਆ ਕਿ ਆਪਣੇ ਸਰੂਪ ਦਾ ਵੀ ਗਿਆਨ ਨਹੀਂ। ਇਹ ਐਨਾ ਸੌਂ ਗਿਆ, ਇਹਦੇ ਅੰਦਰ।

ਕਹਿੰਦੇ, ਮਹਾਰਾਜ! ਆਪਣੇ ਆਪ ਨੂੰ ਤਾਂ ਭੁੱਲ ਨਹੀਂ ਸਕਦਾ?

ਕਹਿੰਦੇ, ਭੁੱਲ? ਯਾਦ ਕਰਾਏ 'ਤੇ ਵੀ ਯਾਦ ਨਹੀਂ ਆਉਂਦਾ ਇਹਨੂੰ। ਭੁੱਲਣਾ ਤਾਂ ਇਕ ਪਾਸੇ ਰਿਹਾ, ਜੇ ਯਾਦ ਵੀ ਕਰਾਓ ਕਿ ਤੂੰ ਆਤਮਾ ਹੈਂ, ਤੂੰ ਸਰੀਰ ਨਹੀਂ ਹੈਂ। ਕਹਿੰਦਾ ਹੈ, ਨਹੀਂ ਮੈਂ ਤਾਂ ਸਰੀਰ ਹਾਂ। ਡਰਦਾ ਹੈ ਆਤਮਾ ਕਹਿਣ ਤੋਂ। ਮੈਂ ਆਤਮਾ ਹੋ ਗਿਆ ਤਾਂ ਮੇਰਾ ਬਾਲ-ਬੱਚਾ ਹੀ ਕੋਈ ਨਹੀਂ ਰਹਿਣਾ। ਘਰ ਕੋਈ ਨਹੀਂ ਰਹਿਣਾ ਮੇਰਾ, ਮਿੱਤਰ ਕੋਈ ਨਹੀਂ ਰਹਿਣਾ। ਕਿਉਂਕਿ ਆਤਮਾ ਤਾਂ ਅਸੰਗ ਹੈ, ਨਿਰਵਿਕਾਰ ਹੈ, ਅਛੋਹ ਹੈ। ਆਪਣੇ ਸਰੂਪ ਦੇ ਧਿਆਨ ਵਿਚ ਨਹੀਂ ਆਉਂਦਾ। ਗਿਆਨ 'ਚ ਨਹੀਂ ਆਉਂਦਾ। ਮੁੜ-ਮੁੜ ਕੇ ਆਪਣੇ ਆਪ ਨੂੰ ਸਰੀਰ ਮੰਨ ਕੇ ਦੁਖੀ ਹੁੰਦਾ ਹੈ। ਪੁੱਤਰ, ਧੀਆਂ ਨੂੰ ਕਲਪਿਤ ਕਰਕੇ ਉਹਨਾਂ ਦੇ ਲਈ ਰੋਂਦੈ। ਪਿਆਰ ਪਾਉਂਦੈ ਉਹਨਾਂ ਨਾਲ। ਦੁਖੀ-ਸੁਖੀ ਹੁੰਦੈ। ਆਪਣੇ ਸਰੂਪ ਨੂੰ ਨਹੀਂ ਜਾਣਦਾ। ਕਹਿੰਦੇ, ਇਸ ਕਰਕੇ ਸੰਸਾਰ ਸਾਰਾ ਹੀ ਭੁੱਲਿਆ ਪਿਆ ਹੈ।

ਕਹਿੰਦੇ, ਮਹਾਰਾਜ! ਸਭ ਭੁੱਲ ਜਾਂਦੇ ਨੇ?

ਕਹਿੰਦੇ, ਹਾਂ, ਤੂੰ ਵੀ ਭੁੱਲ ਸਕਦੈਂ।

ਕਹਿੰਦਾ, ਮੈਂ ਵੀ ਭੁੱਲ ਸਕਦਾ ਹਾਂ?

ਕਹਿੰਦੇ, ਤੂੰ ਮੈਨੂੰ ਤਾਂ ਭੁੱਲਣਾ ਹੀ ਹੈ, ਤੂੰ ਆਪਣੇ ਆਪ ਨੂੰ ਵੀ ਭੁੱਲ ਸਕਦਾ ਹੈਂ।

ਕਹਿੰਦਾ, ਇਹ ਵੀ ਕਦੇ ਮਹਾਰਾਜ ਹੋ ਸਕਦੈ ਕਿ ਮੈਂ ਆਪਣੇ ਆਪ ਨੂੰ ਭੁੱਲ ਜਾਵਾਂ?

ਮਹਾਰਾਜ! ਕਿਸੇ ਦੇ ਵੀ ਯਾਦ ਨਹੀਂ ਰਹਿੰਦਾ।

*'ਚਲਦਾ..........।'*

***(ਵੀਡੀਓ ਫਿਲਮ ਦੀਵਾਨ ਨੰ: 122 ਦੀ ਬਾਕੀ)***

# ਗੁਰਬਾਣੀ ਅਨੁਸਾਰ ਸੰਤ ਕੌਣ ਹੈ?

**ਸੰਤ ਰਹਤ ਸੁਨਹੁ ਮੇਰੇ ਭਾਈ।।**
**ਉਆ ਕੀ ਮਹਿਮਾ ਕਥਨੁ ਨ ਜਾਈ।।**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਵਾਹਿਗੁਰੂ ਜੀ ਨੇ ਸੰਸਾਰ ਦੀ ਅਨੇਕ ਭਾਂਤਾਂ ਰੰਗਾਂ ਅਤੇ ਰੂਪਾਂ ਵਿਚ ਰਚਨਾ ਕੀਤੀ। ਜੀਵਨ ਦਾ ਵਿਸ਼ਾਲ ਪ੍ਰਵਾਹ ਅਨੰਤ ਕਾਲ ਤੋਂ ਚਲ ਰਿਹਾ ਹੈ। ਬਹੁਤ ਵਾਰੀ ਧਰਤੀ, ਮਨੁਖਾਂ ਨਾਲ ਭਰ ਗਈ ਅਤੇ ਬਹੁਤ ਵਾਰੀ ਪਰਲੋਂ ਦੀ ਲਪੇਟ ਵਿਚ ਆ ਕੇ ਕਿਸੇ ਭੀ ਜੀਵ-ਜੰਤੂ ਦਾ ਨਾਮੋ ਨਿਸ਼ਾਨ ਨਾ ਰਿਹਾ। ਜਲਾਂ ਦੀ ਥਾਂ ਤੇ ਉਚੇ ਟਿੱਬੇ (ਪਰਬਤ) ਹੋ ਗਏ; ਥਲਾਂ ਵਿਚ ਨਦੀਆਂ ਚਲ ਗਈਆਂ, ਆਬਾਦੀ ਤੇ ਬਸਤੀਆਂ, ਸਮੁੰਦਰ ਹੇਠ ਆ ਗਈਆਂ ਤੇ ਸਮੁੰਦਰ ਵਿਚੋਂ ਨਵੀਆਂ ਧਰਤੀਆਂ ਨਿਕਲ ਆਈਆਂ। ਕਿੰਨੀ ਵਾਰੀ ਪਸਾਰਾ ਹੋਇਆ ਅਤੇ ਕਿੰਨੀ ਵਾਰੀ ਇਹ ਪਸਾਰਾ ਸ਼ਾਂਤ ਹੋਇਆ? ਇਸ ਦੇ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ।

ਮਨੁੱਖ ਸ਼੍ਰੇਣੀ ਵਿਚ ਸੁਭਾਅ ਦੇ ਮੁਤਾਬਿਕ ਚਾਰ ਕਿਸਮ ਦੇ ਬੰਦੇ ਗਿਣੇ ਗਏ ਹਨ।

**1. ਪਾਮਰ** - ਪਾਮਰ ਉਨ੍ਹਾਂ ਪੁਰਸ਼ਾਂ ਨੂੰ ਕਹਿੰਦੇ ਹਨ ਜਿਸਨੂੰ ਨਾ ਤਾਂ ਕਦੇ ਇਹ ਵਿਹਲ ਮਿਲਿਆ ਹੋਵੇ ਕਿ ਉਹ ਸੋਚੇ ਕਿ ਮੇਰੇ ਪੈਦਾ ਹੋਣ ਤੋਂ ਪਹਿਲਾਂ, ਕੀ ਮੇਰਾ ਕੋਈ ਵਜੂਦ ਸੀ ਅਤੇ ਮੇਰੇ ਮਰਨ ਤੋਂ ਬਾਦ, ਕੀ ਮੇਰਾ ਕੋਈ ਵਜੂਦ ਰਹੇਗਾ? ਮੇਰੇ ਜੀਵਨ ਦਾ ਕੀ ਮਨੋਰਥ ਹੈ? ਇਨ੍ਹਾਂ ਗੱਲਾਂ ਦੀ ਸੂਝ ਜਿਸ ਦੇ ਮਨ ਵਿਚ ਪੈਦਾ ਨਹੀਂ ਹੁੰਦੀ ਉਨ੍ਹਾਂ ਨੂੰ ਪਾਮਰ ਆਖਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਧੇਅ, ਪਸ਼ੂਆਂ ਨਾਲੋਂ ਬਹੁਤਾ ਸ਼੍ਰੇਸ਼ਟ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਸੋਚ level (ਪੱਧਰ) ਪਸ਼ੂ ਸ਼੍ਰੇਣੀ ਦੀ ਹੋਇਆ ਕਰਦੀ ਹੈ। ਉਨ੍ਹਾਂ ਦੇ ਜੀਵਨ ਵਿਚ ਨਿਜ ਦਾ ਜੀਵਨ, ਨਿਜ ਦੀ ਇੱਛਾ ਪੂਰਤੀ ਲਈ ਹੀ ਹੋਇਆ ਕਰਦਾ ਹੈ। ਉਹ ਪਰਉਪਕਾਰ ਬਾਰੇ ਬਿਲਕੁਲ ਹੀ ਨਹੀਂ ਜਾਣਿਆ ਕਰਦੇ। ਉਨ੍ਹਾਂ ਦੇ ਸਾਹਮਣੇ ਇਕੋ ਲਕਸ਼ ਹੁੰਦਾ ਹੈ - Eat drink and be merry for we shall have to die. ਖਾਓ ਪੀਓ ਅਤੇ ਐਸ਼ ਕਰੋ, ਕਿਉਂਕਿ ਸੰਸਾਰ ਉਤੇ ਮੁੜ ਕੇ ਫੇਰ ਨਹੀਂ ਆਉਣਾ। ਉਨ੍ਹਾਂ ਦੀ ਦ੍ਰਿਸ਼ਟੀ ਮੰਦ ਹੋਇਆ ਕਰਦੀ ਹੈ, ਇਸ ਕਰਕੇ ਉਨ੍ਹਾਂ ਨੂੰ ਨਾ ਇਹ ਗਿਆਨ ਹੁੰਦਾ ਹੈ ਕਿ ਕੀ ਮੇਰਾ ਕੋਈ ਜੀਵਨ ਇਸ ਸੰਸਾਰ ਵਿਚ ਪੈਦਾ ਹੋਣ ਤੋਂ ਪਹਿਲਾਂ ਵੀ ਸੀ ਅਤੇ ਮਰਨ ਤੋਂ ਬਾਦ ਮੇਰਾ ਵਜੂਦ ਹੋਵੇਗਾ ਜਾਂ ਨਹੀਂ। ਸੋ ਉਨ੍ਹਾਂ ਦੀ ਸੂਝ limited ਹੋਇਆ ਕਰਦੀ ਹੈ ਅਤੇ ਪਸ਼ੂਆਂ ਤੋਂ ਅਕਲ ਵਿਚ ਤੇਜ਼ ਹੁੰਦੇ ਹਨ। ਪਸ਼ੂਆਂ ਨਾਲੋਂ ਦੂਸਰਿਆਂ ਦਾ ਨੁਕਸਾਨ ਬਹੁਤਾ ਕਰ ਸਕਦੇ ਹਨ। ਇਨ੍ਹਾਂ ਵਿਚੋਂ ਜੇ ਕੋਈ ਵੱਡਾ ਸਾਇੰਸਦਾਨ ਬਣ ਜਾਵੇ ਤਾਂ ਉਹ ਐਸੀਆਂ ਕਾਢਾਂ ਵੀ ਕੱਢ ਸਕਦਾ ਹੈ ਕਿ ਸਾਰੀ ਦੁਨੀਆਂ ਇਕ-ਦਮ, ਇਕੋ ਸਮੇਂ ਵਿਚ ਕਿਵੇਂ ਖਤਮ ਕੀਤੀ ਜਾ ਸਕਦੀ ਹੈ। ਅਜਿਹੇ ਬੰਦੇ ਪਸ਼ੂਆਂ ਤੋਂ ਵੀ ਬੁਰੇ ਹੋਇਆ ਕਰਦੇ ਹਨ। ਰੱਬ ਬਾਰੇ, ਰੂਹਾਨੀਅਤ ਬਾਰੇ, ਸ਼ੁਭ ਕਰਮਾਂ ਬਾਰੇ, ਨੇਕੀਆਂ ਬਾਰੇ ਇਨ੍ਹਾਂ ਨੂੰ ਕੋਈ ਸੋਝੀ ਨਹੀਂ ਹੁੰਦੀ ਅਤੇ ਆਪ ਹੁਦਰਾ ਜੀਵਨ ਲੰਘਾ ਕੇ ਸੰਸਾਰ ਤੋਂ ਚਲੇ ਜਾਇਆ ਕਰਦੇ ਹਨ।

**2. ਵਿਸ਼ਈ** - ਇਹ ਪਾਮਰਾਂ ਨਾਲੋਂ ਥੋੜੇ ਉਨਤੀ ਤੇ ਹੋਇਆ ਕਰਦੇ ਹਨ ਪਰ ਇਨ੍ਹਾਂ ਦੀ ਬਿਰਤੀ ਪੰਜ ਵਿਸ਼ਿਆਂ - 1. ਸ਼ਬਦ 2. ਸਪਰਸ਼, 3. ਰੂਪ, 4. ਰਸ, 5. ਗੰਧ; ਜੋ ਕਿ ਕ੍ਰਮਵਾਰ - 1. ਮਿਰਗ, 2. ਹਾਥੀ, 3. ਪਤੰਗਾ, 4. ਮੱਛੀ, 5. ਭੰਵਰਾ, ਦੇ ਪ੍ਰਧਾਨ ਵਿਸ਼ੇ ਹੋਇਆ ਕਰਦੇ ਹਨ, ਵਿਚ ਲਗੀ ਰਹਿੰਦੀ ਹੈ। ਇਕ-ਇਕ ਵਿਸ਼ਾ ਕ੍ਰਮਵਾਰ ਹਰੇਕ ਦਾ ਨਾਸ਼ ਕਰਨ ਨੂੰ ਪੂਰੀ ਤਰ੍ਹਾਂ ਸਮਰੱਥ ਹੈ।

ਘੰਡੇਹੇੜੇ ਦੇ ਵਸ ਵਿਚ ਪਿਆ ਹਰਨ, ਸ਼ਬਦ ਵਿਸ਼ੇ ਕਰਕੇ ਆਪਣੀ ਜਾਨ ਦੇ ਬੈਠਦਾ ਹੈ। ਮਸਤ ਐਨਾ ਹੋ ਜਾਂਦਾ ਹੈ ਕਿ ਉਸਨੂੰ ਚੌਗਿਰਦਾ ਭੁਲ ਜਾਇਆ ਕਰਦਾ ਹੈ ਅਤੇ ਸ਼ਿਕਾਰੀ ਉਸਨੂੰ ਹੱਥ ਨਾਲ ਹੀ ਫੜ ਲੈਂਦਾ ਹੈ।

ਦੂਸਰਾ ਵਿਸ਼ਾ ਸਪਰਸ਼ ਦਾ ਹਾਥੀ ਨੂੰ ਸਾਰੀ ਜ਼ਿੰਦਗੀ ਗੁਲਾਮ ਬਣਾ ਕੇ ਰੱਖਣ ਦੀ ਸਮਰੱਥਾ ਰਖਦਾ ਹੈ। ਆਦਮੀ ਦੀ ਗੁਲਾਮੀ ਸਾਰੀ ਜ਼ਿੰਦਗੀ ਉਸਨੂੰ ਵਸ ਵਿਚ ਰਖਦੀ ਹੈ। ਧਰਤੀ ਉਪਰ ਟੋਆ ਪੁਟ ਕੇ, ਉਸ ਉਪਰ ਘਾਹ-ਫੂਸ ਦੀ ਛੱਤ ਪਾ ਕੇ, ਕਾਗਜ਼ਾਂ ਦੀ ਹੱਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਸਪਰਸ਼ (ਕਾਮ) ਵਿਚ ਗ੍ਰਸਤ; ਬਗੈਰ ਲੰਮੀ ਸੋਚ ਤੋਂ ਹੱਥਣੀ ਵਲ ਨੂੰ

ਵਧਦਾ ਹੈ ਤੇ ਉਸ ਛੁਪੇ ਹੋਏ ਟੋਏ ਵਿਚ ਗਿਰ ਕੇ ਆਦਮੀ ਦੇ ਵਸ ਪੈ ਜਾਂਦਾ ਹੈ ਅਤੇ ਸਾਰੇ ਜੀਵਨ ਦੀ ਗੁਲਾਮੀ ਉਸਦੇ ਗਲ ਪੈ ਜਾਂਦੀ ਹੈ। ਆਪਣੀਆਂ ਖੁਲ੍ਹਾਂ, ਡਾਰਾਂ ਨਾਲ ਘੁੰਮਣਾਂ, ਦਰਿਆਵਾਂ ਵਿਚ ਖੁਲ੍ਹਾ ਨਹਾਉਣਾ, ਜੰਗਲਾਂ ਵਿਚ ਮਨ-ਮਰਜ਼ੀ ਦੀ ਖ਼ੁਰਾਕ ਖਾਣੀ ਛੁਟ ਜਾਂਦੀ ਹੈ। ਆਦਮੀ ਦੀ ਪੂਰੀ ਤਰ੍ਹਾਂ ਗੁਲਾਮੀ ਕਰਦਾ ਸਿਰ ਵਿਚ ਤਿੱਖੇ ਕੁੰਡੇ ਦੀ ਮਾਰ ਸਹਿੰਦਾ ਰਹਿੰਦਾ ਹੈ।

ਸੌ ਵਾਟ ਦਾ ਬਲਬ ਮਚ ਰਿਹਾ ਹੈ, ਗਰਮੀ ਉਸਦੇ ਸ਼ੀਸ਼ੇ ਵਿਚ ਸਮਾਈ ਹੋਈ ਹੈ ਪਰ ਪਤੰਗਾ ਉਡ ਕੇ ਰੂਪ ਦੇ ਰੋਗ ਦਾ ਬੰਨ੍ਹਿਆ ਹੋਇਆ ਅੰਨ੍ਹੇਵਾਹ ਲਾਟ ਵਲ ਹੀ ਵਧਦਾ ਹੈ, ਜੇ ਵੱਡਾ ਦੀਵਾ ਜਲਦਾ ਹੋਵੇ ਤਾਂ ਉਸਦੀ ਲਾਟ ਵਿਚ ਜਲ ਕੇ ਆਪਣਾ ਜੀਵਨ ਗਵਾ ਬੈਠਦਾ ਹੈ।

ਮੱਛੀਆਂ ਖੁਲ੍ਹੇ ਪਾਣੀ ਵਿਚ ਕਲੋਲਾਂ ਕਰਦੀਆਂ, ਅਨੰਦ ਮਾਣਦੀਆਂ ਹਨ; ਮੱਛੀਆਂ ਫੜਨ ਵਾਲਾ ਪਾਣੀ ਦੇ ਕੰਢੇ ਪੁਜਦਾ ਹੈ ਜਾਂ ਕਿਸ਼ਤੀਆਂ ਵਿਚ ਬੈਠ ਕੇ ਗਹਿਰੇ ਪਾਣੀ ਵਿਚ ਜਾਂਦਾ ਹੈ। ਉਥੇ ਜਾ ਕੇ ਕੁੰਡੀ ਨੂੰ ਖਾਣ ਵਾਲੀ ਚੀਜ਼ ਲਾ ਕੇ ਪਾਣੀ ਵਿਚ ਸੁੱਟ ਦਿੰਦਾ ਹੈ। ਰਸ ਦੇ ਵਿਸ਼ੇ ਵਿਚ ਗ੍ਰਸਤ ਹੋਈ-ਹੋਈ ਮੱਛੀ ਆਪਣੀ ਸਾਰੀ ਸੁਰਤ ਗਵਾ ਕੇ ਉਸ ਕੁੰਡੀ ਨੂੰ ਨਾਲ ਲੱਗੇ ਹੋਏ ਰਸੀਲੇ ਪਦਾਰਥ ਸਮੇਤ ਅੰਦਰ ਨਿਗਲ ਜਾਂਦੀ ਹੈ, ਕੁੰਡੀ ਵਿਚ ਫਸ ਜਾਂਦੀ ਹੈ ਅਤੇ ਉਹ ਮੱਛੀ ਪਾਣੀ ਵਿਚੋਂ ਖਿੱਚ ਕੇ ਬਾਹਰ ਲਿਆਂਦੀ ਜਾਂਦੀ ਹੈ ਅਤੇ ਤੜਫ-ਤੜਫ ਕੇ ਜਾਨ ਦਿੰਦੀ ਹੈ। ਮਹਾਰਾਜ ਜੀ ਫੁਰਮਾਉਂਦੇ ਹਨ -

***ਮਛੁਲੀ ਜਾਲੁ ਨ ਜਾਣਿਆ***
***ਸਰੁ ਖਾਰਾ ਅਸਗਾਹੁ॥***
***ਅਤਿ ਸਿਆਣੀ ਸੋਹਣੀ***
***ਕਿਉ ਕੀਤੋ ਵੇਸਾਹੁ॥***
***ਕੀਤੇ ਕਾਰਣਿ ਪਾਕੜੀ***
***ਕਾਲੁ ਨ ਟਲੈ ਸਿਰਾਹੁ॥***
***ਭਾਈ ਰੇ ਇਉ ਸਿਰਿ ਜਾਣਹੁ ਕਾਲੁ॥***
***ਜਿਉ ਮਛੀ ਤਿਉ ਮਾਣਸਾ***
***ਪਵੈ ਅਚਿੰਤਾ ਜਾਲੁ॥*** ***ਅੰਗ - ੫੫***

ਗੰਧ - ਫੁੱਲਾਂ ਦੀ ਸੁਗੰਧੀ ਭੰਵਰੇ ਨੂੰ ਆਪਣੇ ਵਲ ਖਿਚਦੀ ਹੈ। ਉਹ ਫੁੱਲ ਤੇ ਬੈਠਾ ਮਕਰੰਦ ਰਸ ਦਾ ਅਨੰਦ ਮਾਣਦਾ ਹੈ, ਦਿਨ ਖਤਮ ਹੋ ਜਾਂਦਾ ਹੈ, ਸੂਰਜ ਛਿਪ ਜਾਂਦਾ ਹੈ। ਕਈ ਫੁਲ ਰਾਤ ਨੂੰ ਆਪਣੀਆਂ ਪੰਖੜੀਆਂ ਬੰਦ ਕਰ ਲੈਂਦੇ ਹਨ ਅਤੇ ਸਵੇਰੇ ਤਰੇਲ ਤੁਪਕਿਆਂ ਦੀ ਸੰਗੀਤਮਈ ਧੁਨ ਸੁਣ ਕੇ ਆਪਣੀਆਂ ਪੰਖੜੀਆਂ ਉਨ੍ਹਾਂ ਦੇ ਸੁਆਗਤ ਲਈ ਖੋਲ੍ਹ ਦਿੰਦੇ ਹਨ। ਇਹ ਭੰਵਰਾ ਇਸ ਘਟਨਾ ਤੋਂ ਅਗਿਆਤ ਰਹਿ ਕੇ ਫੁੱਲ ਵਿਚ ਨਪੀੜਿਆ ਜਾਂਦਾ ਹੈ ਅਤੇ ਸਵੇਰ ਨੂੰ ਫੁੱਲ ਦੇ ਹੇਠਾਂ ਮਰਿਆ ਹੋਇਆ ਪਿਆ ਹੁੰਦਾ ਹੈ। ਇਸ ਦਾ ਜੀਵਨ ਇਸ ਵਿਸ਼ੇ ਦੇ ਅਧੀਨ, ਜਿਸਨੂੰ ਸੁਗੰਧ ਆਖਦੇ ਹਨ, ਖਤਮ ਹੋ ਜਾਂਦਾ ਹੈ।

ਇਹ ਪੰਜ ਵਿਸ਼ੇ ਪਸ਼ੂਆਂ ਨੂੰ ਮੋਹਿਤ ਕਰਦੇ ਹਨ - ਇਨ੍ਹਾਂ ਵਿਚੋਂ ਇਕ-ਇਕ ਵਿਸ਼ਾ ਇਕ-ਇਕ ਨੂੰ ਮੋਹਿਤ ਕਰਦਾ ਹੈ, ਪਰ ਬੇ-ਵਿਚਾਰਾ ਆਦਮੀ ਇਨ੍ਹਾਂ ਪੰਜਾਂ ਹੀ ਵਿਸ਼ਿਆਂ ਵਿਚ ਪੂਰੀ ਤਰ੍ਹਾਂ ਨਾਲ ਗ੍ਰਸਿਤ ਹੈ। ਆਦਮੀ ਦੇ ਸਾਹਮਣੇ ਹੋਰ ਵਿਸ਼ਿਆਂ ਦੀ ਕੋਈ ਕਮੀ ਨਹੀਂ ਹੈ, ਰਸ ਹੀ ਰਸ ਹਨ - ਪੁੱਤਰ-ਧੀਆਂ, ਇਸਤਰੀਆਂ, ਕੁੜਮ-ਕਬੀਲੇ, ਮਿਤਰ-ਦੋਸਤ, ਸੁਸਾਇਟੀ-ਭਾਈਚਾਰਾ; ਇਹ ਇਕ ਰਸ ਹੈ। ਦੂਸਰਾ ਸੋਨੇ, ਚਾਂਦੀ, ਹੀਰੇ, ਜਵਾਹਰਾਤ, ਪੈਸੇ, ਬੈਂਕ ਬੈਲੈਂਸ ਦਾ ਰਸ ਹੈ। ਤੀਸਰਾ ਜ਼ਮੀਨ, ਜਾਇਦਾਦ, ਇੰਡਸਟਰੀਆਂ, ਅਨੇਕ ਕਿਸਮ ਦੀਆਂ ਪ੍ਰਾਪਰਟੀਆਂ (ਜਾਇਦਾਦਾਂ) ਦਾ ਰਸ ਹੈ; ਆਪਣੀ ਮਹਿਮਾ ਕਰਾਉਣ ਦਾ ਰਸ ਹੈ, ਜਿਸਦੀ ਪ੍ਰਾਪਤੀ ਲਈ ਅਨੇਕ ਕਿਸਮ ਦੇ ਝੂਠ ਬੋਲਦਾ ਹੈ, ਅਨੇਕ ਛਲ-ਵਲ ਕਰਕੇ ਮਾਇਆ ਇਕੱਤਰ ਕਰਦਾ ਹੈ ਅਤੇ ਵਿਆਹਾਂ-ਸ਼ਾਦੀਆਂ, ਪ੍ਰੀਤੀ ਭੋਜਨਾਂ ਸਮੇਂ ਬਹੁਤ ਵੱਡੇ ਆਡੰਬਰ ਕਰਕੇ ਦੁਨੀਆਂ ਨੂੰ ਮੋਹਿਤ ਕਰਦਾ ਹੈ ਅਤੇ ਆਪਣਾ ਜਸ ਕਰਾਉਣ ਦੀ ਲੋਚਾ ਬਹੁਤ ਵਾਰੀ ਉਸਨੂੰ ਕਰਜ਼ਿਆਂ ਹੇਠ ਲਿਆ ਦਿੰਦੀ ਹੈ। ਇਸੇ ਤਰ੍ਹਾਂ ਨਾਲ ਲਿਖਣ ਪੜ੍ਹਨ ਦਾ ਰਸ, ਗੱਲਾਂ ਬਾਤਾਂ ਕਰਨ ਦਾ ਰਸ, political position ਹਾਸਲ ਕਰਨ ਦਾ ਰਸ, ਸੈਰ-ਸਪਾਟੇ, ਪਿਕਨਿਕਾਂ ਕਰਨ ਦਾ ਰਸ, ਸ਼ਰਾਬ, drug, ਮਾਸ, ਪੀਣ ਤੇ ਖਾਣ ਦਾ ਰਸ, ਸੋਹਣੇ ਕਪੜੇ ਪਹਿਨ ਕੇ ਸੁੰਦਰ ਦ੍ਰਿਸ਼ਟ ਆਉਣ ਦਾ ਰਸ ਅਤੇ ਸਭ ਤੋਂ ਵੱਧ ਵਿਸ਼ੇ ਭੋਗਾਂ ਪਰਾਈਆਂ ਇਸਤਰੀਆਂ-ਪੁਰਸ਼ਾਂ ਨਾਲ ਨਜ਼ਾਇਜ਼ ਸਬੰਧ ਰੱਖਣ ਦਾ ਰਸ, ਇਸ ਦੀ ਜ਼ਿੰਦਗੀ ਦਾ ਧੇਅ ਬਣਿਆ ਰਹਿੰਦਾ ਹੈ, ਭੁੱਲ ਕੇ ਵੀ ਇਸਨੂੰ ਨਾ ਹੀ ਵਿਸ਼ਵਾਸ਼ ਆਉਂਦਾ ਹੈ ਅਤੇ ਨਾ ਹੀ ਇਹ ਕਿਹਾ ਮੰਨਦਾ ਹੈ ਕਿ ਸੰਸਾਰ ਵਿਚ ਸਭ ਤੋਂ ਵੱਡਾ ਰਸ 'ਨਾਮ' ਦਾ ਰਸ ਹੈ ਜਿਸ ਰਸ ਦੇ ਪੀਣ ਨਾਲ ਹੋਰ ਸਾਰੇ ਰਸਾਂ ਨੂੰ ਮਾਣਨ ਦੀ ਰੁਚੀ, ਪੂਰੀ ਤਰ੍ਹਾਂ ਨਾਲ ਖਤਮ ਹੋ ਜਾਇਆ ਕਰਦੀ ਹੈ ਕਿਉਂਕਿ ਇਹ ਐਨਾ ਮਹਾਨ ਰਸ ਹੈ ਕਿ ਜੇ ਇਕ ਵਾਰੀ ਆ ਜਾਵੇ ਤਾਂ ਉਸਦੀ ਖੁਮਾਰੀ ਸਾਰੀ ਜ਼ਿੰਦਗੀ ਨਹੀਂ ਉਤਰਿਆ ਕਰਦੀ। ਜਨਮਸਾਖੀ ਵਿਚ ਆਉਂਦਾ ਹੈ ਕਿ -

*ਪੋਸਤ ਮਦੁ ਅਫੀਮ ਭੰਗ*
*ਉਤਰ ਜਾਏ ਪਰਭਾਤਿ।।*
*ਨਾਮ ਖੁਮਾਰੀ ਨਾਨਕਾ*
*ਚੜ੍ਹੀ ਰਹੇ ਦਿਨ ਰਾਤ।।* *(ਜਨਮਸਾਖੀ)*

ਜਿਸਨੂੰ ਇਹ ਰਸ ਆ ਜਾਵੇ ਉਸਦੀ ਪਦਵੀ ਇਕ ਮਾਮੂਲੀ ਇਨਸਾਨ ਤੋਂ ਉਚੀ ਉਠ ਕੇ ਉਸਨੂੰ ਪ੍ਰਮੇਸ਼ਰ ਵਰਗਾ ਹੀ ਬਣਾ ਦਿੰਦੀ ਹੈ -

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖ਼ਾਲਸ ਦੇਵ।।*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ।।*
*(ਸਰਬ ਲੋਹ ਗ੍ਰੰਥ)*

ਇਹ ਰਸ ਸੰਤਾਂ ਦੀ ਸੰਗਤ ਕਰਕੇ ਪ੍ਰਾਪਤ ਹੋਇਆ ਕਰਦਾ ਹੈ, ਇਸਦੀ ਕੋਈ ਕੀਮਤ ਨਹੀਂ ਹੈ -

*ਹਰਿ ਰਸ ਕੀ ਕੀਮਤਿ*
*ਕਹੀ ਨ ਜਾਇ।।*
*ਹਰਿ ਰਸੁ ਸਾਧੂ ਹਾਟਿ ਸਮਾਇ।।*
*ਲਾਖ ਕਰੋਰੀ ਮਿਲੈ ਨ ਕੇਹ।।*
*ਜਿਸਹਿ ਪਰਾਪਤਿ ਤਿਸ ਹੀ ਦੇਹਿ।।*

*ਅੰਗ - ੩੭੭*

ਨਾਮ ਰਸ ਤੋਂ ਬਿਨਾਂ ਹੋਰ ਸਾਰੇ ਰਸ ਜੀਵਨ ਨੂੰ ਫਿੱਕਾ ਕਰ ਦਿੰਦੇ ਹਨ -

*ਹੋਰਿ ਸਾਦ ਸਭਿ ਫਿਕਿਆ*
*ਤਨੁ ਮਨੁ ਫਿਕਾ ਹੋਇ।।*
*ਵਿਣੁ ਪਰਮੇਸਰ ਜੋ ਕਰੇ*
*ਫਿਟੁ ਸੁ ਜੀਵਣੁ ਸੋਇ।।* *ਅੰਗ - ੨੧੮*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਆਨ ਰਸਾ ਜੇਤੇ ਤੈ ਚਾਖੇ।।*
*ਨਿਮਖ ਨ ਤ੍ਰਿਸਨਾ ਤੇਰੀ ਲਾਥੇ।।*
*ਹਰਿ ਰਸ ਕਾ ਤੂੰ ਚਾਖਹਿ ਸਾਦੁ।।*
*ਚਾਖਤ ਹੋਇ ਰਹਹਿ ਬਿਸਮਾਦੁ।।*

*ਅੰਗ - ੧੮੦*

ਸੋ ਇਸ ਤਰ੍ਹਾਂ ਦੇ ਨਾਲ ਜੀਵਨ ਵਿਚ ਜੋ ਮਹਾਨ ਰਸ ਪ੍ਰਾਪਤ ਹੋ ਕੇ ਜੰਮਣ ਮਰਣਾ ਖਤਮ ਹੋ ਜਾਣਾ ਸੀ, ਉਸ ਰਸ ਤੋਂ ਇਹ ਵਿਸ਼ਈ ਪੁਰਸ਼ ਪੂਰੀ ਤਰ੍ਹਾਂ ਅਗਿਆਤ ਰਹਿੰਦੇ ਹਨ ਅਤੇ ਉਨ੍ਹਾਂ ਕੁ-ਰਸਾਂ ਵਿਚ ਪਏ ਆਪਣਾ ਜੀਵਨ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਦਿੰਦੇ ਹਨ। ਸੋ ਇਸ ਕਰਕੇ ਇਹ ਵਿਸ਼ਈ ਪੁਰਸ਼, ਆਤਮ ਰਸ ਨੂੰ ਭੁੱਲ ਕੇ ਰਸਾਂ ਦੇ ਭੈੜੇ ਨਤੀਜਿਆਂ ਵਜੋਂ ਆਪਣੇ ਜੀਵਨ ਨੂੰ ਅਨੇਕ ਤਰ੍ਹਾਂ ਦੀਆਂ ਪਰੇਸ਼ਾਨੀਆਂ, ਬਿਮਾਰੀਆਂ ਵਿਚ ਫਸਾ ਕੇ ਸਾਰਾ ਜੀਵਨ ਦੁਖਾਂ ਵਿਚ ਲੰਘਾ ਦਿੰਦੇ ਹਨ। ਇਨ੍ਹਾਂ ਨੂੰ ਨਾ ਅਗੰਤ ਦਾ ਪਤਾ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਇਹ ਗਿਆਨ ਹੁੰਦਾ ਹੈ ਕਿ ਮੈਂ ਕਿਸ ਮਨੋਰਥ ਲਈ ਸੰਸਾਰ ਵਿਚ ਆਇਆ ਹਾਂ ਅਤੇ ਜੀਵਨ ਅੰਤ ਹੋਣ ਪਿਛੋਂ ਕਿਥੇ ਜਾਣਾ ਹੈ? ਸੋ ਇਹ ਜੀਵਨ ਵੀ ਪਸ਼ੂਆਂ ਨਾਲੋਂ ਵੱਧ ਨਹੀਂ ਹੋਇਆ ਕਰਦਾ। ਮਹਾਰਾਜ ਜੀ ਪਾਮਰਾਂ ਅਤੇ ਵਿਸ਼ਈਆਂ ਦੀ ਤੁਲਨਾ ਪਸ਼ੂਆਂ ਨਾਲ ਕਰਦੇ ਹੋਏ ਪਸ਼ੂਆਂ ਨੂੰ ਆਦਰ ਦਿੰਦੇ ਹਨ ਕਿ ਉਹ ਘਾਹ ਖਾ ਕੇ ਉਸਦਾ ਬਦਲ ਦੁਧ ਵਿਚ ਦਿੰਦੇ ਹਨ। ਇਹ ਪੁਰਸ਼ ਦੂਜਿਆਂ ਨੂੰ ਵੀ ਮੁਸ਼ਕਲਾਂ ਵਿਚ ਫਸਾ ਦਿਆ ਕਰਦੇ ਹਨ। ਨਿੰਦਿਆ, ਚੁਗਲੀ, ਈਰਖਾ, ☆ਖੀਲੀ, ਵੈਰ, ਵਿਰੋਧ ਆਦਿ ਵਿਚ ਫਸੇ ਹੋਏ ਆਪ ਤਾਂ ਪੂਰੀ ਤਰ੍ਹਾਂ ਦੁਖੀ ਹੋਏ ਹੁੰਦੇ ਹਨ ਪਰ ਵਸ ਲਗਦੇ ਦੂਜਿਆਂ ਨੂੰ ਵੀ ਦੁਖੀ ਕਰਨਾ ਹੀ ਲੋਚਦੇ ਰਹਿੰਦੇ ਹਨ।

ਇਨ੍ਹਾਂ ਦੋਹਾਂ ਪਾਮਰ ਤੇ ਵਿਸ਼ਈ ਪੁਰਸ਼ਾਂ ਨੂੰ ਮਨਮੁਖ ਆਖਿਆ ਜਾਂਦਾ ਹੈ। ਇਹ ਮਨ ਦੇ ਪਿਛੇ ਲਗ ਕੇ ਚਲਣ ਵਾਲੇ ਲੋਕ ਹੋਇਆ ਕਰਦੇ ਹਨ ਅਤੇ ਮਹਾਰਾਜ ਜੀ ਦਸਦੇ ਹਨ ਕਿ ਇਨ੍ਹਾਂ ਦਾ ਆਚਾਰ ਹੈ -

*ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ*
*ਇਹੁ ਮਨਮੁਖ ਕਾ ਆਚਾਰੁ।।*

*ਅੰਗ - ੫੦੯*

*ਮਨਮੁਖਿ ਹਉਮੈ ਵਿਛੁੜੇ*
*ਮੇਰੀ ਜਿੰਦੁੜੀਏ*
*ਬਿਖੁ ਬਾਧੇ ਹਉਮੈ ਜਾਲੇ ਰਾਮ।।*
*ਜਿਉ ਪੰਖੀ ਕਪੋਤਿ*
*ਆਪੁ ਬਨਾਇਆ ਮੇਰੀ ਜਿੰਦੁੜੀਏ*
*ਤਿਉ ਮਨਮੁਖ*
*ਸਭਿ ਵਸਿ ਕਾਲੇ ਰਾਮ।।*
*ਜੋ ਮੋਹਿ ਮਾਇਆ*
*ਚਿਤੁ ਲਾਇਦੇ ਮੇਰੀ ਜਿੰਦੁੜੀਏ*
*ਸੇ ਮਨਮੁਖ ਮੂੜ ਬਿਤਾਲੇ ਰਾਮ।।*

*ਅੰਗ - ੫੩੮*

ਆਪ-ਹੁਦਰੇ ਲੋਕ ਹਉਮੈ ਕਰਕੇ ਹਰੀ ਤੋਂ ਵਿਛੜੇ ਹਨ। ਉਨ੍ਹਾਂ ਨੂੰ ਵਿਸ਼ਿਆਂ ਦੀ ਵਾਸ਼ਨਾ ਨੇ ਬੰਨ੍ਹ ਰੱਖਿਆ ਹੈ। ਜਿਵੇਂ ਕਬੂਤਰ ਲਾਲਚ ਕਰਕੇ ਜਾਲ ਹੇਠ ਪਏ ਚੋਗੇ ਨੂੰ ਚੁਗਣ ਲਈ, ਬਿਨਾਂ ਵਿਚਾਰ ਕੀਤੇ ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ, ਤਿਵੇਂ ਸਭ ਆਪ-ਹੁਦਰੇ ਮੌਤ

ਦੇ ਮੂੰਹ ਵਿਚ ਪੈਂਦੇ ਹਨ ਅਤੇ ਇਨ੍ਹਾਂ ਆਪ-ਹੁਦਰੇ ਪੁਰਸ਼ਾਂ ਨੂੰ ਮਹਾਰਾਜ ਜੀ ਨੇ ਭੂਤਨੇ ਅਤੇ ਮੂਰਖ ਦੀ ਉਪਾਧੀ ਬਖਸ਼ੀ ਹੈ। ਇਨ੍ਹਾਂ ਮਨਮੁਖਾਂ ਨੂੰ ਆਪਣੇ ਸੁਆਰਥੀ ਜੀਵਨ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ ਅਤੇ ਇਨ੍ਹਾਂ ਬਾਰੇ ਫੁਰਮਾਨ ਹੈ-

***ਮਨਮੁਖਿ ਅੰਧੇ ਸੁਧਿ ਨ ਕਾਈ।।***
***ਆਤਮ ਘਾਤੀ ਹੈ ਜਗਤ ਕਸਾਈ।।***
***ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ***
***ਬਿਨੁ ਮਜੂਰੀ ਭਾਰੁ ਪਹੁਚਾਵਣਿਆ।।***
***ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।।***
***ਸਦਾ ਸਮਾਲੇ ਕੋ ਨਾਹੀ ਖਾਲੀ।।***
***ਜੇਹੀ ਵਾਸਨਾ ਪਾਏ ਤੇਹੀ ਵਰਤੈ***
***ਵਾਸੂ ਵਾਸੁ ਜਣਾਵਣਿਆ।। ਅੰਗ - ੧੧੮***

ਐਸੇ ਜੀਵਨ ਵਾਲੇ ਪੁਰਸ਼ ਮਹਾ-ਗੁਬਾਰ ਵਿਚ ਰਹਿੰਦੇ, ਲੋਭ ਵਿਚ ਫਸੇ ਹੋਏ ਵਿਸਾਹਘਾਤ ਕਰਕੇ ਵੀ ਆਪਣੇ ਲੋਭ ਦੀ ਪੂਰਤੀ ਕਰਦੇ ਹਨ ਅਤੇ ਮਾਨਸਿਕ ਤੌਰ ਤੇ ਦੁਖੀ ਰਹਿੰਦੇ ਹਨ। ਸੁਖ ਨਾਮ ਦੀ ਚੀਜ਼ ਉਨ੍ਹਾਂ ਦੇ ਭਾਗਾਂ ਵਿਚ ਹੈ ਹੀ ਨਹੀਂ ਕਿਉਂਕਿ ਸਾਰੇ ਸੁਖ ਪ੍ਰਮੇਸ਼ਰ ਦੀ ਯਾਦ ਤੇ ਨਾਮ ਜਪ ਦੇ ਅਧੀਨ ਹਨ ਜਦੋਂ ਕਿ ਉਹ ਪ੍ਰਮੇਸ਼ਰ ਤੋਂ ਬੇਮੁਖ ਹਨ। ਮਹਾਰਾਜ ਜੀ ਦਾ ਫੁਰਮਾਨ ਹੈ-

***ਅੰਤਰਿ ਲੋਭੁ ਮਹਾ ਗੁਬਾਰਾ***
***ਤਿਨ ਕੈ ਨਿਕਟਿ ਨ ਕੋਈ ਜਾਹਿ।।***
***ਓਇ ਆਪਿ ਦੁਖੀ***
***ਸੁਖੁ ਕਬਹੂ ਨ ਪਾਵਹਿ***
***ਜਨਮਿ ਮਰਹਿ ਮਰਿ ਜਾਹਿ।। ਅੰਗ - ੬੫੨***
***ਮਨਮੁਖ ਕੋਠੀ ਅਗਿਆਨੁ ਅੰਧੇਰਾ***
***ਤਿਨ ਘਰਿ ਰਤਨੁ ਨ ਲਾਖਾ।।***
***ਤੇ ਊਝੜਿ ਭਰਮਿ ਮੁਏ ਗਾਵਾਰੀ***
***ਮਾਇਆ ਭੁਅੰਗ ਬਿਖੁ ਚਾਖਾ।। ਅੰਗ - ੬੯੬***

ਇਹ ਲੋਕ ਸਦਾ ਹੀ ਨਿਸ਼ਾਨੇ ਤੋਂ ਹੀਣੇ ਜ਼ਹਿਰ ਇਕੱਠੀ ਕਰਦੇ ਹਨ ਅਤੇ ਜ਼ਹਿਰ ਹੀ ਖਾਂਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਅੰਦਰ **'ਨਾਮ'** ਵਰਗੀ ਪਰਮ ਸ਼ਾਂਤੀ ਦੇਣ ਵਾਲੀ ਕ੍ਰੋੜਾਂ ਰਤਨਾਂ ਤੋਂ ਵੀ ਕੀਮਤੀ ਅਮੁੱਲ ਵਸਤੂ, ਨਾਮ ਦਾ ਨਿਵਾਸ ਹੈ। ਸੋ ਇਸ ਤਰ੍ਹਾਂ ਦੀਆਂ ਇਹ ਦੋਵੇਂ ਸ਼੍ਰੇਣੀਆਂ ਭਗਤੀ ਤੋਂ ਪੂਰੀ ਤਰ੍ਹਾਂ ਨਾਲ ਅਣਜਾਣ ਰਹਿ ਕੇ ਆਪਣਾ ਜੀਵਨ ਪਸ਼ੂਆਂ ਸਮਾਨ ਲੰਘਾ ਦਿੰਦੇ ਹਨ।

**3. ਜਗਿਆਸੂ** - ਇਸ ਸ਼੍ਰੇਣੀ ਦੇ ਮਨੁੱਖ ਇਸ ਸੰਸਾਰ ਵਿਚ ਬਹੁਤ ਥੋੜ੍ਹੇ ਹਨ, ਹਜ਼ਾਰਾਂ ਵਿਚੋਂ ਇਕ ਅੱਧ ਹੋਇਆ ਕਰਦਾ ਹੈ ਜਿਨ੍ਹਾਂ ਦੇ ਅੰਦਰ ਇਹ ਵਿਚਾਰ ਚਲਦੀ ਹੈ ਕਿ ਮੈਂ ਏਸ ਜੀਵਨ ਪ੍ਰਾਪਤੀ ਤੋਂ ਪਹਿਲਾਂ ਕਿਸ ਹਾਲਤ ਵਿਚ ਰਹਿੰਦਾ ਸਾਂ ਅਤੇ ਜੀਵਨ ਬਤੀਤ ਕਰਨ ਉਪਰੰਤ ਮੇਰੀ ਹੋਂਦ ਕਿਨ੍ਹਾਂ ਹਾਲਤਾਂ ਵਿਚੋਂ ਲੰਘੇਗੀ। ਇਹ ਆਪਣੇ ਜੀਵਨ ਦੇ ਵਿਚ ਖ਼ੁਦਗਰਜ਼ੀ, ਬੁਰਿਆਈਆਂ ਆਦਿ ਬੁਰਿਆਂ ਸੁਭਾਵਾਂ ਨੂੰ ਨਹੀਂ ਆਉਣ ਦਿੰਦੇ ਅਤੇ ਉਹ ਮਹਾਂਪੁਰਸ਼ਾਂ ਦੀ ਬਾਣੀ ਸੁਣ ਕੇ ਇਸ ਗੱਲ ਉਤੇ ਪੂਰਾ ਨਿਸ਼ਚਾ ਕਰ ਲੈਂਦੇ ਹਨ ਕਿ -

***ਕਈ ਜਨਮ ਭਏ ਕੀਟ ਪਤੰਗਾ।।***
***ਕਈ ਜਨਮ ਗਜ ਮੀਨ ਕੁਰੰਗਾ।।***
***ਕਈ ਜਨਮ ਪੰਖੀ ਸਰਪ ਹੋਇਓ।।***
***ਕਈ ਜਨਮ ਹੈਵਰ ਬ੍ਰਿਖ ਜੋਇਓ।।***
***ਮਿਲੁ ਜਗਦੀਸ ਮਿਲਨ ਕੀ ਬਰੀਆ।।***
***ਚਿਰੰਕਾਲ ਇਹ ਦੇਹ ਸੰਜਰੀਆ।।***
***ਅੰਗ - ੧੭੬***

ਅਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਵਿਸ਼ਵਾਸ਼ ਹੁੰਦਾ ਹੈ ਕਿ ਇਹ ਅਮੁੱਲ ਮਾਨਸ ਸਰੀਰ ਦਾ ਪਰਮ ਮਨੋਰਥ ਆਪਣੇ ਅੰਦਰ ਸਮਾਏ ਹੋਏ ਵਾਹਿਗੁਰੂ ਜੀ ਨਾਲ ਮਿਲਣਾ ਹੈ ਜਿਵੇਂ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ।।***
***ਗੋਬਿੰਦ ਮਿਲਣ ਕੀ***
***ਇਹ ਤੇਰੀ ਬਰੀਆ।।***
***ਅਵਰਿ ਕਾਜ ਤੇਰੈ ਕਿਤੈ ਨ ਕਾਮ।।***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।***
***ਸਰੰਜਾਮਿ ਲਾਗੁ ਭਵਜਲ ਤਰਨ ਕੈ।।***
***ਜਨਮੁ ਬ੍ਰਿਥਾ ਜਾਤ***
***ਰੰਗਿ ਮਾਇਆ ਕੈ।। ਅੰਗ - ੧੨***

ਉਨ੍ਹਾਂ ਦੇ ਅੰਦਰ ਜਗਿਆਸਾ ਜਾਗਦੀ ਹੈ ਕਿ ਮੈਂ ਉਨ੍ਹਾਂ ਪੁਰਸ਼ਾਂ ਦੇ ਨਾਲ ਆਪਣੇ ਸਬੰਧ ਪੈਦਾ ਕਰਾਂ ਜਿਹੜੇ ਇਨ੍ਹਾਂ ਪਰਸਥਿਤੀਆਂ ਦਾ ਹੱਲ ਕਰਨਾ ਜਾਣਦੇ ਹੋਣ ਅਤੇ ਮੈਨੂੰ guide (ਰਾਹ ਦੱਸ ਕੇ) ਕਰਕੇ ਆਪਣੀ ਮੰਜ਼ਲੇ ਮਕਸੂਦ, ਪ੍ਰਭੂ ਦੇਸ਼ ਵਿਚ ਪਹੁੰਚਾ ਦੇਣ। ਮੇਰਾ ਮਹਾਂ ਦੀਰਘ ਰੋਗ ਕੋੜ੍ਹ ਵਰਗਾ ਜਿਸਨੂੰ ਹਉਮੈ ਆਖਦੇ ਹਨ, ਉਸਨੂੰ ਸਵਸਥ ਕਰਨ ਦਾ ਦਵਾ-ਦਾਰੂ ਦੱਸਣ ਤੇ ਮੈਨੂੰ ਉਸ ਮਾਰਗ ਬਾਰੇ ਸੋਝੀ ਦੇਣ, ਜਿਸ ਕਰਕੇ ਮੈਂ ਆਪਣੇ ਅਸਲੀ ਆਤਮ ਸਰੂਪ ਨੂੰ ਪਹਿਚਾਣ ਲਵਾਂ ਅਤੇ ਕ੍ਰੋੜਾਂ ਦੁਖਾਂ ਤੋਂ ਬਰੀ ਹੋ ਕੇ ਪਰਮਾਨੰਦ ਦੀ ਪ੍ਰਾਪਤੀ ਕਰ ਸਕਾਂ। ਇਸ ਸ਼੍ਰੇਣੀ ਦੇ ਬੰਦੇ ਬਹੁਤ ਹੀ ਘੱਟ

ਹੋਇਆ ਕਰਦੇ ਹਨ।

ਇਨ੍ਹਾਂ ਦੇ ਮਨ ਵਿਚ ਹਰ ਵਕਤ ਪ੍ਰੇਰਨਾ ਉਠਦੀ ਹੈ ਕਿ ਅਸੀਂ ਆਪਣੇ ਨਿੱਜੀ ਜੀਵਨ ਦੇ ਅਨੰਦ ਦੀ ਥਾਂ ਦੁਖੀਆਂ, ਦਰਦਵੰਦਾਂ, ਲੋੜਵੰਦਾਂ ਦੀ ਸਹਾਇਤਾ ਕਰਕੇ ਆਪਣੇ ਮਨੁੱਖੀ ਫਰਜ਼ ਨੂੰ ਪਹਿਚਾਣੀਏ। ਉਨ੍ਹਾਂ ਦਾ ਮੁਰਸ਼ਦਾਂ, ਗੁਰੂਆਂ, ਸੰਤਾਂ, ਸਾਧੂਆਂ, ਮੁਕਤ ਆਤਮਾਵਾਂ ਨਾਲ ਪਿਆਰ ਹੋਇਆ ਕਰਦਾ ਹੈ ਅਤੇ ਇਹ ਤਨੋ ਮਨੋ ਹੋ ਕੇ ਉਨ੍ਹਾਂ ਦੇ ਸਤਿਸੰਗਾਂ ਵਿਚ ਜਾ ਕੇ ਸੇਵਾ ਕਰਦੇ ਹਨ ਅਤੇ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਹਰ ਸੰਭਵ ਜਤਨ ਕਰਦੇ ਹਨ। ਇਹ ਪੁਰਖ 'ਜਗਿਆਸੂ' ਕਹਾਇਆ ਕਰਦੇ ਹਨ। ਇਨ੍ਹਾਂ ਦੇ ਵਿਚ ਭੀ ਦਰਜੇ ਹੋਇਆ ਕਰਦੇ ਹਨ। ਉਤਮ, ਮੱਧਮ ਤੇ ਕਨਿਸ਼ਟ ਦਰਜੇ ਹੋਇਆ ਕਰਦੇ ਹਨ ਪਰ ਸਤਿਸੰਗ ਕਰਕੇ ਇਹ ਉਤਮ ਜਗਿਆਸੂ ਹੋ ਜਾਇਆ ਕਰਦੇ ਹਨ। ਇਨ੍ਹਾਂ ਦਾ ਸੰਸਾਰ ਤੇ ਆਉਣਾ ਸਫਲ ਹੋਇਆ ਕਰਦਾ ਹੈ। ਇਸ ਸ਼੍ਰੇਣੀ ਦੇ ਬੰਦੇ, ਭਾਵੇਂ ਹਜ਼ਾਰਾਂ ਵਿਚੋਂ ਇਕ ਹੀ ਹੈ, ਹਰ ਸਮੇਂ ਸੰਸਾਰ ਦੇ ਭਲੇ ਲਈ ਤਨੋ ਮਨੋ ਅਰਦਾਸ ਕਰਦੇ ਹਨ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਇਹ ਅੰਮ੍ਰਿਤ ਵੇਲੇ ਜਾਗਦੇ ਹਨ। ਬਾਣੀ ਪੜ੍ਹਦੇ, ਨਾਮ ਅਭਿਆਸ ਦੀ ਘਾਲ ਕਮਾਈ ਪੂਰੀ ਤਨ ਦੇਹੀ (ਮੇਹਨਤ) ਨਾਲ ਕਰਦੇ ਹਨ ਅਤੇ ਸੰਸਾਰ ਵਿਚ ਵਿਚਰਦੇ ਪਿਆਰ-ਪ੍ਰੇਮ, ਮਿਲਵਰਤਨ ਵਾਲਾ ਜੀਵਨ ਬਤੀਤ ਕਰਕੇ ਆਪ ਭੀ ਖੁਸ਼ ਰਹਿੰਦੇ ਹਨ ਅਤੇ ਜੋ ਇਨ੍ਹਾਂ ਦੇ ਨਿਕਟ ਆਉਂਦਾ ਹੈ, ਉਸਨੂੰ ਵੀ ਖੁਸ਼ੀਆਂ ਵੰਡਦੇ ਹਨ। ਇਸ ਜਗਿਆਸੂ ਸ਼੍ਰੇਣੀ ਦੇ ਬੰਦੇ ਹੀ ਸਫਲ ਗਿਣੇ ਜਾਂਦੇ ਹਨ। ਇਹ ਅੰਦਰਲੀ ਤਰੱਕੀ ਲਈ ਸਦਾ ਤਾਂਘਦੇ ਰਹਿੰਦੇ ਹਨ ਅਤੇ ਹਰ ਰੋਜ਼ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ! ਉਨ੍ਹਾਂ ਆਪਣੇ ਪਿਆਰਿਆਂ ਦੇ ਦਰਸ਼ਨ ਕਰਾ ਜਿਹੜੇ ਸਾਡੇ ਅੰਦਰੋਂ ਅਗਿਆਨ ਦਾ ਅੰਧੇਰਾ ਦੂਰ ਕਰ ਦੇਣ ਜਿਨ੍ਹਾਂ ਦੇ ਮਿਲਣ ਨਾਲ ਤੂੰ ਚਿਤ ਵਿਚ ਵਸ ਜਾਵੇਂ ਤੇ ਸੰਸਾਰ ਨਾਲੋਂ ਪ੍ਰੀਤ ਟੁੱਟ ਕੇ ਤੇਰੇ ਨਾਲ ਪੈ ਜਾਵੇ। ਇਹ ਸ਼੍ਰੇਣੀ ਉਨ੍ਹਾਂ ਮਨੁੱਖਾਂ ਦੀ ਹੈ ਜਿਹੜੇ ਨਾਮ ਪ੍ਰਾਪਤੀ ਲਈ ਘਾਲ ਕਮਾਈਆਂ ਕਰਦੇ ਹਨ ਅਤੇ ਸੰਤਾਂ ਦੀ ਸੰਗਤ ਲਈ ਤਾਂਘਦੇ ਰਹਿੰਦੇ ਹਨ ਅਤੇ ਨਾਸਤਕਾਂ, ਮਨਮੁਖਾਂ, ਬੇਮੁਖਾਂ, ਵਿਸ਼ਈਆਂ, ਭੋਗੀਆਂ ਤੇ ਪਾਮਰਾਂ ਦੀ ਸੰਗਤ ਤੋਂ ਸਦਾ ਹੀ ਆਪਣੇ ਆਪ ਨੂੰ ਬਚਾਉਂਦੇ ਹਨ।

ਚੌਥੀ ਸ਼੍ਰੇਣੀ ਉਨ੍ਹਾਂ ਪੁਰਸ਼ਾਂ ਦੀ ਹੈ ਜਿਹੜੇ ਪ੍ਰਮੇਸ਼ਰ ਨਾਲ ਸਦੀਵ ਇਕਮਿਕ ਹੋਏ ਸੰਸਾਰ ਵਿਚ ਜਗਿਆਸੂਆਂ ਨੂੰ ਪ੍ਰਭੂ ਦਾ ਰਾਹ ਦਸ ਕੇ, ਉਸ ਨਾਲ ਮਿਲਾਉਂਦੇ ਹਨ। ਇਨ੍ਹਾਂ ਨੂੰ ਸੰਤ, ਸਾਧੂ, ਫਕੀਰ, ਆਰਫ, ਬ੍ਰਹਮਗਿਆਨੀ ਅਤੇ ਗੁਰਮੁਖ ਕਿਹਾ ਜਾਂਦਾ ਹੈ। ਸੰਖੇਪ ਰੂਪ ਵਿਚ ਇਨ੍ਹਾਂ ਦਾ ਧਿਆਨ ਸਦਾ ਹੀ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ। ਬ੍ਰਹਮ ਚਿੰਤਨ, ਬ੍ਰਹਮ ਕਥਨ, ਬ੍ਰਹਮ ਬੋਧਨ, ਸਰਬਤ੍ਰ ਦਿਸਦੇ ਅਤੇ ਅਣਦਿਸਦੇ ਸੰਸਾਰ ਵਿਚ ਬ੍ਰਹਮ ਭਾਵ ਅਤੇ ਬ੍ਰਹਮਾਕਾਰ ਬਿਰਤੀ ਆਤਮ ਸ਼ਾਖਸ਼ਾਤਕਾਰ ਹੋਇਆ ਕਰਦੀ ਹੈ। ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਕੇ ਹਉਮੈ ਦਾ ਅਭਾਵ ਹੁੰਦਾ ਹੈ। ਜੋ ਕੁਝ ਵੀ ਹੁੰਦਾ ਹੈ ਉਸਨੂੰ ਪ੍ਰਭੂ ਦੀ ਰਜ਼ਾ ਜਾਣ ਕੇ ਰਾਜ਼ੀ ਰਹਿੰਦੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥***
***ਸੰਤ ਜਨਾ ਕੈ ਹਿਰਦੈ ਸਭਿ ਧਰਮ॥***
***ਸੰਤ ਜਨਾ ਸੁਨਹਿ ਸੁਭ ਬਚਨ॥***
***ਸਰਬ ਬਿਆਪੀ ਰਾਮ ਸੰਗਿ ਰਚਨ॥***
***ਜਿਨਿ ਜਾਤਾ ਤਿਸ ਕੀ ਇਹ ਰਹਤ॥***
***ਸਤਿ ਬਚਨ ਸਾਧੂ ਸਭਿ ਕਹਤ॥***
***ਜੋ ਜੋ ਹੋਇ ਸੋਈ ਸੁਖੁ ਮਾਨੈ॥***
***ਕਰਨ ਕਰਾਵਨਹਾਰੁ ਪ੍ਰਭੁ ਜਾਨੈ॥***
***ਅੰਤਰਿ ਬਸੇ ਬਾਹਰਿ ਭੀ ਓਹੀ॥***
***ਨਾਨਕ ਦਰਸਨੁ ਦੇਖਿ ਸਭਿ ਮੋਹੀ॥***

***ਅੰਗ - 298***

ਸੰਤ ਦੇ ਜੀਵਨ ਵਿਚ ਸਹਿਜ ਸੁਭਾਵ ਹੀ ਹਿੰਸਾ ਨਹੀਂ ਹੁੰਦੀ - ਨਾ ਹੀ ਸਰੀਰ ਨਾਲ, ਨਾ ਹੀ ਬੋਲ ਨਾਲ, ਨਾ ਹੀ ਮਨ ਨਾਲ, ਨਾ ਹੀ ਬੁੱਧੀ ਨਾਲ ਅਤੇ ਨਾ ਹੀ ਪ੍ਰਾਪਤ ਸ਼ਕਤੀ ਨਾਲ; ਕਿਸੇ ਦੀ ਹਿੰਸਾ ਨਹੀਂ ਕਰਦਾ। ਉਹ ਝੂਠ ਨਹੀਂ ਬੋਲਦਾ ਅਤੇ ਨਾ ਹੀ ਕਿਸੇ ਕਿਸਮ ਦੀ ਚੋਰੀ ਕਰਦਾ ਹੈ। ਚੋਰੀ ਬਹੁਤ ਕਿਸਮ ਦੀ ਹੈ - ਬਚਨਾਂ ਦੀ ਚੋਰੀ, ਕਵਿਤਾ ਦੀ ਚੋਰੀ, ਕਿਸੇ ਦੇ ਲੇਖ ਦੀ ਚੋਰੀ, ਰੂਪ ਤੱਕਣ ਲਈ ਅੱਖਾਂ ਦੀ ਚੋਰੀ, ਕੰਨਾਂ ਰਾਹੀਂ ਕਿਸੇ ਦੇ ਗੁਪਤ ਬਚਨ ਸੁਨਣ ਦੀ ਚੋਰੀ, ਧਨ ਦੀ ਚੋਰੀ; ਆਦਿ ਨਹੀਂ ਕਰਦਾ ਅਤੇ ਸਭ ਤੋਂ ਵੱਡੇ ਚੋਰ ਉਹ ਹੋਇਆ ਕਰਦੇ ਹਨ ਜੋ ਨਾਮ ਨਹੀਂ ਜਪਦੇ-

***ਤੇ ਤਸਕਰ ਜੋ ਨਾਮੁ ਨ ਲੇਵਹਿ***
***ਵਾਸਹਿ ਕੋਟ ਪੰਚਾਸਾ ॥ ਅੰਗ - ੧੩੨੨***

*'ਚਲਦਾ.............।'*

# ਵਿਸਾਖੀ

## ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ-41)***

ਜਿਵੇਂ ਇਕ ਵਾਰ ਦੀ ਗੱਲ ਹੈ ਕਿ ਜੋ ਔਰੰਗਜ਼ੇਬ ਸੀ ਇਹਨੇ ਐਲਾਨ ਕੀਤਾ ਸੀ ਕਿ ਰਾਗ ਦਾ ਗਾਇਨ ਨਹੀਂ ਕਰਨਾ ਹੈ ਕਿਉਂਕਿ ਇਹ ਰਾਗ ਨੂੰ ਹਰਾਮ ਮੰਨਦੇ ਨੇ, ਰਾਗ ਨਹੀਂ ਗਾਉਣ ਦਿੰਦੇ, ਪਾਬੰਦੀ ਸੀ। ਸਖਤ ਸਜ਼ਾ ਸੀ, ਇਸਦੀ। ਉਹ ਜਿਹੜੇ ਰਾਗ ਵਿਚ ਗਾਉਣ ਵਾਲੇ ਸੀ, ਵੈਸੇ ਅਸੀਂ ਜਿਹੜੇ ਗੁਰਸਿੱਖ ਰਾਗ ਵਿਚ ਗਾਉਣ ਵਾਲੇ ਨੇ, ਉਹਨਾਂ ਨੂੰ ਕਹਿ ਦਿੰਦੇ ਹਾਂ, ਰਾਗੀ। ਇਹ ਤਾਂ ਇਲਾਹੀ ਬਾਣੀ ਦਾ ਕੀਰਤਨ ਕਰਦੇ ਨੇ। ਜਿਹੜੇ ਦੂਜੇ ਰਾਗ 'ਚ ਗਾਉਂਦੇ ਨੇ ਉਹਨਾਂ ਨੂੰ ਕਹਿ ਦਿੰਦੇ ਨੇ। ਇਹ ਗੁਰਮੁਖ ਤਾਂ ਉਹਨਾਂ ਤੋਂ ਉਪਰ ਨੇ ਪਿਆਰਿਓ। ਉਹ ਜਿਹੜੇ ਰਾਗ ਵਿਚ ਗਾਉਣ ਵਾਲੇ ਸੀ ਉਹ ਇਕੱਠੇ ਹੋਏ ਕਿ ਹੁਣ ਕੀ ਕਰੀਏ? ਉਹਨਾਂ ਨੇ ਕਿਹਾ ਇਸ ਤਰ੍ਹਾਂ ਕਰੀਏ ਕਿ ਰਾਗ ਦੀ ਬਣਾਈਏ ਅਰਥੀ ਤੇ ਔਰੰਗਜ਼ੇਬ ਦਾ ਜਦੋਂ ਦਰਬਾਰ ਲੱਗਾ ਹੋਵੇ, ਬਾਹਰਲੇ ਪਾਸਿਓਂ ਰਾਗ ਵਿਚ ਰੋਂਦੇ ਜਾਈਏ। ਸ਼ਾਇਦ ਉਹਨੂੰ ਤਰਸ ਆ ਜਾਵੇ ਤੇ ਕਹਿ ਦੇਵੇ ਕਿ ਰਾਗ ਵਿਚ ਗਾ ਲਿਆ ਕਰੋ।

ਇਹਨਾਂ ਨੇ ਇਸੇ ਤਰ੍ਹਾਂ ਕੀਤਾ, ਸਾਰੇ ਰਾਗ ਵਿਚ ਗਾਉਣ ਵਾਲੇ ਇਕੱਠੇ ਹੋ ਗਏ। ਰਾਗ ਦੀ ਅਰਥੀ ਬਣਾ ਲਈ। ਜਿਵੇਂ ਅੱਜਕੱਲ੍ਹ ਬਣਾ ਲੈਂਦੇ ਨੇ ਨਕਲੀ ਅਰਥੀਆਂ ਜਿਹਦੇ ਕੋਈ ਬਰਖਿਲਾਫ ਹੁੰਦੈ, ਉਹਨੂੰ ਫੂਕੀ ਜਾਂਦੇ ਨੇ। ਹੁਣ ਉਹਦੇ ਅੱਗੋਂ ਦੀ ਲੰਘਣਾ ਸੀ, ਕੋਈ ਮਾਰੂ ਰਾਗ ਵਿਚ ਰੋ ਰਿਹੈ। ਕੋਈ ਕਿਸੇ ਰਾਗ ਵਿਚ ਰੋ ਰਿਹੈ, ਉੱਚੀ-ਉੱਚੀ। ਔਰੰਗਜ਼ੇਬ ਨੇ ਕਿਹਾ ਕਿ ਆਹ ਕੀ ਹੈ? ਅਹਿਲਕਾਰ ਕਹਿੰਦਾ, ਜੀ ਤੁਹਾਡਾ ਹੁਕਮ ਹੈ, ਤੁਹਾਡੇ ਰਾਜ ਵਿਚ ਰਾਗ ਮਨ੍ਹਾ ਹੈ, ਤੁਸੀਂ ਕਹਿੰਦੇ ਹੋ ਕਿ ਰਾਗ ਹਰਾਮ ਹੈ। ਇਹ ਰਾਗ ਵਿਚ ਗਾਉਣ ਵਾਲਿਆਂ ਨੇ ਰਾਗ ਦੀ ਅਰਥੀ ਬਣਾਈ ਹੈ ਤੇ ਦਫਨਾਉਣ ਚੱਲੇ ਨੇ। ਹੁਣ ਉਹਨਾਂ ਨੂੰ ਇਹ ਸੀ ਕਿ ਰਾਗ ਵਿਚ ਗਾਉਣ ਵਾਲਿਆਂ ਉਪਰ ਇਹਨੂੰ ਤਰਸ ਆ ਜਾਏਗਾ।

ਕਹਿੰਦਾ, ਇਸ ਤਰ੍ਹਾਂ ਕਰੋ ਉਹਨਾਂ ਨੂੰ ਮੇਰਾ ਇਕ ਸੁਨੇਹਾ ਦੇ ਦਿਓ। ਜਦੋਂ ਰਾਗ ਨੂੰ ਦਫਨਾਉਣਾ ਹੈ ਉਹਦੀ ਕਬਰ ਪੁੱਟਣੀ ਹੈ, ਕਬਰ ਤਿਆਰ ਹੋ ਜਾਵੇ, ਮੇਰੇ ਨਾਂ ਦੇ ਪੰਜ ਟੱਕ ਕਹੀ ਦੇ ਗਹਿਰੇ ਲਾਇਓ, ਗਹਿਰਾ ਦੱਬ ਦਿਓ ਕਿਤੇ ਬਾਹਰ ਨਾ ਆ ਜਾਵੇ। ਉਸ ਦਰਬਾਰ ਵਿਚ ਗੁਰਸਿੱਖ ਵੀ ਭੇਸ ਬਦਲ ਕੇ ਬੈਠੇ ਸੀ। ਉਹਨਾਂ ਨੇ ਆ ਕੇ ਦਸਮ ਪਾਤਸ਼ਾਹ ਮਹਾਰਾਜ ਨੂੰ ਦੱਸਿਆ। ਦਸਮ ਪਾਤਸ਼ਾਹ ਮਹਾਰਾਜ ਨੇ ਉਸ ਵੇਲੇ ਵੀਹ ਤਰਾਨੇ ਰਾਗ 'ਚ ਉਚਾਰਨ ਕੀਤੇ, ਵਿਰਲੇ ਰਾਗੀ ਉਹਨਾਂ ਨੂੰ ਗਾ ਸਕਦੇ ਨੇ, ਆਮ ਰਾਗੀ ਨਹੀਂ ਗਾ ਸਕਦੇ। ਜਿਹੜੇ ਰਾਗ ਦੇ ਬਹੁਤ ਮਾਹਿਰ ਨੇ ਉਹ ਗਾ ਸਕਦੇ ਨੇ। ਦਸਮ ਪਾਤਸ਼ਾਹ ਤਾਂ ਨਿਰਭੈ ਸਤਿਗੁਰੂ ਨੇ। ਜਿਹਨਾਂ ਨੇ ਦੁਨੀਆਂ ਦੀ ਕਿਸੇ ਤਾਕਤ ਅੱਗੇ ਸੀਸ ਨਹੀਂ ਝੁਕਾਇਆ। ਜੇ ਸੀਸ ਝੁਕਾਇਆ ਤਾਂ ਸਿਰਫ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਝੁਕਾਇਆ।

ਸੋ ਦੋ ਪਾਸੀਂ ਖਬਰਾਂ ਜਾਂਦੀਆਂ ਸੀ ਤੇ ਦਸਮ ਪਾਤਸ਼ਾਹ ਕੋਲ ਅਬਦੁਲ ਤੁਰਾਨੀ ਦਰਬਾਰ ਵਿਚ ਆਉਂਦੈ, ਸਾਹਿਬ ਮੁਸਕਾਰਉਂਦੇ ਨੇ ਕਿ ਅਨੰਦਪੁਰ ਦੀਆਂ ਖਬਰਾਂ ਦਿੱਲੀ ਪਹੁੰਚਣ, ਸੱਚ ਦੀਆਂ ਖਬਰਾਂ ਜਾਣੀਆਂ ਚਾਹੀਦੀਆਂ ਨੇ। ਹਰ ਖਬਰ ਔਰੰਗਜ਼ੇਬ ਨੂੰ ਪਹੁੰਚ ਰਹੀ ਸੀ।

ਜਿੰਨੇ ਵੀ ਜੰਗ ਹੋਏ ਨੇ, ਪਹਾੜੀ ਰਾਜੇ ਫੌਜਾਂ ਲੈ-ਲੈ ਕੇ ਦਸਮ ਪਾਤਸ਼ਾਹ ਵੱਲ ਨੂੰ ਆਉਂਦੇ ਸੀ, ਔਰੰਗਜ਼ੇਬ ਦੇ ਹੁਕਮ ਨਾਲ ਆਉਂਦੇ ਸੀ ਕਿਉਂਕਿ ਔਰੰਗਜ਼ੇਬ ਨੂੰ ਟੈਕਸ ਭਰਦੇ ਸੀ ਉਹ। ਜਿਹੜੇ ਰਾਜੇ ਦੇ ਅਧੀਨ ਛੋਟੇ ਰਾਜੇ ਹੁੰਦੇ ਨੇ, ਜਿਥੇ ਹੁਕਮ ਕਰੇ ਉਹਨੂੰ ਜਾਣਾ ਪੈਂਦਾ ਹੈ ਕਿ ਚੱਲ ਫਲਾਣੇ ਥਾਂ ਜੰਗ ਕਰ। ਇਹ ਪਹਾੜੀ ਰਾਜੇ ਵੀ ਔਰੰਗਜ਼ੇਬ ਦੇ ਹੁਕਮ ਨਾਲ ਆਉਂਦੇ ਨੇ, ਬਾਕੀ ਫੌਜਾਂ ਦੇ ਜਰਨੈਲ ਵੀ ਤੇ ਪਹਾੜੀ ਰਾਜੇ ਵੀ।

ਦਸਮ ਪਾਤਸ਼ਾਹ ਮਹਾਰਾਜ ਮੁਸਕਰਾਉਂਦੇ ਨੇ ਜਦੋਂ ਅਬਦੁੱਲ ਤੁਰਾਨੀ ਆਉਂਦੈ। ਅਬਦੁੱਲ ਤੁਰਾਨੀ ਚਿੱਠੀ ਲਿਖਦੈ ਔਰੰਗਜ਼ੇਬ ਨੂੰ, ਜੋ ਉਹਨੇ ਦੇਖਿਆ। ਕਿਉਂਕਿ ਉਹ ਕਹਿੰਦਾ, ਮੈਂ ਬਿਲਕੁਲ ਅੱਗੇ ਬੈਠਾ ਸੀ, ਨੇੜੇ

ਬੈਠਾ ਸੀ ਕਿਉਂਕਿ ਮੈਂ ਖਬਰ ਭੇਜਣੀ ਸੀ ਸਾਰੀ। ਉਹਨੇ ਕਿਹਾ, ਜੋ ਵੀ ਕੀਤੈ, ਦਸਮ ਪਾਤਸ਼ਾਹ ਨੇ, ਸਾਮ੍ਹਣੇ ਕੀਤਾ। ਸਟੇਜ 'ਤੇ ਸੀਸ ਧੜਾਂ ਨਾਲੋਂ ਅਲੱਗ ਕੀਤੇ ਨੇ, ਫੇਰ ਉਹਨਾਂ ਨੇ ਪਹਿਲਾਂ ਕੋਈ ਅੰਮ੍ਰਿਤ ਤਿਆਰ ਕੀਤਾ ਸੀ, ਛੱਟੇ ਦੇ ਕੇ ਸਿਰ ਜੋੜੇ, ਮੈਂ ਇਹ ਨਹੀਂ ਦਸ ਸਕਦਾ ਕਿ ਕਿਹਦਾ ਸਿਰ, ਕਿਹੜੇ ਧੜ ਨਾਲ ਲਾਇਆ ਹੈ। ਚਿੱਟੇ ਵਸਤਰ ਉਹਨਾਂ ਨੂੰ ਪਹਿਨਾਏ ਨੇ। ਫੇਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਉਹਨਾਂ ਨੂੰ ਛਕਾਇਆ ਤੇ ਜੋ ਕੁਛ ਕੀਤਾ ਹੈ ਦਸਮ ਪਾਤਸ਼ਾਹ ਨੇ ਸਾਮ੍ਹਣੇ ਕੀਤਾ ਹੈ। ਉਹ ਇਹ ਵੀ ਲਿਖਦੈ ਔਰੰਗਜ਼ੇਬ ਨੂੰ ਕਿ ਹੁਣ ਤਕ ਤੂੰ ਮੇਰਾ ਸੀ ਤੇ ਮੈਂ ਤੇਰਾ ਸੀ। ਅੱਜ ਤੋਂ ਬਾਅਦ ਨਾ ਤੂੰ ਮੇਰਾ, ਨਾ ਮੈਂ ਤੇਰਾ। ਹੁਣ ਮੈਂ ਗੁਰੂ ਦਾ ਬਣ ਜਾਣੈਂ। ਵੀਹ ਹਜ਼ਾਰ ਨੇ ਜਦੋਂ ਬਾਅਦ ਵਿਚ ਅੰਮ੍ਰਿਤ ਛਕਿਆ, ਇਹਨੇ ਵੀ ਅੰਮ੍ਰਿਤ ਛਕਿਆ। ਇਸ ਅਬਦੁੱਲ ਤੁਰਾਨੀ ਦਾ ਨਾਂ ਫੇਰ ਭਾਈ ਅਜਮੇਰ ਸਿੰਘ ਹੋਇਆ।

ਸਾਨੂੰ ਲੋੜ ਹੈ ਗੁਰੂ ਉਪਰ ਤੇ ਗੁਰੂ ਦੀ ਬਾਣੀ ਉਪਰ ਭਰੋਸਾ ਲਿਆਉਣ ਦੀ। ਦਸਮ ਪਾਤਸ਼ਾਹ ਸਮਰੱਥ ਸਤਿਗੁਰੂ ਨੇ –

*ਮਾਨੁਖ ਕੈ ਕਿਛੁ ਨਾਹੀ ਹਾਥਿ ॥*
*ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥* ਅੰਗ – ੨੮੧

*ਮਿਰਤਕ ਕਉ ਪਾਇਓ ਤਨਿ ਸਾਸਾ*
*ਬਿਛੁਰਤ ਆਨਿ ਮਿਲਾਇਆ ॥* ਅੰਗ – ੬੧੪

ਭਰੋਸਾ ਹੋਣਾ ਚਾਹੀਦੈ ਸਾਨੂੰ –

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* ਅੰਗ– ੨੮੩

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥* ਅੰਗ– ੨੮੫

*ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥* ਅੰਗ– ੨੭੭

ਇਹ ਸਤਿਗੁਰੂ ਦੀ ਬਾਣੀ ਹੈ। ਸਤਿਗੁਰੂ ਦੀ ਬਾਣੀ ਹੈ –

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥*
*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥*
*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥*
*ਨਾਨਕ ਜਿਉ ਜਿਉ ਸਚੇ ਭਾਵੈ*
*ਤਿਉ ਤਿਉ ਦੇਇ ਗਿਰਾਹ ॥* ਅੰਗ– ੧੪੪

ਬਿਨਾਂ ਸਾਹ ਤੋਂ ਰੱਖ ਸਕਦਾ ਹੈ ਉਹ –

*ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥* ਅੰਗ– ੨੭੭

ਸਾਇੰਸਦਾਨਾਂ ਨੇ ਜਿੰਨੀ ਕੁ ਖੋਜ ਕੀਤੀ ਹੈ, ਉਹਨਾਂ ਨੇ ਓਨੀ ਕੁ ਦਸੀ ਹੈ। ਚਾਹੇ ਜਿੰਨੀਆਂ ਦੂਰਬੀਨਾਂ, ਖੁਰਦਬੀਨਾਂ, ਹੋਰ ਕਿੰਨਾਂ ਕੁਛ ਤਿਆਰ ਹੋ ਜਾਵੇ ਇਹ ਅਸਥੂਲ ਚੀਜ਼ਾਂ ਤਕ ਹੀ ਪਹੁੰਚ ਸਕਦੇ ਨੇ। ਅਕਾਲ ਪੁਰਖ ਵਾਹਿਗੁਰੂ ਤਾਂ ਬੇਅੰਤ ਹੈ। ਸ਼ਿਵ ਜੀ ਨੂੰ ਵਸਿਸ਼ਟ ਜੀ ਨੇ ਬੇਨਤੀ ਕੀਤੀ ਸੀ ਕਿ ਜੋ ਪਾਰਬ੍ਰਹਮ ਪ੍ਰਮੇਸ਼ਰ ਹੈ ਉਹਦੇ ਬਾਰੇ ਦੱਸੋ ਮੈਨੂੰ। ਉਥੇ ਸ਼ਿਵ ਜੀ ਕਹਿੰਦੇ, ਵਸਿਸ਼ਟ ਜੀ! ਜੋ ਪਾਰਬ੍ਰਹਮ ਪ੍ਰਮੇਸ਼ਰ ਹੈ ਅਤਿ ਤੋਂ ਅਤਿ ਸੂਖਸ਼ਮ ਹੈ। ਉਥੇ ਕੁਛ ਮਿਸਾਲਾਂ ਦਿਤੀਆਂ ਨੇ। ਜਿਵੇਂ ਮਿੱਟੀ ਨਾਲੋਂ ਪਾਣੀ ਕਈ ਗੁਣਾਂ ਸੂਖਸ਼ਮ ਹੈ। ਜਿੰਨੀ ਚੀਜ਼ ਸੂਖਸ਼ਮ ਹੋਏਗੀ ਓਨੀਂ ਜ਼ਿਆਦਾ ਪਰੀਪੂਰਨ ਹੋਏਗੀ। ਪਾਣੀ ਨਾਲੋਂ ਕਈ ਗੁਣਾਂ ਸੂਖਸ਼ਮ ਅੱਗ ਹੈ, ਅੱਗ ਬਨਸਪਤੀ ਦੇ ਅੰਦਰ ਵੀ ਹੈ, ਇਹਨੂੰ ਦਾਵਾ ਅਗਨ ਕਹਿੰਦੇ ਨੇ। ਅੱਗ ਸਮੁੰਦਰ ਵਿਚ ਵੀ ਹੈ ਇਹਨੂੰ ਬੜਵਾ ਅਗਨ ਕਹਿੰਦੇ ਨੇ, ਅੱਗ ਸਰੀਰਾਂ ਵਿਚ ਵੀ ਹੈ ਇਹਨੂੰ ਜਠਰ ਅਗਨ ਕਹਿੰਦੇ ਨੇ। ਅੱਗ ਨਾਲੋਂ ਹਵਾ ਕਈ ਗੁਣਾਂ ਸੂਖਸ਼ਮ ਹੈ। ਅਸੀਂ ਅਨੁਭਵ ਕਰਦੇ ਹਾਂ, ਅੱਖਾਂ ਨਾਲ ਸਾਨੂੰ ਹਵਾ ਨਹੀਂ ਦਿਸਦੀ, ਪਰ ਮੰਨਦੇ ਹਾਂ ਨਾ, ਓਨੀ ਸੂਖਸ਼ਮ, ਓਨੀਂ ਤਾਕਤਵਰ, ਜਿੰਨੀ ਚੀਜ਼ ਸੂਖਸ਼ਮ ਹੋਏਗੀ। ਹਵਾ ਨਾਲੋਂ ਲੱਖਾਂ-ਲੱਖਾਂ ਗੁਣਾਂ ਸੂਖਸ਼ਮ ਅਕਾਸ਼ ਹੈ, ਜਿਸ ਨੂੰ ਗ਼ੈਬ ਕਹਿੰਦੇ ਨੇ। ਉਹ ਦਿਸਦਾ ਵੀ ਨਹੀਂ। ਇਥੇ ਸ਼ਿਵ ਜੀ, ਵਸਿਸ਼ਟ ਜੀ ਨੂੰ ਕਹਿੰਦੇ ਨੇ ਕਿ ਇਹ ਜਿਹੜਾ ਗ਼ੈਬ ਹੈ, ਅਕਾਸ਼ ਹੈ, ਇਹਨੂੰ ਸਮਝਣ ਵਾਸਤੇ ਤੁਸੀਂ ਹਿਮਾਲਿਆ ਪਰਬਤ ਮੰਨ ਲਓ, ਹਿਮਾਲਿਆ ਪਰਬਤ ਦੇ ਬਰਾਬਰ ਇਕ ਰਾਈ ਦਾ ਦਾਣਾ ਕਿੰਨਾ ਛੋਟਾ ਹੈ, ਇਸੇ ਤਰ੍ਹਾਂ ਅਕਾਸ਼ ਨਾਲੋਂ ਕਰੋੜਾਂ-ਕਰੋੜਾਂ ਗੁਣਾਂ ਵਾਹਿਗੁਰੂ ਸੂਖਸ਼ਮ ਹੈ। ਫੇਰ ਇਹਨਾਂ ਅੱਖਾਂ ਨਾਲ ਨਜ਼ਰ ਕਿਵੇਂ ਆਵੇ? ਤਾਂ ਹੀ ਤਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ –

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*
ਅੰਗ – ੫੭੭

ਗੁਰੂ ਮਹਾਰਾਜ ਨੇ ਮਿਸਾਲਾਂ ਦਿਤੀਆਂ ਨੇ –

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥*
*ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥*

*ਅੰਗ – ੬੮੪*

ਜਿਵੇਂ ਫੁੱਲ 'ਚ ਸੁਗੰਧੀ, ਸ਼ੀਸ਼ੀ 'ਚ ਪ੍ਰਤੀਬਿੰਬ ਹੈ –

*ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ ॥ ਅੰਗ– ੬੧੭*

ਜਿਵੇਂ ਸਾਰੀ ਬਨਸਪਤੀ ਦੇ ਅੰਦਰ ਅੱਗ ਹੈ, ਦੁੱਧ ਵਿਚ ਘਿਉ ਸਮਾਇਆ ਹੋਇਐ, ਇਸੇ ਤਰ੍ਹਾਂ ਵਾਹਿਗੁਰੂ ਸਾਰੇ ਪਰੀਪੂਰਨ ਹੈ। ਇਨ੍ਹਾਂ ਅੱਖਾਂ ਨਾਲ ਕਿਵੇਂ ਨਜ਼ਰ ਆਏਗਾ?

ਸੋ ਮੈਂ ਬੇਨਤੀ ਕਰ ਰਿਹਾ ਸੀ ਕਿ ਜਿਹੜੇ ਸਾਇੰਸਦਾਨ ਹਨ, ਚੰਗੀ ਗੱਲ ਹੈ ਉਹਨਾਂ ਨੇ ਤਰੱਕੀ ਕੀਤੀ ਹੈ ਪਰ ਜਿਹੜੇ ਰੱਬ ਦੇ ਪਿਆਰੇ ਨੇ, ਉਹ ਬਹੁਤ ਅੱਗੇ ਨੇ।

ਬਹੁਤ ਸਾਲ ਪਹਿਲਾਂ ਇਕ ਵਿਦਵਾਨ ਦਾ ਲੇਖ ਪੜ੍ਹ ਰਿਹਾ ਸੀ। ਉਹ ਕਹਿੰਦੇ ਕਿ ਜਿਹੜੇ ਸੰਤ, ਭਗਤ ਨੇ ਇਹਨਾਂ ਨੇ ਨਾਮ ਦਾ ਪ੍ਰਚਾਰ ਕੀਤਾ ਹੈ। ਆਹ ਬਾਕੀ ਸਾਇੰਸਦਾਨਾਂ ਨੇ ਇਹਨਾਂ ਨੇ ਸਭ ਕੁਝ ਕੀਤਾ ਹੈ। ਹਵਾਈ ਜਹਾਜ਼ ਹੈ, ਰੇਲ-ਗੱਡੀਆਂ ਨੇ, ਹੋਰ ਸੁੱਖ ਦੇ ਸਾਧਨ ਨੇ। ਇਹ ਤਾਂ ਸਾਇੰਸਦਾਨਾਂ ਨੇ ਕੀਤੇ ਨੇ, ਭਗਤਾਂ ਨੇ ਨਹੀਂ ਕੀਤੇ। ਠੀਕ ਹੈ ਕੀਤੇ ਨੇ। ਇਹਦਾ ਜਿਹੜਾ ਮੈਂ ਜਵਾਬ ਦੇ ਰਿਹਾ ਹਾਂ ਤੇ ਦਿਤਾ ਸੀ ਉਹ ਇਹ ਹੈ ਕਿ ਜੇ ਸਾਇੰਸਦਾਨਾਂ ਨੇ ਹਵਾਈ ਜਹਾਜ਼ ਬਣਾ ਦਿਤੇ ਨੇ, ਹੋਰ ਬੜੇ ਸੁਖ ਦੇ ਸਾਧਨ ਤਿਆਰ ਕੀਤੇ ਨੇ, ਐਟਮ ਬੰਬ ਵੀ ਸਾਇੰਸਦਾਨਾਂ ਨੇ ਬਣਾਏ ਨੇ, ਉਹ ਸੰਤਾਂ ਨੇ ਥੋੜ੍ਹਾ ਬਣਾਏ ਨੇ? ਹਾਈਡਰੋਜਨ ਬੰਬ ਕਿਹਨਾਂ ਨੇ ਬਣਾਏ ਨੇ। ਸੰਤ ਨਾਮ ਦਾ ਪ੍ਰਚਾਰ ਕਰਦੇ ਨੇ, ਜੀਵਨ ਬਖਸ਼ਦੇ ਨੇ, ਸਾਇੰਸਦਾਨਾਂ ਨੇ ਜਿੱਥੇ ਸੁਖ ਦੇ ਸਾਧਨ ਤਿਆਰ ਕੀਤੇ ਉਥੇ ਸੰਸਾਰ ਨੂੰ ਤਬਾਹੀ ਦੇ ਕੰਢੇ 'ਤੇ ਵੀ ਲਿਆ ਕੇ ਖੜ੍ਹਾ ਕਰ ਦਿਤਾ। ਅੱਜ ਹਰ ਬੰਦਾ ਸਹਮਿਆ ਫਿਰਦਾ ਹੈ। ਇਹ ਕੀ ਸੰਤਾਂ ਨੇ ਬਣਾਏ ਨੇ ਬੰਬ? ਆਇਨਸਟੀਨ ਵਿਗਿਆਨਕ ਹੋਇਐ ਬਹੁਤ ਵੱਡਾ, ਨੋਬਲ ਪੁਰਸਕਾਰ ਮਿਲਿਆ ਹੈ ਉਸ ਨੂੰ, ਅੰਤ ਸਮਾਂ ਉਹਦਾ ਆਇਆ। ਉਹਨੂੰ ਪੁੱਛਿਆ ਗਿਆ ਕਿ ਜੇ ਤੈਨੂੰ ਦੁਬਾਰਾ ਜਨਮ ਮਿਲੇ, ਤੁਸੀਂ ਫੇਰ ਸਾਇੰਸਦਾਨ ਬਣੋਂਗੇ, ਫੇਰ ਵਿਗਿਆਨਕ ਬਣੋਂਗੇ?

ਮਹਾਂਪੁਰਸ਼ ਕੋਠੀ ਬੈਠੇ ਸੀ ਤੇ ਵਕੀਲ ਸੀ। ਹੁਣ ਤਾਂ ਉਹ ਚੜ੍ਹਾਈ ਕਰ ਗਿਆ। ਮਹਾਂਪੁਰਸ਼ ਕਹਿੰਦੇ, ਤੁਸੀਂ ਬਜ਼ੁਰਗ ਹੋ ਗਏ ਹੋ, ਦਾਸ, ਕੋਲ ਹੀ ਬੈਠਾ ਸੀ। ਅੱਗੋਂ ਕਹਿੰਦਾ ਕਿ ਜੀ, ਸਾਡਾ ਅਗਲਾ ਜਨਮ ਚੰਡੀਗੜ੍ਹ ਹੀ ਹੋ ਜਾਵੇ। ਇਹ ਬੜਾ ਸੋਹਣਾ ਸ਼ਹਿਰ ਹੈ, ਇਥੇ ਹੀ ਜਨਮ ਹੋ ਜਾਵੇ, ਅਗਲਾ। ਕਹਿੰਦਾ, ਮੇਰੀ ਘਰਵਾਲੀ ਵੀ ਨਾਲ ਆ ਜਾਵੇ। ਅਸੀਂ ਦੋਵੇਂ ਇਥੇ ਰਹੀਏ। ਦੇਖੋ, ਅਗਾਂਹਾਂ ਜਾਣ ਦਾ ਕੋਈ ਮਤਲਬ ਨਹੀਂ ਉਹਨੂੰ। ਇਥੇ ਪਾਠ ਕਰਾਉਣ ਆ ਗਿਆ ਉਹ, ਕਹਿੰਦਾ ਕਿ ਅਖੰਡਪਾਠ ਕਰਾਉਣਾ ਹੈ। 1988 ਦੀ ਗੱਲ ਹੈ। ਮੈਂ ਕਿਹਾ ਕਿ ਕਾਹਦਾ ਪਾਠ ਕਰਾਉਣਾ ਹੈ? ਕਹਿੰਦਾ ਜੀ, ਵੱਡਿਆਂ ਦਾ ਕਰਾਉਣਾ ਹੈ। ਮੈਂ ਕਿਹਾ ਕਿ ਵੱਡਿਆਂ ਦਾ ਤਾਂ ਕਰਾਉਣਾ ਹੈ, ਬਜ਼ੁਰਗਾਂ ਦਾ, ਕਾਹਦਾ ਕਰਾਉਣਾ ਹੈ? ਕਹਿੰਦੇ, ਜੀ ਉਹ ਸਾਨੂੰ ਦਿਸਦੇ ਨੇ। ਸਿੰਘ ਨੇ ਪੁੱਛਿਆ ਕਿ ਅਰਦਾਸ ਕੀ ਕਰਾਉਣੀ ਹੈ? ਉਹਨਾਂ ਦੀ ਮੁਕਤੀ ਦੀ ਕਰਾਉਣੀ ਹੈ? ਕਹਿੰਦੇ, ਢੱਠੇ ਖੂਹ 'ਚ ਪਵੇ ਮੁਕਤੀ, ਸਾਨੂੰ ਨਾ ਦਿਸਣ, ਸਾਡੇ ਵੱਡੇ। ਜਿਥੇ ਮਰਜ਼ੀ ਜਾਣ ਉਹ।

ਜਦੋਂ ਨਾਮ ਤੋਂ ਖਾਲੀ ਹੋਵੇ ਬੰਦਾ ਤੇ ਆਪੇ ਭੂਤ ਬਣੀ ਜਾਂਦੇ ਨੇ। ਦਿਮਾਗ ਦੇ ਰੋਗ ਕਈਆਂ ਨੂੰ ਚੜ੍ਹੇ ਹੋਏ ਨੇ। ਆਹ ਦਿਸ ਪਿਆ, ਔਹ ਦਿਸ ਪਿਆ। ਗੁਰਸਿੱਖ ਜਿਹੜੇ ਨੇ ਇਹਨਾਂ ਤੋਂ ਉਤੇ ਹਨ। ਓਸ ਵਿਗਿਆਨਕ ਨੂੰ ਪੁੱਛਿਆ ਕਿ ਜੇ ਤੈਨੂੰ ਦੁਬਾਰਾ ਜਨਮ ਮਿਲੇ, ਫੇਰ ਤੂੰ ਸਾਇੰਸਦਾਨ ਬਣੇਂਗਾ? ਉਹਨੇ ਕਿਹਾ, ਨਹੀਂ। ਸਭ ਹੈਰਾਨ ਹੋ ਗਏ। ਸੋਚਦੇ ਸੀ ਕਿ ਇਹ ਕਹੇਗਾ ਕਿ ਫੇਰ ਦੁਬਾਰਾ ਸਾਇੰਸਦਾਨ ਬਣਾਂ। ਉਹਨੇ ਕਿਹਾ ਮੈਨੂੰ ਅੱਜ ਪਤਾ ਲੱਗਾ ਹੈ ਕਿ ਮੈਂ ਖਾਲੀ ਜਾ ਰਿਹਾ ਹਾਂ। ਜਿਸ God ਨੇ, ਜਿਸ ਵਾਹਿਗੁਰੂ ਨੇ ਮੈਨੂੰ ਆਹ ਜਨਮ ਦਿਤਾ ਸੀ, ਸਰੀਰ ਦਿਤਾ ਸੀ, ਮੈਂ ਉਹਦੀ ਖੋਜ ਨਹੀਂ ਕਰ ਸਕਿਆ। ਜੇ ਉਸ ਰੱਬ ਨੇ ਮੈਨੂੰ ਫੇਰ ਜਨਮ ਦਿਤਾ ਤਾਂ ਮੈਂ ਸੰਤ ਬਣਾਂ, ਅਗਲੇ ਜਨਮ ਵਿਚ ਅਤੇ ਮੈਂ ਆਪਣੇ ਅੰਦਰ ਦੀ ਖੋਜ ਕਰਾਂਗਾ। ਜਿਹਦੇ ਬਾਰੇ ਮੇਰੇ ਸਾਹਿਬ ਕਹਿੰਦੇ ਨੇ ਕਿ –

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ – ੪੪੧*

ਸੋ ਸਾਇੰਸਦਾਨਾਂ ਨੂੰ ਅਸੀਂ ਗਲਤ ਨਹੀਂ ਕਹਿੰਦੇ, ਜੋ ਖੋਜ ਉਹਨਾਂ ਕੀਤੀ, ਉਹ ਕੀਤੀ। ਪਰ ਪ੍ਰਮੇਸ਼ਰ ਵਾਹਿਗੁਰੂ ਬੇਅੰਤ ਹੈ। ਉਹਦਾ ਕੋਈ ਅੰਤ ਨਹੀਂ ਪਾ ਸਕਦਾ –

*ਤੂ ਬੇਅੰਤੁ ਕੋ ਵਿਰਲਾ ਜਾਣੈ ॥ ਅੰਗ - ੫੬੨*

*ਅੰਤ ਕਾਰਣਿ ਕੇਤੇ ਬਿਲਲਾਹਿ ॥*
*ਤਾ ਕੇ ਅੰਤ ਨ ਪਾਏ ਜਾਹਿ ॥ ਅੰਗ - ੫*

ਸ੍ਰੀ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਜਦੋਂ ਬਗਦਾਦ ਗਏ ਨੇ -

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਅੰਗ - ੫*

ਦਸਤਗੀਰ ਪੀਰ ਦੇ ਚੇਲੇ ਆ ਗਏ, ਪੱਥਰ ਲੈ ਕੇ। ਉਥੇ ਜਿਹੜੀਆਂ ਵਿਚਾਰਾਂ ਹੋਈਆਂ ਦਸਤਗੀਰ ਪੀਰ ਨਾਲ ਕਿ ਸਾਡੇ ਤਾਂ ਸੱਤ ਪਤਾਲ ਕਹਿੰਦੇ ਨੇ, ਤੁਸੀਂ ਲੱਖਾਂ ਕਹਿੰਦੇ ਓ?

ਮਹਾਰਾਜ ਕਹਿੰਦੇ, ਜਿਨ੍ਹਾਂ ਨੂੰ ਸੱਤਾਂ ਦੀ ਸੋਝੀ ਹੈ, ਉਹਨਾਂ ਨੇ ਸੱਤ ਦਸੇ ਨੇ। ਜਿਨ੍ਹਾਂ ਨੂੰ ਲੱਖਾਂ ਦੀ ਸੋਝੀ ਹੈ ਉਨ੍ਹਾਂ ਨੇ ਲੱਖਾਂ ਦੱਸੇ ਨੇ। ਪੀਰ ਜੀ! ਗੱਲ ਇਸ ਤੋਂ ਵੀ ਅੱਗੇ ਹੈ। ਅਸੀਂ ਕਈਂ ਵਾਰ ਇਥੇ ਹੀ ਰੁਕ ਜਾਂਦੇ ਹਾਂ। ਸਾਹਿਬ ਸਾਨੂੰ ਸਮਝਾਉਂਦੇ ਨੇ-

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਅੰਗ - ੫*

ਇਹ ਤਾਂ ਵੇਦ ਕਹਿੰਦੇ ਨੇ, ਲੱਖਾਂ। ਗੱਲ ਅੱਗੋਂ ਸਮਝੋ, ਜਿਨ੍ਹਾਂ ਨੂੰ ਸੱਤਾਂ ਦੀ ਸੋਝੀ ਸੀ, ਉਹਨਾਂ ਨੇ ਸੱਤ ਪਤਾਲ ਦਸੇ, ਜਿਨ੍ਹਾਂ ਨੂੰ ਲੱਖਾਂ ਦੀ ਸੋਝੀ ਹੈ ਉਨ੍ਹਾਂ ਨੇ ਲੱਖਾਂ ਦੱਸੇ। ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਨੇ-

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ - ੫*

ਉਥੇ ਲੱਖਾਂ ਕਰੋੜਾਂ ਦੀ ਗੱਲ ਹੀ ਨਹੀਂ। ਠੀਕ ਹੈ ਜਿੰਨੀ ਕਿਸੇ ਨੂੰ ਸੋਝੀ ਹੈ, ਦਸਿਆ ਉਨ੍ਹਾਂ ਨੇ। ਮੇਰੇ ਸਾਹਿਬ ਕਹਿੰਦੇ ਨੇ -

*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥ ਅੰਗ- ੨੬੮*

ਇਕ ਲੂਣ ਦੀ ਡਲੀ ਕਹਿੰਦੀ ਹੈ ਮੈਨੂੰ ਭੇਜੋ ਥੱਲੇ ਸਮੁੰਦਰ ਵਿਚ ਕਿ ਮੈਂ ਦਸਦੀ ਹਾਂ ਕਿ ਸਮੁੰਦਰ ਕਿੰਨਾ ਗਹਿਰਾ ਹੈ ਤੇ ਥੋੜ੍ਹੀ ਦੂਰ ਜਾ ਕੇ ਖੁਰ ਕੇ ਵਿਚੇ ਹੀ ਮਿਲ ਗਈ। ਦਸਣਾ ਕੀ ਸੀ ਉਹਨੇ ਪਿਆਰਿਓ। ਉਹਦਾ ਅੰਤ ਨਹੀਂ ਲਿਆ ਜਾ ਸਕਦਾ, ਉਹ ਪ੍ਰਮੇਸ਼ਰ ਤਾਂ ਬੇਅੰਤ ਹੈ।

ਸਤਿਗੁਰੂ ਆਪ ਪ੍ਰਮੇਸ਼ਰ ਰੂਪ ਨੇ -

*ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਅੰਗ- ੨੭੭*

*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥*
*ਅੰਗ- ੧੪੪*

ਬਿਨਾਂ ਸਾਹ ਤੋਂ ਰੱਖ ਸਕਦੇ ਹਨ। ਬਹੁਤ ਸਾਰੀਆਂ ਸਾਖੀਆਂ ਅਸੀਂ ਸੁਣਦੇ ਹਾਂ, ਪੜ੍ਹਦੇ ਹਾਂ ਤੇ ਮੰਨਦੇ ਹਾਂ। ਸ੍ਰੀ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਦੇ ਸਮੇਂ ਗੁਰਦੁਆਰਾ ਮਜਨੂੰ ਟਿੱਲਾ ਸਾਹਿਬ ਜਿਥੇ ਬਣਿਐ, ਉਥੇ ਹਾਥੀ ਦੇ ਮਾਰਨ ਤੇ ਜੀਵਾਲਣ ਦੀ ਸਾਖੀ ਆਉਂਦੀ ਹੈ। ਬਾਬਾ ਫਰੀਦ ਜੀ ਦੇ ਚਿੜੀਆਂ ਮਾਰਨ ਤੇ ਜੀਵਾਲਣ ਦੀਆਂ ਸਾਖੀਆਂ ਆਉਂਦੀਆਂ ਹਨ। ਭਗਤ ਨਾਮਦੇਵ ਜੀ ਦੇ ਸਮੇਂ ਗਊ ਜਿਉਂਦੀ ਕਰਨ ਦੀ ਸਾਖੀ ਆਉਂਦੀ ਹੈ।

ਕਈ ਕਹਿਣਗੇ ਜੀ ਇਹ ਤਾਂ ਇਤਿਹਾਸ ਹੈ ਬਾਣੀ ਥੋੜ੍ਹਾ ਹੈ। ਪਰ ਹੁਣ ਭਗਤ ਨਾਮਦੇਵ ਜੀ ਬਾਰੇ ਪੜ੍ਹ ਕੇ ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ। ਗਊ ਦਾ ਹਵਾਲਾ ਬਾਣੀ ਵਿਚ ਵੀ ਆਇਆ ਹੈ। ਉਸ ਤੋਂ ਬਾਅਦ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਇਕ ਮਾਤਾ ਦੇ ਬੱਚੇ ਦੇ ਜੀਵਾਲਣ ਦੀ ਸਾਖੀ ਆਉਂਦੀ ਹੈ। ਪੰਜਵੇਂ ਸਤਿਗੁਰੂ ਪਾਤਸ਼ਾਹ ਵੇਲੇ ਸੰਮਨ ਤੇ ਮੂਸਨ ਪਿਉ-ਪੁੱਤਰ ਸੀ, ਨਗਰ ਇਨ੍ਹਾਂ ਦਾ ਤਰਨ-ਤਾਰਨ ਸਾਹਿਬ ਦੇ ਲਾਗੇ ਹੈ। ਇਹ ਲਾਹੌਰ ਦੇ ਸੀ, ਮਿਸਤਰੀ ਸਨ। ਸੱਚੇ ਪਾਤਸ਼ਾਹ ਅੱਗੇ ਪ੍ਰਸ਼ਾਦੇ ਦੀ ਬੇਨਤੀ ਕੀਤੀ। ਮਹਾਰਾਜ ਨੇ ਸਮਾਂ ਦੇ ਦਿਤਾ। ਇਹਨਾਂ ਨੇ ਨਵਾਬ ਕੋਲੋਂ ਐਡਵਾਂਸ ਪੈਸੇ ਲੈ ਲਏ ਕਿ ਅਸੀਂ ਸੱਚੇ ਪਾਤਸ਼ਾਹ ਦੀ ਸੇਵਾ ਕਰਨੀ ਹੈ ਤੇ ਸਾਨੂੰ ਕੁਛ ਮਾਇਆ ਦੇ ਦਿਓ। ਪਿਤਾ ਤਿਆਰੀ ਕਰ ਰਿਹੈ, ਪੁੱਤਰ ਕੰਮ ਕਰਦਾ ਹੋਇਆ, ਬੁਰਜ ਤੋਂ ਡਿੱਗ ਕੇ ਚੜ੍ਹਾਈ ਕਰ ਗਿਆ। ਦਸਿਆ ਗਿਆ, ਇਹਨੇ ਚੁੱਕ ਕੇ ਅੰਦਰ ਲਿਆਂਦਾ। ਮੰਜੇ 'ਤੇ ਪਾ ਕੇ ਉੱਪਰ ਚਾਦਰ ਪਾ ਦਿਤੀ।

ਏਧਰ ਪੰਚਮ ਪਾਤਸ਼ਾਹ ਨਾਲ ਸੰਗਤ ਸਾਰੀ ਆਈ ਹੈ। ਨਮਸ਼ਕਾਰ ਕੀਤੀ। ਪੰਗਤ ਲਗ ਗਈ। ਹੱਥ ਸੁੱਚੇ ਕਰਾਉਣ ਲੱਗਾ, ਗੁਰਸਿੱਖ ਸੰਮਨ। ਸੱਚੇ ਪਾਤਸ਼ਾਹ ਕਹਿੰਦੇ, ਜਦੋਂ ਸੇਵਾ ਲਈ ਸੀ ਇਕੱਲਾ ਸੀ? ਕਹਿੰਦਾ, ਨਹੀਂ ਸੱਚੇ ਪਾਤਸ਼ਾਹ! ਤੁਹਾਡਾ ਸੇਵਕ ਮੇਰਾ ਪੁੱਤਰ ਵੀ ਸੀ। ਕਹਿੰਦੇ, ਫੇਰ ਤੂੰ ਇਕੱਲਾ ਕਿਉਂ ਸੇਵਾ ਕਰ ਰਿਹੈਂ? ਪੁੱਤਰ ਵੀ ਲਿਆ।

ਸੱਚੇ ਪਾਤਸ਼ਾਹ! ਉਹ ਸੁੱਤਾ ਹੈ।

ਮਹਾਰਾਜ ਕਹਿੰਦੇ, ਸੁੱਤਾ ਹੈ ਤਾਂ ਫੇਰ ਜਗਾ।

ਸੱਚੇ ਪਾਤਸ਼ਾਹ! ਜਿਹੜੀ ਨੀਂਦ ਉਹ ਸੁੱਤਾ ਹੈ, ਉਹ ਤੁਸੀਂ ਜਗਾ ਸਕਦੇ ਓ, ਮੈਂ ਨਹੀਂ ਜਗਾ ਸਕਦਾ।

ਸੱਚੇ ਪਾਤਸ਼ਾਹ ਨੇ ਅਵਾਜ਼ ਦਿਤੀ, ਮੂਸਨ! ਮੂਸਨ! ਅੰਦਰੋਂ ਅਵਾਜ਼ ਆਈ, ਸੱਚੇ ਪਾਤਸ਼ਾਹ! ਆਇਆ।

*ਮਿਰਤਕ ਕਉ ਪਾਇਓ ਤਨਿ ਸਾਸਾ*
*ਬਿਛੁਰਤ ਆਨਿ ਮਿਲਾਇਆ ॥* ਅੰਗ- ੬੧੪

*ਮਾਰੈ ਰਾਖੈ ਏਕੋ ਆਪਿ ॥* ਅੰਗ - ੨੮੧

ਦਸਮ ਪਾਤਸ਼ਾਹ ਮਹਾਰਾਜ ਨਾਹਨ ਗਏ ਨੇ ਉਥੇ ਕਬੂਤਰ ਮਾਰਨ ਤੇ ਜੀਵਾਲਣ ਦੀ ਸਾਖੀ, ਸਾਧਸੰਗਤ ਜੀ, ਆਉਂਦੀ ਹੈ।

ਖਿਮਾ ਕਰਨਾ, ਸਾਡੇ ਨਾਲੋਂ ਤਾਂ ਫੇਰ ਉਹ ਚੰਗੇ ਨੇ ਜਿਹੜੇ ਗਣੇਸ਼ ਦੀ ਸਾਖੀ ਨੂੰ ਸੱਚ ਮੰਨਦੇ ਨੇ। ਸਿਰ ਹਾਥੀ ਦਾ ਤੇ ਧੜ ਮਨੁੱਖ ਦਾ ਭਾਈ। ਉਹ ਤਾਂ ਕੋਈ ਕਿੰਤੂ ਪਰੰਤੂ ਨਹੀਂ ਕਰਦੇ। ਅਸੀਂ ਕਿਉਂ ਕਿੰਤੂ ਪਰੰਤੂ ਕਰਦੇ ਹਾਂ?

ਮਹਾਂਭਾਰਤ ਦਾ ਜਿਹੜਾ ਯੁੱਧ ਸੀ ਉਥੇ ਇਕ ਵੱਡਾ ਰਾਜਾ ਬਲੀ ਆਇਆ ਸੀ ਤੇ ਉਹਦਾ ਸਿਰ ਕ੍ਰਿਸ਼ਨ ਜੀ ਨੇ ਟੰਗ ਦਿਤਾ ਸੀ ਤੇ ਧੜ ਨਹੀਂ ਸੀ। 18 ਦਿਨ ਯੁੱਧ ਦੇਖਦਾ ਰਿਹਾ। ਯੁੱਧ ਨੂੰ ਦੇਖ ਕੇ ਹਸਦਾ ਵੀ ਸੀ, ਗੰਭੀਰ ਵੀ ਹੋ ਜਾਂਦਾ ਸੀ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਉਹਦੇ ਪ੍ਰਾਣ ਉਹਦੇ ਸਿਰ ਵਿਚ ਰੱਖੇ। ਫੇਰ ਦਸਮ ਪਾਤਸ਼ਾਹ ਕੀ ਨਹੀਂ ਕਰ ਸਕਦੇ ਪਿਆਰਿਓ?

ਹੁਣ ਸਾਇੰਸਦਾਨਾਂ ਦੀ ਸੁਣ ਲਓ, ਉਹਨਾਂ ਦਾ ਵੀ ਮੈਂ ਪੜ੍ਹਿਆ ਹੈ। ਇਕ ਓਕਾਬ ਪੰਛੀ ਹੁੰਦਾ ਹੈ। ਅੱਜ ਦੇ ਜੋ ਖੋਜ ਕਰਨ ਵਾਲੇ ਨੇ, ਉਹ ਦਸਦੇ ਨੇ ਕਿ ਜੇ ਉਹਦਾ ਸਿਰ ਧੜ ਨਾਲੋਂ ਅਲੱਗ ਕਰ ਦੇਈਏ ਤਾਂ ਉਹ ਸੱਤ ਦਿਨ ਜਿਉਂਦਾ ਰਹਿੰਦਾ ਹੈ।

ਸੋ ਜਿਥੇ ਨਾਮ ਤੇ ਬਾਣੀ ਹੈ, ਬਾਬਾ ਦੀਪ ਸਿੰਘ ਜੀ ਨੇ ਸੀਸ ਤਲੀ 'ਤੇ ਰੱਖਿਆ। ਇਸ ਉਪਰ ਵੀ ਬੜਾ ਕਿੰਤੂ-ਪਰੰਤੂ ਕਰਦੇ ਨੇ। ਪਰ ਸਾਨੂੰ ਗੁਰੂ 'ਤੇ ਭਰੋਸਾ ਰੱਖਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਬਚਨ ਆਏ ਨੇ, ਗੁਰਸਿੱਖਾਂ ਨੇ ਕਰਕੇ ਦਿਖਾਏ ਨੇ। ਜੇ ਬਚਨ ਆਉਂਦੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥* ਅੰਗ - ੧੪੧੨

ਬਾਬਾ ਦੀਪ ਸਿੰਘ ਜੀ ਨੇ ਕਰਕੇ ਦਿਖਾਇਆ ਹੈ।

*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥* ਅੰਗ - ੭੫੭

ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾਏ ਨੇ। ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਰੂੰ ਵਿਚ ਬੰਨ੍ਹ ਕੇ ਸ਼ਹੀਦ ਕੀਤਾ ਗਿਆ, ਉਹ ਸਾਰੇ ਬਚਨ ਗੁਰਸਿੱਖਾਂ ਨੇ ਕਮਾ ਕੇ ਦਿਖਾਏ।

ਦਸਮ ਪਾਤਸ਼ਾਹ ਮਹਾਰਾਜ ਜੀ ਨੇ ਜਿਹੜੇ ਪੰਜ ਪਿਆਰੇ ਸੀ, ਪੰਜਾਂ ਨੂੰ ਚਿੱਟੇ ਵਸਤਰ ਪੁਆਏ। ਆਪ ਜੀ ਨੇ ਪੱਥਰ ਦਾ, ਉਸਨੂੰ ਕੁੰਡਾ ਵੀ ਕਹਿੰਦੇ ਨੇ, ਉਹ ਮੰਗਵਾਇਆ ਤੇ ਜਲ ਮੰਗਵਾਇਆ ਸਤਲੁਜ ਦਾ, ਸਰਬ ਲੋਹ ਦਾ ਬਾਟਾ, ਸਰਬ ਲੋਹ ਦਾ ਖੰਡਾ, ਕੁੰਡੇ ਨੂੰ ਦਉਰਾ ਵੀ ਆਪਾਂ ਕਹਿੰਦੇ ਹਾਂ। ਉਸ ਕੁੰਡੇ ਉਤੇ ਬਾਟਾ ਟਿਕਾਇਆ ਹੈ। ਉਹਦੇ ਵਿਚ ਪਾਇਆ ਸਤਲੁਜ ਦਾ ਜਲ, ਬੀਰ ਆਸਣ ਸੱਚੇ ਪਾਤਸ਼ਾਹ ਨੇ ਲਾਇਆ ਹੋਇਐ, ਖੰਡੇ ਨਾਲ ਅੰਮ੍ਰਿਤ ਤਿਆਰ ਕਰਨ ਲੱਗੇ ਨੇ ਤੇ ਪੰਜ ਪਿਆਰੇ ਹੱਥ ਜੋੜ ਕੇ ਖੜ੍ਹੇ ਨੇ। ਮਾਤਾ ਜੀਤ ਕੌਰ ਜੀ ਨੇ ਹੁਕਮ ਮੰਨਦਿਆਂ ਹੋਇਆਂ ਦਸਮ ਪਾਤਸ਼ਾਹ ਦਾ, ਉਸ ਅੰਮ੍ਰਿਤ ਜਲ ਵਿਚ ਪਤਾਸੇ ਪਾਏ ਨੇ। ਕੁਝ ਇਤਿਹਾਸਕਾਰ ਮਾਤਾ ਸਾਹਿਬ ਕੌਰ ਜੀ ਦਾ ਨਾਮ ਲਿਖਦੇ ਨੇ। ਪਰ ਜਦੋਂ ਆਪਾਂ ਇਤਿਹਾਸ ਪੜ੍ਹਦੇ ਹਾਂ, ਮਾਤਾ ਸਾਹਿਬ ਕੌਰ ਜੀ ਦੇ ਅਨੰਦ ਕਾਰਜ 1699 ਦੀ ਵਿਸਾਖੀ ਤੋਂ ਬਾਅਦ ਵਿਚ ਹੋਏ ਨੇ। ਮਾਤਾ ਜੀਤ ਕੌਰ ਜੀ ਨੇ ਪਤਾਸੇ ਪਾਏ ਨੇ। ਪੰਜ ਬਾਣੀਆਂ ਪੜ੍ਹੀਆਂ ਨੇ ਤੇ ਅੰਮ੍ਰਿਤ ਤਿਆਰ ਕੀਤਾ ਹੈ। ਅੰਮ੍ਰਿਤ ਤਿਆਰ ਕਰਕੇ ਇਹਨਾਂ ਪੰਜਾਂ ਨੂੰ, ਪੰਜ-ਪੰਜ ਚੂਲੇ ਛਕਾਏ ਨੇ, ਪੰਜ-ਪੰਜ ਛੱਟੇ ਨੇਤਰਾਂ ਵਿਚ, ਪੰਜ-ਪੰਜ ਛੱਟੇ ਕੇਸਾਂ ਵਿਚ ਪਾਏ ਨੇ। ਹਰ ਵਾਰ ਕਿਹੈ, ਬੋਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।' ਖਾਲਸੇ ਨੂੰ ਸਿੱਧਾ ਅਕਾਲ ਪੁਰਖ ਦੇ ਨਾਲ ਜੋੜਿਆ ਹੈ। ਅੰਮ੍ਰਿਤ ਦੀ ਦਾਤ ਮੇਰੇ ਸਤਿਗੁਰੂ ਨੇ ਬਖਸ਼ਿਸ਼ ਕਰਕੇ ਤੇ ਫੇਰ ਗੁਰਮੰਤ੍ਰ ਦੀ ਦਾਤ ਬਖਸ਼ੀ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥*
*ਭਾਈ ਗੁਰਦਾਸ ਜੀ*

ਬਾਕੀ ਕ੍ਰਿਤਮ ਨਾਮ ਹਨ, ਜਿਵੇਂ ਰਾਮ ਰਮਿਆ

ਹੋਇਆ, ਵਾਹਿਗੁਰੂ ਸਿਫਤੀ ਨਾਮ ਹੈ ਇਹਦੇ 'ਚ ਸਾਰੇ ਨਾਮ ਆ ਜਾਂਦੇ ਨੇ। ਮੂਲਮੰਤ੍ਰ ਦੀ ਬਖਸ਼ਿਸ਼ ਕੀਤੀ ਹੈ ਭਾਵ ਉਸ ਪ੍ਰਮੇਸ਼ਰ ਦਾ ਸਰੂਪ ਕੀ ਹੈ। ਉਹ ਕੋਈ ਚਾਰ ਬਾਹਵਾਂ ਵਾਲਾ ਨਹੀਂ, ਉਹਦਾ ਅਸਲੀ ਸਰੂਪ ਮੇਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਮੂਲਮੰਤ੍ਰ ਵਿਚ, ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਖਸ਼ਿਸ਼ ਕੀਤਾ ਹੈ, ਉਹ ਸਰੂਪ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ 'ਚ ਸਭ ਨਾਵਾਂ ਦਾ ਸਤਿਕਾਰ ਹੈ। ਪਰ ਗੁਰਸਿੱਖ ਨੂੰ ਇਹ ਹੁਕਮ ਹੈ - ***'ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।'***

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਭਾਈ ਫਿਰਨਾ, ਭਾਈ ਝੰਡਾ, ਭਾਈ ਜੇਠਾ ਤੇ ਰਾਮ ਕ੍ਰਿਸ਼ਨ; ਇਹ ਬੇਨਤੀ ਕਰਦੇ ਨੇ ਕਿ ਸੱਚੇ ਪਾਤਸ਼ਾਹ! ਕੋਈ ਓਮ ਦਾ ਜਾਪ ਕਰਦਾ ਹੈ, ਕੋਈ ਸੋਹੰ ਦਾ ਜਾਪ ਕਰਦਾ ਹੈ, ਕੋਈ ਰਾਮ ਦਾ ਜਾਪ ਕਰਦਾ ਹੈ, ਕੋਈ ਘਨਸ਼ਾਮ ਦਾ ਕਰਦਾ ਹੈ, ਸਿੱਖ ਨੂੰ ਕਿਹੜੇ ਮੰਤ੍ਰ ਦਾ ਜਾਪ ਕਰਨਾ ਚਾਹੀਦਾ ਹੈ? ਉਥੇ ਬੜਾ ਪਿਆਰਾ ਬਚਨ ਆਉਂਦਾ ਹੈ, ਪੰਚਮ ਸਤਿਗੁਰੂ ਦਾ, ਸੱਚੇ ਪਾਤਸ਼ਾਹ ਕਹਿੰਦੇ ਨੇ ਗੁਰਸਿੱਖੋ! ਇਹ ਵਾਹਿਗੁਰੂ ਸਿਫਤੀ ਨਾਮ ਹੈ। ਬਾਕੀ ਕਿਰਤਮ ਨਾਮ ਹਨ। ਨਾਮ ਜਿਹੜਾ ਗੁਰੂ ਤੋਂ ਕਿਸੇ ਨੂੰ ਮਿਲਿਆ ਹੈ ਉਹਨੂੰ ਉਹਦਾ ਸਿਮਰਨ ਕਰਨਾ ਚਾਹੀਦਾ ਹੈ। ਮਲਾਹ ਪੂਰਾ ਹੋਵੇ ਜਿਹੜਾ, ਬੇੜੇ ਨੂੰ ਪਾਰ ਲਾ ਦੇਵੇ। ਜੇਕਰ ਮਲਾਹ ਨੇਤ੍ਰਹੀਣ ਹੈ, ਗਿਆਨ ਤੋਂ ਹੀਣਾ ਹੈ, ਬੇੜਾ ਸਵਾਰੀਆਂ ਵੀ ਡੋਬੇਗਾ ਤੇ ਮਲਾਹ ਵੀ ਡੁੱਬੇਗਾ। ਇਸ ਕਰਕੇ ਗੁਰੂ ਪੂਰਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਗੁਰਸਿੱਖਾਂ ਨੂੰ 'ਵਾਹਿਗੁਰੂ' ਗੁਰਮੰਤ੍ਰ ਬਖਸ਼ਿਆ ਹੈ, ਇਸ ਕਰਕੇ ਸਿੱਖਾਂ ਦਾ ਮੰਤਰ 'ਵਾਹਿਗੁਰੂ' ਹੈ।

ਸਾਹਿਬ ਨੇ ਹੁਣ ਮੂਲਮੰਤ੍ਰ ਦੀ ਬਖਸ਼ਿਸ਼ ਕੀਤੀ, ਪੰਜ ਬਾਣੀਆਂ ਦਾ ਨਿਤਨੇਮ ਦਸਿਆ। ਪੰਜ ਰਹਿਤਾਂ ਦੱਸੀਆਂ। ਪੰਜ ਕੱਕੇ - ਕੰਘਾ, ਕੜਾ, ਕਛਹਿਰਾ, ਕਿਰਪਾਨ, ਕੇਸ। ਇਸੇ ਤਰ੍ਹਾਂ ਚਾਰ ਬਜਰ ਕੁਰਹਿਤਾਂ ਤੋਂ ਬਚਣਾ ਦਸਿਆ। ਹੁੱਕਾ ਹਜਾਮਤ ਹਲਾਲੋ ਹਰਾਮ। ਇਕ ਜੀਵਨ ਮਹਾਰਾਜ ਨੇ ਬਖਸ਼ਿਆ ਹੈ -

*ਰਹਿਣੀ ਰਹੈ ਸੋਈ ਸਿਖ ਮੇਰਾ*
*ਓਹ ਸਾਹਿਬ ਮੈਂ ਤਿਸ ਕਾ ਚੇਰਾ।*

*ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ।*

*ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।*

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣੇ ਖਾਲਸੇ ਨੂੰ ਅਕਾਲ ਪੁਰਖ ਨਾਲ ਹੀ ਜੋੜਿਆ ਹੈ।

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਸੋ ਸਾਹਿਬ ਨੇ ਬਖਸ਼ਿਸ਼ ਕੀਤੀ ਹੈ - ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।

*ਖ਼ਾਲਸੇ ਮੇਰੋ ਰੂਪ ਹੈ ਖ਼ਾਸ।*
*ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ।*
*ਖ਼ਾਲਸਾ ਅਕਾਲ ਪੁਰਖ ਕੀ ਫੌਜ।*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।*

ਉਸ ਵੇਲੇ ਦਸਮ ਪਾਤਸ਼ਾਹ ਮਹਾਰਾਜ ਜੀ ਨੇ ਬ੍ਰਹਮ ਗਿਆਨ ਦੀ ਦਾਤ ਬਖਸ਼ੀ। ਆਪਣਾ ਰੂਪ ਬਣਾਇਆ ਤੇ ਕਿਹਾ ਭਾਈ ਦਇਆ ਸਿੰਘ ਜੀ! ਮੈਨੂੰ ਵੀ ਹੁਣ ਅੰਮ੍ਰਿਤ ਦੀ ਦਾਤ ਬਖਸ਼ੋ। ਦੇਖੋ, ਸਮਰੱਥ ਸਤਿਗੁਰੂ ਜੀ ਕਹਿੰਦੇ, ਮੈਂ ਵੀ ਸਿੰਘ ਸਜਣਾ ਹੈ। ਉਸ ਵੇਲੇ ਆਪ ਜੀ ਦਾ ਨਾਮ ਸੀ, ਸਾਹਿਬ ਸ੍ਰੀ ਗੁਰੂ ਗੋਬਿੰਦ ਰਾਇ। ਭਾਈ ਦਇਆ ਸਿੰਘ ਜੀ ਨੇ ਕਿਹਾ, ਸੱਚੇ ਪਾਤਸ਼ਾਹ! ਆਪ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ੀ ਹੈ। ਸੀਸ ਲਏ। ਆਪ ਅੰਮ੍ਰਿਤ ਦੀ ਭੇਟਾ ਕੀ ਕਰ ਰਹੇ ਹੋ? ਦਸਮ ਪਾਤਸ਼ਾਹ ਕਹਿੰਦੇ, ਭਾਈ ਦਇਆ ਸਿੰਘ! ਤੁਸੀਂ ਇਕ-ਇਕ ਸੀਸ ਦਿਤਾ ਹੈ, ਮੈਂ ਅੰਮ੍ਰਿਤ ਦੀ ਭੇਟਾ, ਸਰਬੰਸ ਕੁਰਬਾਨ ਕਰ ਦਿਆਂਗਾ। ਹੁਣ ਰੱਬ ਦੇ ਪਿਆਰੇ, ਗੁਰਮੁਖ ਪਿਆਰੇ ਕੀ ਲਿਖਦੇ ਨੇ ਕਿ ਉਸੇ ਬਿਧ ਨਾਲ, ਉਸੇ ਮਰਿਆਦਾ ਨਾਲ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ। ਪਹਿਲਾਂ ਸੱਚੇ ਪਾਤਸ਼ਾਹ ਬੀਰ ਆਸਣ ਲਾ ਕੇ ਖੰਡਾ ਚਲਾ ਰਹੇ ਸੀ, ਅੰਮ੍ਰਿਤ ਤਿਆਰ ਕਰ ਰਹੇ ਸੀ, ਹੁਣ ਪੰਜ ਪਿਆਰੇ ਬੀਰ ਆਸਣ ਲਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਰਹੇ ਨੇ ਤੇ ਦਸਮ ਪਾਤਸ਼ਾਹ ਹੱਥ ਜੋੜ ਕੇ ਖੜ੍ਹੇ ਨੇ। ਜਿਵੇਂ ਪਹਿਲਾਂ ਪੰਜ ਪਿਆਰੇ ਖੜ੍ਹੇ ਸੀ। ਉਥੇ ਲਿਖਿਐ -

*ਜਿਹ ਬਿਧ ਪਾਹੁਲ ਗੁਰ ਦੇਈ।*
*ਤਿਹ ਬਿਧ ਤਿਨ ਸਿਉ ਲੀਨ।*

ਜਿਹੜੀ ਮਰਿਆਦਾ ਨਾਲ ਪਾਹੁਲ ਦਿਤੀ ਸੀ, ਅੰਮ੍ਰਿਤ ਛਕਾਇਆ ਸੀ। ਉਸੇ ਮਰਿਆਦਾ ਨਾਲ ਆਪ ਅੰਮ੍ਰਿਤ ਛਕਿਆ -

*ਆਪ ਸਿੱਖ ਤਿਨ ਕਾ ਭਇਆ।*
*ਨੇਹੁ ਕਾਮ ਗੁਰ ਕੀਨ।*

ਨਵਾਂ ਕੰਮ ਜੋ ਕੀਤਾ ਸੰਸਾਰ ਦੇ ਅੰਦਰ ਮੇਰੇ ਸਾਹਿਬ ਨੇ ਜਿਹਦੀ ਮਿਸਾਲ ਸੰਸਾਰ ਅੰਦਰ ਨਹੀਂ ਕਿਤੇ ਮਿਲਦੀ।

*ਵਾਹਿਗੁਰੂ ਇਹ ਬਚਨ ਸੁਣਾਇਆ।*
*ਗੁਰੂ ਖਾਲਸਾ ਨਾਮ ਧਰਾਇਆ।*
*ਤੁਮ ਮੇਰੇ ਮੈਂ ਤੁਮਾਰਾ ਹੂਆ।*
*ਤੁਮਰਾ ਹਮਰਾ ਨਾ ਗੁਰੂ ਦੂਆ।*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥* *ਅੰਗ - ੯੪੩*

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।*

ਹੁਕਮ ਕੀ ਕੀਤਾ ਜਿਸਨੇ ਸਿੱਖੀ ਵਿਚ ਦਾਖਲ ਹੋਣੈ, ਹੁਣ ਚਰਨਾਮ੍ਰਿਤ ਨਹੀਂ ਦਿਤੀ ਜਾਵੇਗੀ। ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੋ। ਸਤਿਗੁਰ ਦਾ ਹੁਕਮ ਮੰਨਿਆ, ਅੰਮ੍ਰਿਤ ਤਿਆਰ ਹੋਏ, ਵੀਹ ਹਜ਼ਾਰ ਸਿੱਖ ਸੰਗਤਾਂ ਨੇ ਉਸ ਵੇਲੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ***'ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ (ਅੰਗ-੧੧੦੬)*** ਸੰਗਤਾਂ ਪੜ੍ਹ ਰਹੀਆਂ ਨੇ। ਵੀਹ ਹਜ਼ਾਰ ਨੇ ਅੰਮ੍ਰਿਤ ਛਕਿਆ। ਜਿਹੜੇ ਅੰਮ੍ਰਿਤ ਛਕਦੇ ਨੇ, ਗੁਰੂ - ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮਾਤਾ - ਮਾਤਾ ਸਾਹਿਬ ਕੌਰ ਜੀ ਨੇ। ਕਿੱਡੀ ਵੱਡੀ ਬਖਸ਼ਿਸ਼ ਕੀਤੀ ਹੈ, ਅੰਮ੍ਰਿਤਧਾਰੀ ਕਿਤੇ ਵੀ ਦੁਨੀਆਂ ਦੇ ਕੋਨੇ 'ਤੇ ਜਾਵੇ, ਉਹ ਮਾਣ ਨਾਲ ਕਹਿ ਸਕਦੈ - 'ਪਿਤਾ ਮੇਰਾ ਹੈ ਕਲਗੀਆਂ ਵਾਲਾ, ਮਾਤਾ ਮੇਰੀ ਸਾਹਿਬ ਕੌਰ ਹੈ। ਅੰਮ੍ਰਿਤ ਛਕ ਕੇ ਨਾਮ ਜਪਣਾ, ਬਾਣੀ ਪੜ੍ਹਨੀ, ਰਹਿਤ ਰੱਖਣੀ, ਬਜਰ ਕੁਰਹਿਤਾਂ ਤੋਂ ਬਚਣਾ ਹੈ। ਜਿਵੇਂ ਦਾਸ ਨੇ ਬੇਨਤੀ ਕੀਤੀ ਹੈ ਮੇਰੇ ਸਤਿਗੁਰ ਨੇ ਪੰਜਾਂ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ਼ੀ, ਉਹਨਾਂ ਨੇ ਸੀਸ ਭੇਟ ਕੀਤੇ ਸੀ। ਅੰਮ੍ਰਿਤ ਛਕ ਕੇ ਹੁਣ ਨਾਮ ਦਾ ਅਭਿਆਸ ਕਰੋ ਤੇ ਸਤਿਗੁਰੂ ਦੀ ਕ੍ਰਿਪਾ ਨਾਲ ਫੇਰ ਉਸ ਅੰਮ੍ਰਿਤ ਦੀ ਪ੍ਰਾਪਤੀ ਹੋਵੇਗੀ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - ੨੯੩*

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥* *ਅੰਗ - ੨੮੭*

ਫੇਰ ਸਦਾ ਵਾਸਤੇ ਜਨਮ ਮਰਨ ਤੋਂ ਰਹਿਤ ਹੋ ਜਾਈਦਾ ਹੈ। ਜਦੋਂ ਅਸੀਂ ਸ਼ਬਦ ਗੁਰੂ ਅਕਾਲ ਪੁਰਖ ਦੇ ਲੜ ਲਗ ਜਾਂਦੇ ਹਾਂ -

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਅੰਗ - ੩੨੨*

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫਤਹਿ।*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2। [illegible]**

**3। [illegible] ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਮੰਨੇ ਨਾਉ ਸੋਈ ਜਿਣਿ ਜਾਇ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫*

ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿਤ ਬਿਰਤੀਆਂ ਨੂੰ ਇਕਾਗਰ ਕਰੋ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ ਕਿ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹੋਰ ਵੀ ਵੱਡੇ ਭਾਗ ਬਣਦੇ ਹਨ -

*ਵਡਭਾਗੀ ਸਾਧਸੰਗੁ ਪਰਾਪਤਿ .........॥ ਅੰਗ - ੬੧੭*

ਜਦੋਂ ਸੰਗਤ ਵਿਚ ਬੈਠ ਕੇ 'ਨਾਮ' ਨਾਲ ਜੁੜਦੇ ਹਾਂ। ਸਤਿਸੰਗ ਦੀ ਨਿਸ਼ਾਨੀ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਜਿਥੇ 'ਨਾਮ' ਨਾਲ ਜੁੜਨ ਦੀ ਜੁਗਤ ਮਿਲਦੀ ਹੈ। ਨਾਮ ਕੋਈ ਬਾਹਰੋਂ ਤਾਂ ਦਿੰਦਾ ਨਹੀਂ, ਨਾ ਮਿਲਦਾ ਹੈ। ਹੈ ਸਾਰੇ ਰਮਿਆ ਹੋਇਆ। ਗੁਰੂ ਪਾਤਸ਼ਾਹ ਜੀ, ਜੋ ਬਾਣੀ ਗੁਰੂ ਹੈ, ਗੁਰੂ ਹੀ ਬਾਣੀ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨*

ਕਿਉਂਕਿ ਜੇ ਦੇਹ ਧਾਰਨ ਕੀਤੀ, ਸਰੀਰ ਨਹੀਂ ਗੁਰੂ। ਬਾਣੀ ਗੁਰੂ ਹੈ। ਇਹ ਬਾਣੀ ਧੁਰੋਂ ਆਈ ਹੈ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ- ੬੨੮*

ਸਰੀਰ ਵੀ ਪਵਿੱਤਰ ਗਿਣੇ ਜਾਂਦੇ ਹਨ ਜਿਨ੍ਹਾਂ ਦੀ ਬਾਣੀ ਗੁਰੂ ਦਾ ਸਰੂਪ ਹੈ। ਪਰ ਜੋ ਬਚਨ ਹਨ-

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ ਅੰਗ - ੧੩੦੯*

ਬਾਣੀ ਨੂੰ ਵਿਚਾਰੋ, ਕਿਉਂਕਿ ਗੁਰੂ ਦੀ ਇਹ ਨਿਸ਼ਾਨੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ- ੧੨੯੧*

ਸਤਿਸੰਗ ਦੇ ਵਿਚ ਉਸ ਘਰ ਦਾ ਪਤਾ ਲਗ ਜਾਂਦਾ ਹੈ, ਜਿਥੇ ਇਹ ਨਾਮ ਹੈ। ਬਾਹਰੋਂ ਗੁਰਮੰਤ੍ਰ ਮਿਲਦੇ ਨੇ। ਸਾਡੇ ਘਰ ਦਾ ਬਹੁਤ ਹੀ ਸ਼ਕਤੀਸ਼ਾਲ ਮੰਤਰ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*
*ਭਾਈ ਗੁਰਦਾਸ ਜੀ*

ਇਹ ਜਪਦੇ-ਜਪਦੇ ਉਸੇ ਨਾਮ ਦੇ ਵਿਚ ਨਿਵਾਸ ਹੋ ਜਾਂਦਾ ਹੈ, ਜੋ ਸਾਡੇ ਸਾਰਿਆਂ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਵੀ ਸਤਿਗੁਰ ਜੀ ਦਸਦੇ ਹਨ ਕਿ ਕਿੱਥੇ ਹੈ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਪਿੱਛੇ ਵਿਚਾਰ ਚਲ ਰਹੀ ਸੀ -

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸੱਚੀ ਦਰਗਹ ਜਾਇ ਸਚਾ ਪਿੜ ਮਲਿਆ।*
*ਭਾਈ ਗੁਰਦਾਸ ਜੀ*

ਇਥੇ ਵਿਚਾਰ ਚਲ ਰਹੀ ਸੀ ਕਿ -

*ਰੋਵੈ ਜਨਮੇਜਾ ਖੁਇ ਗਇਆ ॥ ਅੰਗ- ੯੫੪*

ਜਦੋਂ ਇਥੇ ਵੱਡੇ-ਵੱਡੇ ਦੁਖੀ ਹੋਏ। ਦੇਖੋ ਰਾਮ ਰੋਇਆ, ਰਾਵਣ ਰੋਇਆ। ਸਾਰਿਆਂ ਦਾ ਸੱਚੇ

ਪਾਤਸ਼ਾਹ ਜੀ ਬਾਣੀ ਵਿਚ ਜ਼ਿਕਰ ਕਰਦੇ ਹੋਏ, ਅਖੀਰ ਦੇ ਵਿਚ ਆ ਕੇ ਫੁਰਮਾਨ ਕਰਦੇ ਹਨ –

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ – ੯੫੪*

ਸਾਰੇ ਦੁਖਾਂ ਦਾ ਇਕੋ ਇਲਾਜ ਹੈ –

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ– ੨੭੪*

ਜਦੋਂ ਅਸੀਂ ਬਾਣੀ ਗਾਉਂਦੇ ਹਾਂ ਫੇਰ ਗਾਉਣ ਦੇ ਨਾਲ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ– ੨੮੯*

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ – ੯੫੪*

ਵੱਡੇ-ਵੱਡੇ ਰੋਏ, ਸੇਖ ਮਸਾਇਕ ਪੀਰ ਰੋਏ, ਵਿਚਾਰ ਕਰਦੇ ਨੇ ਕਿ ਸਮੇਂ ਦੀ ਕਿ ਮਨਾਂ ਐਸੀ ਭੀੜ ਨਾ ਪੈ ਜਾਵੇ, ਅੰਤ ਸਮੇਂ ਪਤਾ ਨਹੀਂ, ਮਨ ਕਿਸ ਪਾਸੇ ਲੈ ਜਾਵੇ ਕਿਉਂਕਿ ਮਨ ਦਾ ਹੀ ਕੰਮ ਹੈ। ਤਨ ਕਰਕੇ ਜਿਥੇ ਗੁਰੂ ਚਰਨਾਂ ਵਿਚ ਬੈਠੇ ਹਾਂ, ਮਨ ਨਾਲ ਗੱਲ ਕਰਨੀ ਹੈ। ਕਿਉਂਕਿ ਮਨ ਦੀ ਬਾਤ ਹੈ-

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ – ੩੪੨*

ਮਨ ਦੌੜਦਾ ਹੈ –

*ਮਾਈ ਮਨੁ ਮੇਰੋ ਬਸਿ ਨਾਹਿ ॥*
*ਨਿਸ ਬਾਸੁਰ ਬਿਖਿਅਨ ਕਉ ਧਾਵਤ*
*ਕਿਹਿ ਬਿਧਿ ਰੋਕਉ ਤਾਹਿ ॥* *ਅੰਗ – ੬੩੨*

ਕਿਹੜੀ ਵਿਧੀ ਹੈ? ਗੁਰੂ ਪਾਤਸ਼ਾਹ ਜੀ ਨੇ ਦਸੀ ਹੈ ਜੋ ਆਪਾਂ ਸ਼ੁਰੂਆਤ 'ਚ ਸ਼ਬਦ ਪੜ੍ਹਿਆ। ***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ' ਅੰਮ੍ਰਿਤ ਵੇਲੇ ਉਠ ਕੇ ਧਿਆਵੇ, ਧਿਆਨ ਵਿਚ ਬੈਠੇ। 'ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥'*** ਤਨ ਦੀ ਪਵਿੱਤਰਤਾ ਦੇ ਵਾਸਤੇ ਪਾਣੀ ਦਾ ਇਸ਼ਨਾਨ ਹੁੰਦੈ, ਬਾਣੀ ਮਨ ਦੀ ਪਵਿੱਤਰਤਾ ਵਾਸਤੇ ਵਿਧੀ ਦਸਦੀ ਹੈ ਕਿ ਕਿਵੇਂ ਉਹਨੂੰ ਰੋਕਣਾ ਹੈ। ਪਵਿੱਤਰ ਸਰੋਵਰ ਸ੍ਰੀ ਹਰਿਮੰਦਰ ਸਾਹਿਬ ਬਾਣੀ ਦਾ ਹੀ ਅਸਰ ਹੈ, ਨਿਰੰਤਰ ਬਾਣੀ ਦਾ ਪ੍ਰਵਾਹ ਚਲਦਾ ਹੈ ਤੇ ਉਹ ਅੰਮ੍ਰਿਤ ਦਾ ਸਰੋਵਰ ਬਣ ਗਿਆ। ਇਸੇ ਤਰ੍ਹਾਂ ਜਿਹੜਾ ਨਾਮ ਦਾ ਸਰੋਵਰ ਅੰਦਰ ਹੈ, ਉਹਦੇ ਵਿਚ ਤਾਂ ਐਸਾ ਸਥਿਤ ਹੋਵੇ, ਉਸ ਉਪਦੇਸ਼ ਨੂੰ ਕਮਾ ਲੈਣਾ, ਫੇਰ ਸਾਰੇ ਜਿਹੜੇ ਪਾਪ ਨੇ, ਕਿਲਵਿਖ ਪਾਪ ਵੀ ਉਤਰ ਜਾਂਦੇ ਹਨ। ***'ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥'*** ਸਾਰੀ ਬਾਣੀ 1430 ਅੰਗ 'ਚ ਜਪੁਜੀ ਸਾਹਿਬ ਦੀ ਵਿਆਖਿਆ ਹੈ। ਜਪੁਜੀ ਸਾਹਿਬ ਮੂਲਮੰਤ੍ਰ ਦੀ ਵਿਆਖਿਆ ਹੈ। ਕਰਦੇ-ਕਰਦੇ ਪਾਠ, ਬਾਣੀ ਪੜ੍ਹਦੇ-ਪੜ੍ਹਦੇ ਗੁਰਮੰਤ੍ਰ ਵਲ ਨੂੰ ਪ੍ਰੇਰਿਤ ਹੁੰਦੇ ਹਾਂ। ਇਹਦੇ ਨਾਲ ਨਾਮ 'ਚ ਨਿਵਾਸ ਹੋਣ ਵਾਸਤੇ, ਬੈਖਰੀ ਬਾਣੀ 'ਚ ਬੋਲ ਕੇ, ਫੇਰ ਮਧਮਾ ਬਾਣੀ 'ਚ ਪ੍ਰਵੇਸ਼ ਕਰੀਦਾ ਹੈ। ਪਹਿਲਾਂ ਤਾਂ ਬੋਲਦੇ ਹਾਂ, ਫੇਰ ਜੀਭ ਵੀ ਹਿਲਦੀ ਹੈ, ਭਾਵੇਂ ਬੁੱਲ੍ਹ ਵੀ ਹਿੱਲਣ, ਅਵਾਜ਼ ਬਾਹਰ ਵੀ ਆਉਂਦੀ ਹੈ। ਫੇਰ ਹਿਰਦੇ ਦੀ ਬਾਣੀ ਨੂੰ ਪਸੰਤੀ ਬਾਣੀ ਕਿਹਾ ਹੈ –

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ – ੧੨੫੬*

*ਜਿਨਿ ਇਹ ਚਾਖੀ ਸੋਈ ਜਾਣੈ*
*ਗੂੰਗੇ ਕੀ ਮਿਠਿਆਈ ॥* *ਅੰਗ – ੬੦੭*

ਅਨੁਭਵ ਦਾ ਵਿਸ਼ਾ ਹੈ, ਇਹ ਅੰਦਰ ਹਿਰਦੇ ਦੇ ਵਿਚ ਹੁੰਦਾ ਹੈ। ਉਸ ਤੋਂ ਬਾਅਦ ਨਾਮ ਫੇਰ ਸਵਾਸ 'ਤੇ ਆ ਜਾਂਦਾ ਹੈ। ਨਾਭੀ ਪੇਟ ਤੋਂ ਉਹ

ਜਗ੍ਹਾ ਜਦੋਂ ਪੇਟ ਭਰ ਕੇ ਸਾਹ ਲਿਆ, ਜਦੋਂ ਅੰਦਰ ਨੂੰ ਸਵਾਸ ਜਾਵੇ ਕੀ ਸੁਣਨਾ ਹੈ, ਡੂੰਘਾ ਸਵਾਸ ਲੈ ਕੇ, ਕਿਉਂਕਿ ਸੁਣਨ 'ਤੇ ਵੀ -

*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ- ੨*

ਜਪੁਜੀ ਸਾਹਿਬ ਦੀਆਂ ਚਾਰ ਪਉੜੀਆਂ ਵਿਚ ਸੁਣਨ ਦਾ ਮਹਾਤਮ ਦਸਿਆ ਹੈ। ਸੁਣ ਕੇ ਮੰਨਿਆ-

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥ ਅੰਗ- ੪*

ਉਸ ਅੰਦਰਲੇ ਨਾਮ ਸਰੋਵਰ ਵਿਚ ਇਸ਼ਨਾਨ ਇਸ ਤਰ੍ਹਾਂ ਹੁੰਦਾ ਹੈ। ਜਦੋਂ ਅਸੀਂ ਡੂੰਘਾ ਸਵਾਸ ਲੈਂਦੇ ਹਾਂ ਤੇ ਖਾਲੀ ਨਹੀਂ ਅੰਦਰ ਲਿਜਾਂਦੇ। ਇਹਦੇ ਉਤੇ 'ਵਾਹਿ......।' ਲੋਡ ਕਰਦੇ ਹਾਂ। ਇਹ ਧੁਨ ਬਣ ਜਾਂਦੀ ਹੈ। ਇਹ ਤਾਂ ਦੱਸਣ ਵਾਸਤੇ ਨਾਮ ਅਭਿਆਸੀ ਮਹਾਂਪੁਰਸ਼ਾਂ ਨੇ ਇਕ ਤਰ੍ਹਾਂ ਦਾ ਡੈਮੋਸਟਰੇਟ ਕੀਤਾ ਹੈ। ਜਿਨ੍ਹਾਂ ਦੀ ਇਹ ਅਵਸਥਾ ਹੈ, 'ਆਤਮ ਮਾਰਗ' ਪੜ੍ਹਿਓ, ਆਤਮਾ ਦਾ ਮਾਰਗ ਹੈ। ਪਤਾ ਲਗਦਾ ਹੈ ਕਿ ਇਹ ਰਸਤਾ ਕਿਵੇਂ ਤੈਅ ਕਰਨਾ ਹੈ। ਹੁਣ ਜਦੋਂ ਬਾਹਰ ਨੂੰ ਸਵਾਸ ਆਵੇ ਉਹਦੇ ਉਤੇ 'ਗੁਰੂ' ਦਾ ਮੰਤਰ ਹੋਵੇ, ਖਾਲੀ ਨਾ ਜਾਵੇ। ਬਾਬਾ ਸਤਨਾਮ ਸਿੰਘ ਜੀ, ਸਨਹੋਜ਼ੇ ਰਹਿੰਦੇ ਸਨ, ਮਹਾਂਪੁਰਸ਼ਾਂ ਦੇ ਦਰਸਾਈ ਜੁਗਤ ਦੇ ਅਨੁਸਾਰ ਸਵਾਸ ਗਿਰਾਸ ਦਾ ਇਹ ਸਿਮਰਨ, ਅੰਮ੍ਰਿਤ ਵੇਲੇ ਸੰਗਤੀ ਰੂਪ ਵਿਚ ਕਰਦੇ। ਉਹਨਾਂ ਦਾ ਅੰਤ ਦਾ ਸਮਾਂ ਵੀ ਇਹੋ ਜਿਹਾ ਆਇਆ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਆਖਰੀ ਸਵਾਸ 'ਤੇ ਵੀ ਓਧਰ ਧਿਆਨ ਬਣਿਆ ਰਹੇ, ਇਹ ਅਭਿਆਸ ਦੇ ਨਾਲ ਹੋ ਜਾਂਦਾ ਹੈ। ਕਰਦੇ-ਕਰਦੇ ਪਸੰਤੀ ਬਾਣੀ ਤੋਂ ਪਰਾ ਬਾਣੀ ਦੇ ਵਿਚ ਇਸ ਤਰ੍ਹਾਂ ਨਾਲ ਹੋ ਜਾਂਦਾ ਹੈ - 'ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥' ਜੋ ਇਸ ਤਰ੍ਹਾਂ ਦੇ ਨਾਲ ਅਭਿਆਸੀ ਹੈ, ਅਭਿਆਸ ਕਰਦਾ ਹੈ, ਉਹ ਸਿੱਖ ਹੀ ਗੁਰੂ ਦੇ ਮਨ ਨੂੰ ਭਾਉਂਦਾ ਹੈ। ਮਨ ਜਿਹੜਾ ਗੁਰੂ ਨੂੰ ਦੇਣਾ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ- ੨੮੬*

ਹੁਣ ਮਨ ਦੌੜਦਾ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ - ੧੨੫੩*

ਸਵਾਰੀ ਇਹਦੀ ਸਵਾਸ ਹੈ। ਇਹ ਅੰਦਰ ਨੂੰ ਤੇ ਬਾਹਰ ਨੂੰ ਜਦੋਂ ਜਾਂਦਾ ਹੈ, ਇਸ ਦੇ ਨਾਲ ਗੁਰੂ ਦਾ ਮੰਤਰ ਜਪੋ। ਗੁਰੂ ਤੋਂ ਮੰਤਰ ਵਿਧੀ ਨਾਲ ਮਿਲਦਾ ਹੈ। ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ ਤਾਂ ਗੁਰਮੰਤ੍ਰ, ਮੂਲਮੰਤ੍ਰ, ਦ੍ਰਿੜ੍ਹ ਕਰਵਾਉਂਦੇ ਹਨ। ਸਤਿਸੰਗ ਦੇ ਵਿਚ ਜੁਗਤ ਦਾ ਪਤਾ ਲਗ ਜਾਂਦਾ ਹੈ ਕਿਵੇਂ ਕਰਨਾ ਹੈ। ਜਦੋਂ ਸਵਾਰੀ ਨੂੰ ਹੀ ਕੰਟਰੋਲ ਕਰ ਲਿਆ, ਇਹਦੇ ਉਤੇ ਗੁਰੂ ਦਾ ਮੰਤਰ ਸਵਾਰ ਹੋ ਗਿਆ। ਫੇਰ ਇਹ ਸਵਾਰੀ ਕਿੱਥੇ ਲੈ ਕੇ ਜਾਏਗੀ, ਗੁਰੂ ਦੇ ਲੋਕ ਨੂੰ ਲੈ ਕੇ ਜਾਏਗੀ, ਆਖਰੀ ਸਵਾਸ 'ਤੇ ਵੀ -

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥*
*ਅੰਗ- ੫੫੬*

ਕਿਉਂਕਿ ਅਸੀਂ ਆਦਮੀ ਹਾਂ ਇਕ ਦਮੀ। ਕਿਉਂਕਿ ਜਿਹੜਾ ਦਮ ਆ ਗਿਆ, ਆਦਮੀ। ਬਾਹਰ ਗਿਆ ਦੁਬਾਰਾ ਨਾ ਆਇਆ ਫੇਰ ਕੀ ਹੁੰਦਾ ਹੈ? ਫੇਰ ਤਾਂ ਕਾਢੇ-ਕਾਢੋ ਹੋ ਜਾਂਦੀ ਹੈ -

*ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਅੰਗ - ੪੭੮*

ਉਹ ਕੰਮ ਕਰੀਏ ਜੋ ਕਰਨ ਵਾਸਤੇ ਆਏ ਹਾਂ-

*ਤੂੰ ਰਾਮ ਨਾਮੁ ਜਪਿ ਸੋਈ ॥ ਅੰਗ- ੪੭੮*

ਸਵਾਸ ਦੇ ਨਾਲ ਮਨ ਕੰਟਰੋਲ ਹੋ ਗਿਆ, ਮਨ ਦਾ ਹੀ ਕੰਮ ਹੈ। ਇਸ ਤਰ੍ਹਾਂ ਵੱਡੇ-ਵੱਡੇ ਮਸਾਇਕ ਪੀਰ ਮਨ ਨੂੰ ਕੰਟਰੋਲ ਕਰਕੇ 'ਮਨ ਜੀਤੈ ਜਗ ਜੀਤ' ਇਸ ਜਮ੍ਹਾਂ ਦੀ ਪੀੜ ਤੋਂ ਛੁਟਕਾਰਾ ਪਾਉਂਦੇ ਹਨ -

*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥ ਅੰਗ - ੯੫੪*

ਵੱਡੇ-ਵੱਡੇ ਰਾਜੇ ਜਦੋਂ ਜੋਗੀ ਬਣਾ ਦਿਤੇ, ਸਿੱਧ ਪੁਰਸ਼ ਮਛੰਦਰਨਾਥ ਚੇਲਾ ਬਣਿਆ, ਕੰਨਾਂ 'ਚ ਮੁੰਦਰਾ ਪਾਈਆਂ। ਉਹਨੇ ਰਾਜਿਆਂ ਦੇ ਰਾਜ-ਭਾਗ ਛੁਡਾ ਕੇ ਘਰ-ਘਰ ਮੰਗਣ ਲਾ ਦਿਤੇ। ਮਹਿਲਾਂ ਵਿਚ ਰਾਣੀਆਂ ਰੋਂਦੀਆਂ ਨੇ। ਇਹ ਜਦੋਂ ਘਰ-ਘਰ ਮੰਗਦੇ ਨੇ ਇਹ ਵੀ ਰੋਂਦੇ ਨੇ ਕਿਉਂਕਿ -

*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ ॥*

*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅੰਗ - ੪੬੯*

ਆਖਰੀ ਸਵਾਸ 'ਤੇ ਪਤਾ ਲਗਦਾ ਹੈ। ਜਦੋਂ ਵੱਡੇ-ਵੱਡੇ ਰਾਜਿਆਂ ਨੂੰ ਰਾਜ-ਭਾਗ ਸੁਖ ਨਹੀਂ ਲੱਗਿਆ, ਸੁਖ ਤਾਂ ਜਿਹੜਾ ਸੀ ਉਹ ਮਨ ਦੀ ਸ਼ਾਂਤੀ ਵਿਚ ਹੈ। 'ਨਾਮ' ਤੋਂ ਬਿਨਾਂ ਸ਼ਾਂਤ ਨਹੀਂ ਹੁੰਦਾ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ- ੭੦੭*

*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥ ਅੰਗ - ੯੫੪*

ਸੂਮ ਜਿਹੜਾ ਸ਼ੁਭ ਕੰਮਾਂ ਵਾਸਤੇ ਨਹੀਂ ਖਰਚ ਕਰਦਾ-

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

ਇਥੇ ਬੀਜਿਆ ਪੁੰਨ-ਦਾਨ ਜੋ ਅੱਗੇ ਕੰਮ ਆਉਣਾ ਹੈ, ਫਲ ਦਿੰਦਾ ਹੈ, ਪਰ ਸੂਮ ਬੰਦਾ ਕੀ ਕਰਦਾ ਹੈ -

*ਸੂਮਹਿ ਧਨੁ ਰਾਖਨ ਕਉ ਦੀਆ*
*ਮੁਗਧੁ ਕਹੈ ਧਨੁ ਮੇਰਾ ॥*
*ਜਮ ਕਾ ਡੰਡੁ ਮੂੰਡ ਮਹਿ ਲਾਗੈ*
*ਖਿਨ ਮਹਿ ਕਰੈ ਨਿਬੇਰਾ ॥ ਅੰਗ - ੪੮੦*

ਉਸ ਸਮੇਂ ਪਤਾ ਲਗਦਾ ਹੈ। ਜੇ ਇਹਦੇ ਵਿਚ ਬਿਰਤੀ ਰਹਿ ਗਈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਅੰਗ - ੫੨੬*

ਇਸੇ ਕਰਕੇ ਗੁਰੂ ਬਾਬਾ ਜੀ ਦੀ ਸਭ ਤੋਂ ਵੱਡੀ ਅਸੀਸ ਹੈ ਕਿ ਤੈਨੂੰ ਨਾਮ ਚਿਤ, ਕਰਤਾਰ ਚਿਤ ਆਵੇ -

*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ਅੰਗ- ੪੯੬*

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ- ੨੮੬*

ਪੰਡਤ ਵੀ ਬਦਲ ਗਏ, ਵੇਦਾਂ ਸ਼ਾਸਤਰਾਂ ਦੇ ਗਿਆਤਾ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ- ੧੪੦*

ਮੂਰਖਤਾ ਪੈਦਾ ਕਰਨ ਦੀ ਐਸੀ ਵਿਦਿਆ ਜੋ ਅਹੰਕਾਰ ਪੈਦਾ ਕਰੇ ਉਹ ਅਪਰਾ ਵਿਦਿਆ ਹੈ। ਜੋ ਪਰਾ ਵਿਦਿਆ ਹੈ, ਰੂਹਾਨੀ ਵਿਦਿਆ ਉਹ ਸ਼ਾਂਤੀ ਪ੍ਰਦਾਨ ਕਰਦੀ ਹੈ। ਜਦੋਂ ਅੰਦਰ ਦੀ ਖੋਜ ਕਰਦੇ ਹਾਂ ਤਾਂ ਅੰਦਰ ਸ਼ਾਂਤੀ ਹੈ। ਇਸੇ ਕਰਕੇ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ - ੬੯੫*

ਸੋ ਇਸ ਤੋਂ ਅੱਗੇ ਵਧੀਏ। ਆਖਿਰ ਦੇ ਵਿਚ ਪਾਤਸ਼ਾਹ ਨੇ ਫੈਸਲਾ ਹੀ ਸੁਣਾ ਦਿਤਾ ਇਕ ਐਸੀ ਬੱਚੀ ਦਾ ਜ਼ਿਕਰ ਕਰਕੇ, ਜਿਹਨੇ ਵਿਆਹ ਕਰਾਇਆ ਕਿ ਮੈਨੂੰ ਗ੍ਰਹਿਸਤ ਦਾ ਸੁਖ ਮਿਲੇ ਪਰ ਸੁਖ ਨਾ ਮਿਲਿਆ। ਜਿਹਦੇ ਨਾਲ ਵੀ ਉਹਦਾ ਵਿਆਹ ਹੁੰਦਾ, ਉਸ ਬਾਲੀ ਦਾ, ਉਹ ਮਰ ਜਾਂਦਾ। ਉਹਨੂੰ ਸੁਖ ਹੀ ਨਹੀਂ ਮਿਲਿਆ। ਇਸ ਤਰ੍ਹਾਂ ਸਾਰੇ ਹੀ ਰੋਂਦੇ ਨੇ, ਪਾਤਸ਼ਾਹ ਨੇ ਫੈਸਲਾ ਸੁਣਾਇਆ -

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਹੁਣ ਇਹਦਾ ਇਲਾਜ ਕੀ ਹੈ?

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥*

ਉਹ ਬਾਜ਼ੀ ਜਿੱਤ ਜਾਊ, ਨਹੀਂ ਤਾਂ -

*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥ ਅੰਗ - ੬੫੯*

*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥*
*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥*
*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ - ੫੨੬*

ਅੰਤਲਾ ਸਵਾਸ ਜਦੋਂ ਹੋਵੇ ਤਾਂ ਧਿਆਨ ਗੁਰੂ ਮੰਤਰ 'ਚ ਹੋਵੇ ਤਾਂ ਉਹ ਗੁਰੂ ਦੇ ਲੋਕ ਨੂੰ ਲੈ ਕੇ

ਜਾਵੇਗਾ। ਇਸ ਵਿਚ ਅਤਿਕਥਨੀ ਨਹੀਂ। ਬਾਕੀ ਕੰਮ ਨਹੀਂ ਕਿਸੇ ਕੰਮ ਦੇ।

ਅੱਜ ਸਾਰਾ ਸੰਸਾਰ ਦੁਖੀ ਹੈ, ਸਾਰਾ ਸੰਸਾਰ ਰੋਗੀ ਹੈ। ਸੋ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਆਓ! ਸਾਰੇ ਇਹ ਇਲਾਜ ਕਰੀਏ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ਅੰਗ- ੨੯੫

ਪਰ ਜਦੋਂ ਤੱਕ ਇਸ ਨੂੰ ਪ੍ਰੈਕਟੀਕਲ 'ਚ ਨਾ ਲਿਆਈਏ ਉਦੋਂ ਤਕ ਪਤਾ ਨਹੀਂ ਲਗਦਾ। ਇਹ ਸੂਖਸ਼ਮ ਬਾਤਾਂ ਹਨ। ਸਵਾਸ ਬਹੁਤ ਸੂਖਸ਼ਮ ਹੈ। ਜਪਣ ਤੇ ਪਤਾ ਲਗਦਾ ਹੈ। ਕਿਉਂਕਿ ਸਾਡਾ ਮਾਰਗ 'ਸੁਰਤਿ ਸਬਦਿ ਦਾ ਮਾਰਗ' ਹੈ –

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* ਅੰਗ – ੯੩੮

ਇਥੋਂ ਤਕ ਤਾਂ ਅਸੀਂ ਦਸ ਸਕੇ ਹਾਂ। ਇਥੋਂ ਅੱਗੇ ਦੀ ਜੋ ਬਾਤ ਅਗੰਮ ਕੀ ਹੈ। ਜੇ ਦਸ ਵੀ ਦਿਓ, ਬਾਣੀ ਦਸ ਹੀ ਰਹੀ ਹੈ –

*ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥*
*ਆਪਿ ਅਡੋਲੁ ਨ ਕਬਹੂ ਡੋਲੈ ॥* ਅੰਗ- ੨੯੪

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* ਅੰਗ – ੭੯੭

ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ। ਕਿਤੋਂ ਵੀ ਪੜ੍ਹ ਲਓ, ਵਿਚਾਰ ਲਓ। ਹੁਣ ਜਦੋਂ ਉਹਨੂੰ ਯਾਦ ਕਰੋ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥* ਅੰਗ- ੨੬੨

ਹੁਣ ਉਹ ਸੁਖ ਕਿਵੇਂ ਮਿਲੇਗਾ? ਜਦੋਂ ਉਹਨੂੰ ਅਸੀਂ ਯਾਦ ਕਰਦੇ ਹਾਂ, ਇਹ ਯਾਦ ਬਣੀ ਰਹੇ, ਅੰਤਲੇ ਸਵਾਸ ਤਕ। ਸਿੱਖੀ ਸਿਦਕ, ਕੇਸਾਂ, ਸਵਾਸਾਂ ਸੰਗ ਨਿਭੇ। ਹੁਣ ਜਦੋਂ ਸੁਰਤ ਨੂੰ ਚੁੱਕਣਾ ਹੈ, ਸੁਰਤ ਤਾਂ ਸਾਡੀ ਬਾਹਰ ਨੂੰ ਜਾਂਦੀ ਹੈ –

'ਨਉ ਘਰ ਦੇਖਿ ਜੁ ਕਾਮਨਿ ਭੂਲੀ ' ਜਿੰਨੇ ਦਰਵਾਜ਼ੇ ਨੇ ਸਰੀਰ ਦੇ –' ਨਉ ਦਰਵਾਜੇ ਕਾਇਆ ਕੋਟੁ ਹੈ' ਉਹ ਸਾਰੇ ਬਾਹਰ ਨੂੰ ਖੁਲ੍ਹਦੇ ਨੇ, ਸੁਰਤ ਬਾਹਰ ਹੀ ਤੁਰੀ ਫਿਰਦੀ ਹੈ। ਅੰਤਰਮੁਖ ਕਰਨਾ ਹੈ ਸੁਰਤਿ ਨੂੰ। ਸਵਾਸ ਦੀ ਮਦਦ ਲੈ ਕੇ ਮਨ ਨੂੰ ਰੋਕਣਾ ਹੈ ਤੇ ਸਵਾਸ ਦੀ ਮਦਦ ਲੈ ਕੇ ਸੁਰਤਿ ਨੂੰ ਉੱਚਾ ਚੁੱਕਣਾ ਹੈ। ਸਬਦਿ ਨਾਲ ਜੋੜਨਾ ਹੈ। ਸਬਦਿ ਹੈ ਧੁਨ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* ਅੰਗ – ੮੭੯

ਅਕਥ ਜਿਹੜੀ ਨਾ ਕਥੀ ਜਾਣ ਵਾਲੀ। ਕਿਉਂਕਿ ਆਗਿਆ ਚੱਕਰ ਜਿਥੇ ਦੋਹਾਂ ਅੱਖਾਂ ਦੀ ਜੜ੍ਹ ਹੈ। ਇਥੇ ਧਿਆਨ ਧਰਦੇ ਹਾਂ। ਸਭ ਤੋਂ ਜਿਹੜਾ ਪਵਿੱਤਰ ਧਿਆਨ ਹੈ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* ਅੰਗ- ੮੬੪

ਗੁਰਮੰਤ੍ਰ ਦੇ ਨਾਲ ਮਨ ਨੂੰ ਮਨਾ ਕੇ ਕੰਟਰੋਲ ਕਰਕੇ, ਧਿਆਨ ਧਰਨਾ। ਤਿੰਨ ਤਰ੍ਹਾਂ ਦਾ ਧਿਆਨ ਹੈ – ਪ੍ਰਤੀਕ ਧਿਆਨ, ਸੰਪਤ ਧਿਆਨ ਹੈ, ਅੰਹਗ੍ਰਹਿ ਧਿਆਨ ਹੈ। ਆਗਿਆ ਚੱਕਰ 'ਚ ਜਦੋਂ ਧਿਆਨ ਧਰਦੇ ਹਾਂ, ਪ੍ਰਤੀਕ ਮੰਨ ਕੇ ਚਲਦੇ ਹਾਂ। ਫੇਰ ਜਿਹੜੀ ਅਵਸਥਾ, ਧੁਨ 'ਚ ਧਿਆਨ ਚਲਿਆ ਗਿਆ, ਸਬਦਿ ਨਾਲ ਸੁਰਤਿ ਜੁੜ ਗਈ। ਫੇਰ –

*ਗੁਰ ਮੂਰਤਿ ਗੁਰ ਸਬਦੁ ਹੈ....॥* ਭਾਈ ਗੁਰਦਾਸ ਜੀ

ਧੁਨ ਹੈ। ਸਬਦਿ ਧੁਨ ਨੂੰ ਸੁਰਤਿ ਫੜ ਲੈਂਦੀ ਹੈ। ਗਹਿਰਾ ਸਵਾਸ ਲੈ ਕੇ, ਸਵਾਸ ਨਾਲ ਵਾਹਿ....ਗੁਰੂ.....ਦਾ ਸਿਮਰਨ ਕਰੋ। ਸਰੀਰ ਇਹਦੇ ਨਾਲ recharge ਹੋ ਜਾਂਦਾ ਹੈ। ਅੰਦਰੋਂ ਫੇਰ ਇਹ ਸਾਰੀਆਂ ਬਿਮਾਰੀਆਂ ਨੂੰ ਕੱਢਦੀ ਹੈ। ਬਾਣੀ ਦਸਦੀ ਹੈ –

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥* ਅੰਗ – ੬੨੭

ਫੇਰ ਜਦੋਂ ਬਾਹਰ ਕਾਰਬਨ ਡਾਈ ਆਕਸਾਈਡ ਆਉਣੀ, ਸਵਾਸ ਭਰ ਕੇ ਛੱਡਣਾ ਵੀ ਪੂਰਾ ਹੈ। ਫੇਰ ਇਹਦੇ ਉਪਰ ਗੁਰੂ ਮੰਤਰ ਲੋਡ ਕਰਨ ਨਾਲ, ਉਹ ਮੰਤਰ ਗੁਰੂ ਦੇ ਲੋਕ ਨੂੰ ਲੈ ਜਾਏਗਾ। ਸਹੰਸਰਰਾਰ ਦਲ ਕਮਲ 'ਚੋਂ ਲੰਘ ਕੇ, ਧਿਆਤਾ–ਧਿਆਨ–ਧੇਅ ਦੀ ਤ੍ਰਿਕੁਟੀ ਟੁੱਟਦੀ ਹੈ। ਤ੍ਰਿਕੁਟੀ ਟੁੱਟ ਕੇ ਦਸਵਾਂ ਦਰਵਾਜ਼ਾ ਜਿਹੜਾ ਅੰਦਰ ਨੂੰ ਹੀ ਖੁਲ੍ਹਦਾ ਹੈ, ਉਹ ਖੁਲ੍ਹ ਜਾਂਦਾ ਹੈ। ਕਰਦੇ–ਕਰਦੇ ਕਿੱਡੀ ਉੱਚੀ ਅਵਸਥਾ –

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥* ਅੰਗ – ੯੪੧

ਫੇਰ ਗਿਣਤੀਆਂ–ਮਿਣਤੀਆਂ ਹੀ ਨਹੀਂ ਰਹਿੰਦੀਆਂ। ਫੇਰ ਸਾਰੀ ਕਾਇਨਾਤ, ਸਾਰੀ ਕੁਦਰਤ–

*ਕੁਦਰਤਿ ਦਿਸੈ ਕੁਦਰਤਿ ਸੁਣੀਐ*
*ਕੁਦਰਤਿ ਭਉ ਸੁਖ ਸਾਰੁ ॥* ਅੰਗ – ੪੬੪

ਉਹਦੇ ਵਿਚ ਉਹ ਨਜ਼ਰ ਆ ਜਾਂਦਾ ਹੈ।

ਸਾਰਿਆਂ ਦੇ ਵਿਚ ਰਮਿਆ ਹੋਇਆ। ਫਿਰ ਵਿਸਮਾਦ ਵਿਚ ਚਲੇ ਜਾਈਦਾ ਹੈ, ਅਨੰਦ ਵਿਚ ਚਲੇ ਜਾਈਦਾ ਹੈ। ਕਿੰਨੀ ਖੁਸ਼ੀ ਮਿਲਦੀ ਹੈ ਫੇਰ। ਇਹ ਹੈ ਸਤਿਸੰਗ ਦੀ ਨਿਸ਼ਾਨੀ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩*

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਨਾਮ ਨਾਲ ਜੁੜਿਆ ਜਾਵੇ। ਫੇਰ ਕਿੱਡੀਆਂ ਅਵਸਥਾਵਾਂ ਹਨ। ਹੁਣ ਜਿਹਦਾ ਧਿਆਨ ਧਰੋ, ਉਹਦੇ ਗੁਣ ਵੀ ਆਉਣਗੇ। ਅਖੀਰ 'ਤੇ ਜਿਹੜਾ ਹੈ ਅਹੰਭਾਵ ਉਹ ਹੀ ਖਤਮ ਹੋ ਗਿਆ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*
*ਭਾਈ ਗੁਰਦਾਸ ਜੀ*

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ- ੧੩੭੫*

ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਹੋ ਜਾਂਦਾ ਹੈ। ਅਵਸਥਾਵਾਂ ਹਨ। ਨਾਮ ਜਪਣ ਨਾਲ ਪਤਾ ਲਗਦਾ ਹੈ। ਕਰਮ, ਉਪਾਸ਼ਨਾ, ਗਿਆਨ, ਵਿਗਿਆਨ। ਸੋ ਇਸ ਤਰ੍ਹਾਂ ਦੇ ਨਾਲ ਇਕ ਐਸਾ ਧਿਆਨ ਹੈ ਜਿਹਦੇ 'ਚ 'ਮੈਂ' ਫੇਰ 'ਤੂੰ' 'ਚ ਬਦਲ ਜਾਂਦੀ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਸੋ ਜ਼ਰੂਰ ਕਰਿਆ ਕਰੋ। ਅਹੰਗ੍ਰਹਿ ਧਿਆਨ ਤਾਂ ਇਕ ਬ੍ਰਹਮ ਗਿਆਨ ਹੀ ਬਣ ਗਿਆ, ਜਿਹਦੇ ਵਿਚ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

*(ਪੰਨਾ 9 ਦੀ ਬਾਕੀ)*

*ਚਤੁਰਾਈ ਨ ਚਤੁਰਭੁਜੁ ਪਾਈਐ॥ ਅੰਗ- ੩੨੪*

ਕੀ ਉਹ ਤਪ ਆਦਿਕ ਕਸ਼ਟ ਯੋਗ ਸਾਧਨ ਕਰਕੇ ਭਾਵ ਸਰੀਰ ਨੂੰ ਦੁਖ ਦੇਣ ਨਾਲ ਮਿਲ ਸਕਦਾ ਹੈ? -

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥*
*ਅੰਗ- ੧੩੮੪*

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥*
*ਅੰਗ- ੧੩੮੪*

ਜੇ ਖੰਭ ਆਦਿਕ ਲਾ ਕੇ ਵੀ ਸੱਜਣ ਮਿਲ ਜਾਵੇ ਤਾਂ ਵੀ ਉਹ ਸਾਧਨ ਕਰਾਂ -

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*
*ਅੰਗ- ੧੪੨੬*

ਬਸ ਇਕੋ ਲਗਨ ਹੈ ਕਿ ਮਿਲਾਪ ਹੋ ਜਾਵੇ। ਵਿਛੋੜਾ ਖਤਮ ਹੋ ਜਾਵੇ। ਮਹਾਰਾਜ ਫੁਰਮਾਨ ਕਰਦੇ ਹਨ -

*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥*

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ- ੧੩੬੫*

ਗੁਰੂ ਦੀ ਸੰਗਤ ਵਿਚੋਂ ਹੀ ਉਸ ਦੀ ਪ੍ਰਾਪਤੀ ਸੰਭਵ ਹੈ। ਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦਾ ਮਿਲਾਪ ਹੋਵੇਗਾ ਫਿਰ ਉਸ ਦੇ ਜੀਵਨ ਵਿਚ ਹਰਿਆਵਲ ਆ ਜਾਵੇਗੀ -

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩੧੦*

*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥*

ਫਿਰ ਜੇਠ ਦਾ ਮਹੀਨਾ ਰੰਗਾਵਲਾ ਭਾਵ ਤਰ ਹੋ ਜਾਵੇਗਾ। ਇਸ ਜੀਵ ਦੀ ਮਨ ਦੀ ਅਵਸਥਾ ਵਿਚ ਖੇੜਾ ਆ ਜਾਵੇਗਾ। ਜਿਸ ਦੇ ਭਾਗਾਂ ਦੇ ਲੇਖ ਮਹਾਨ ਹੋਣਗੇ, ਉਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇਗੀ। ਸਦਾ ਦਾ ਖੁਸ਼ੀਆਂ-ਖੇੜਿਆਂ ਭਰਿਆ ਰੰਗੀਲਾ ਜੀਵਨ ਪ੍ਰਾਪਤ ਹੋ ਜਾਵੇਗਾ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਲੋਕ ਮਃ ੩ ॥
ਪੰਡਿਤੁ ਪੜਿ ਪੜਿ ਉਚਾ ਕੂਕਦਾ
ਮਾਇਆ ਮੋਹਿ ਪਿਆਰੁ ॥

ਹਜ਼ੂਰ ਪਾਤਸ਼ਾਹ ਬੇਣੀ ਪੰਡਤ ਦੇ ਪਰਥਾਇ ਉਪਦੇਸ਼ ਬਖਸ਼ਦੇ ਹਨ ਕਿ ਹੇ ਭਾਈ! ਜੋ ਪੰਡਿਤ ਵਿਦਿਆ ਦੇ ਬਲ ਨਾਲ ਵਿਦਵਾਨ ਬਣ ਕੇ ਵੇਦਾਂ ਸ਼ਾਸਤਰਾਂ ਦੇ ਸਿਧਾਂਤ ਨੂੰ ਪੜ੍ਹ-ਪੜ੍ਹ ਕੇ ਉੱਚੀ ਕੂਕਦਾ=ਆਵਾਜ਼ਾਂ ਦੇ ਕੇ ਸੁਣਾਉਂਦਾ ਹੈ। ਪਰ ਉਸ ਦਾ ਕੇਵਲ ਮਾਇਆ ਦੇ ਮੋਹ ਵਿਚ ਹੀ ਪਿਆਰ ਹੈ।

ਅੰਤਰਿ ਬ੍ਰਹਮੁ ਨ ਚੀਨਈ
ਮਨਿ ਮੂਰਖੁ ਗਾਵਾਰੁ ॥

ਉਸ ਨੇ ਅੰਤਰਿ=ਹਿਰਦੇ ਵਿਚ ਸਾਖੀ ਰੂਪ ਬ੍ਰਹਮੁ=ਪਰਮੇਸ਼ਰ ਨੂੰ ਚੀਨਈ=ਜਾਣਿਆ ਨਹੀਂ ਹੈ। ਉਹ ਮਨ ਦਾ ਮੂਰਖ ਤੇ ਬਾਣੀ ਕਰਕੇ ਗਾਵਾਰੁ=ਬੇਸਮਝ ਹੈ ਵਾ: ਗਵਾਲਿਆਂ ਦੀ ਨਿਆਈਂ ਇੰਦਰੀਆਂ ਰੂਪ ਗਾਵਾਂ ਨੂੰ ਵਿਸ਼ੇ ਰੂਪੀ ਘਾਹ ਚੁਗਾਉਣ ਵਿਚ ਲੱਗਿਆ ਹੋਇਆ ਹੈ।

ਦੂਜੈ ਭਾਇ ਜਗਤੁ ਪਰਬੋਧਦਾ
ਨਾ ਬੂਝੈ ਬੀਚਾਰੁ ॥

ਉਹ ਦੂਜੈ=ਦ੍ਵੈਤ ਭਾਵ ਵਿਚ ਮਾਇਆ ਦੇ ਪ੍ਰੇਮ ਵਿਚ ਜਗਤੁ=ਸੰਸਾਰ ਨੂੰ ਪਰ=ਵਿਸ਼ੇਸ਼ ਕਰਕੇ ਬੋਧਦਾ=ਸਮਝਾਉਂਦਾ ਹੈ। ਜੋ ਲੋਕਾਂ ਨੂੰ ਕਥਨ ਕਰਦਾ ਸੀ, ਉਸ ਵਿਚਾਰ ਨੂੰ ਆਪ ਧਾਰਨ ਕਰਕੇ ਬੂਝੈ=ਸਮਝਦਾ ਨਹੀਂ ਹੈ।

ਬਿਰਥਾ ਜਨਮੁ ਗਵਾਇਆ
ਮਰਿ ਜੰਮੈ ਵਾਰੋ ਵਾਰ ॥੧॥

ਉਸ ਨੇ ਆਪਣਾ ਮਨੁੱਖਾ ਜਨਮ ਬਿਰਥਾ=ਵਿਅਰਥ ਹੀ ਗਵਾਇਆ=ਗਵਾ ਲਿਆ ਹੈ। ਇਸ ਕਰਕੇ ਉਹ ਵਾਰੋ ਵਾਰ=ਮੁੜ-ਮੁੜ ਕੇ ਜੰਮੈ= ਜੰਮਣ-ਮਰਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ।

ਮਃ ੩ ॥
ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ
ਬੂਝਹੁ ਕਰਿ ਬੀਚਾਰੁ ॥

ਜਿਨ੍ਹਾਂ ਨੇ ਸਤਿਗੁਰਾਂ ਦਾ ਸੇਵਿਆ=ਪੂਜਨ ਕੀਤਾ ਹੈ, ਤਿਨੀ=ਉਨ੍ਹਾਂ ਨੇ ਸਤਿਗੁਰੂ ਪਾਸੋਂ ਅੰਮ੍ਰਿਤ ਨਾਮ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਜੇਕਰ ਮਨ ਵਿਚ ਸੰਸਾ ਹੈ ਤਾਂ ਸਤਿਪੁਰਸ਼ਾਂ, ਸੰਤਾਂ, ਭਗਤਾਂ ਤੋਂ ਬੂਝਹੁ=ਪੁੱਛ ਕੇ ਵਿਚਾਰ ਕੇ ਵੇਖ ਲਉ ਕਿ ਸਤਿਗੁਰੂ ਦੀ ਸੇਵਾ ਨਾਲ ਹੀ ਪਰਮੇਸ਼ਰ ਦੇ ਸੱਚੇ ਨਾਮ ਦੀ ਪ੍ਰਾਪਤੀ ਹੁੰਦੀ ਹੈ।

ਸਦਾ ਸਾਂਤਿ ਸੁਖੁ ਮਨਿ ਵਸੈ
ਚੂਕੈ ਕੂਕ ਪੁਕਾਰ ॥

ਉਨ੍ਹਾਂ ਦਾ ਹਿਰਦਾ ਸਦਾ ਸ਼ਾਂਤੀ ਧਾਰਨ ਕਰ ਲੈਂਦਾ ਹੈ ਭਾਵ ਉਨ੍ਹਾਂ ਦੀਆਂ ਮਨ ਦੀਆਂ ਵਾਸ਼ਨਾਵਾਂ ਸ਼ਾਂਤਿ ਭਾਵ ਮਿਟ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮਨ ਵਿਚ ਆਤਮਕ ਅਨੰਦ ਰੂਪੀ ਸੁੱਖ ਵਸੈ=ਵਸ ਜਾਂਦਾ ਹੈ। ਉਨ੍ਹਾਂ ਦਾ ਉੱਚੀ-ਉੱਚੀ ਕੂਕ=ਕੂਕਣਾ ਪੁਕਾਰ=ਬੇਨਤੀਆ ਕਰਨੀਆਂ, ਭਾਵ ਉਨ੍ਹਾਂ ਦਾ ਰੋਣਾ ਕੁਰਲਾਉਣਾ ਚੂਕੈ=ਚੁੱਕਿਆ ਜਾਂਦਾ ਹੈ।

ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ
ਗੁਰ ਸਬਦੀ ਵੀਚਾਰੁ ॥

ਜਿਨ੍ਹਾਂ ਨੇ ਆਪੈ=ਆਪਾ ਭਾਵ ਦੇਹ ਅਧਿਆਸ ਨੋ=ਨੂੰ ਆਪੁ=ਆਪਣੇ ਸਰੂਪ ਦੀ ਵੀਚਾਰ, ਗਿਆਨ ਦੁਆਰਾ ਖਾਇ=ਖਾ ਭਾਵ ਮੇਟ ਲਿਆ ਹੈ ਉਨ੍ਹਾਂ ਦਾ ਮਨੁ=ਹਿਰਦਾ ਨਿਰਮਲੁ=ਸ਼ੁੱਧ ਹੋਵੈ=ਹੋ ਜਾਂਦਾ ਹੈ ਅਤੇ ਉਹ ਗੁਰਾਂ ਦੇ ਸਬਦੀ=ਉਪਦੇਸ਼ ਦੀ ਵੀਚਾਰ ਕਰਦੇ ਹਨ ਅਥਵਾ ਜੇ ਜੀਵ ਆਪਣੇ ਤ੍ਵੰ ਪਦ ਦੇ ਲੱਖਯ ਅਰਥ ਦੁਆਰਾ ਤੱਤ ਪਦ ਦੇ ਲੱਖਯ ਅਰਥ ਨੂੰ ਹਿਰਦੇ ਵਿਚ ਖਾਇ=ਖਾਵੇ ਭਾਵ ਧਾਰਨ ਕਰੇ ਤਾਂ ਮਨ ਨਿਰਮਲ=ਸ਼ੁੱਧ ਹੁੰਦਾ ਹੈ, ਇਸ ਤਰ੍ਹਾਂ ਗੁਰੂ ਸ਼ਬਦ ਦੀ ਵੀਚਾਰ ਕਰੇ।

ਨਾਨਕ ਸਬਦਿ ਰਤੇ ਸੇ ਮੁਕਤੁ ਹੈ
ਹਰਿ ਜੀਉ ਹੇਤਿ ਪਿਆਰੁ ॥੨॥

ਸਤਿਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਜਿਹੜੇ ਸ਼ਬਦ ਵਿਚ ਰਤੇ=ਤਦਾਕਾਰ ਹੋਏ ਹਨ, ਸੇ=ਉਹ ਜੀਵ ਮੁਕਤ=ਸੁਤੰਤਰ ਹੋਏ ਹਨ। ਐਸੇ ਜੀਵਾਂ ਦਾ ਹਰਿ=ਪਰਮੇਸ਼ਰ ਜੀ ਦੇ ਨਾਲ ਮਨ ਕਰਕੇ ਹੇਤਿ=ਸਨੇਹ ਤੇ ਸਰੀਰ ਕਰਕੇ ਪਿਆਰ ਹੈ।

ਪਉੜੀ ॥
ਹਰਿ ਕੀ ਸੇਵਾ ਸਫਲ ਹੈ
ਗੁਰਮੁਖਿ ਪਾਵੈ ਥਾਇ ॥

ਹੇ ਭਾਈ! ਹਰਿ=ਪਰਮੇਸ਼ਰ ਕੀ=ਦੀ ਭਗਤੀ ਰੂਪੀ ਸੇਵਾ ਸਫਲ=ਸਹਿਤ ਗਿਆਨ ਫਲ ਦੇ ਹੈ, ਪਰੰਤੂ ਇਹ ਗੁਰਮੁਖਿ=ਮੁਖੀ ਗੁਰਾਂ ਦੁਆਰਾ ਕੀਤੀ ਹੋਈ ਹੀ ਥਾਇ=ਥਾਂ ਪਾਵੈ=ਪੈਂਦੀ ਹੈ ਵਾ: ਗੁਰਮੁਖ ਜਨ ਭਗਤੀ ਰੂਪੀ ਸੇਵਾ ਨੂੰ ਕਰਕੇ ਸਰੂਪ ਰੂਪੀ ਥਾਂ ਨੂੰ ਪ੍ਰਾਪਤ ਕਰ ਲੈਂਦੇ ਹਨ।

ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ
ਸੋ ਹਰਿ ਨਾਮੁ ਧਿਆਇ ॥

ਜਿਸੁ=ਜਿਨ੍ਹਾਂ ਦੇ ਹਿਰਦੇ ਵਿਚ ਹਰਿ=ਹਰੀ ਪਰਮੇਸ਼ਰ ਦੀ ਭਾਵੈ=ਭਾਵਨਾ ਹੈ ਅਥਵਾ ਹਰਿ=ਹਰੀ ਪਰਮੇਸ਼ਰ ਨੂੰ ਜਿਨ੍ਹਾਂ ਦੇ ਕੀਤੇ ਹੋਏ ਨਿਸ਼ਕਾਮ ਕਰਮ ਭਾ ਜਾਂਦੇ ਹਨ, ਤਿਸ=ਉਸ ਨੂੰ ਸਤਿਗੁਰੂ ਦੇ ਦਰਸ਼ਨਾਂ ਦਾ ਮਿਲੈ=ਮਿਲਾਪ ਹੋ ਜਾਂਦਾ ਹੈ। ਫਿਰ ਉਹ ਹਰਿ=ਵਾਹਿਗੁਰੂ ਦੇ ਪਵਿੱਤਰ ਨਾਮ ਨੂੰ ਧਿਆਇ=ਧਿਆਉਂਦੇ ਹਨ।

ਗੁਰ ਸਬਦੀ ਹਰਿ ਪਾਈਐ
ਹਰਿ ਪਾਰਿ ਲਘਾਇ ॥

ਉਹ ਗੁਰੂ ਦੇ ਉਪਦੇਸ਼ ਰੂਪੀ ਸ਼ਬਦ ਦੁਆਰਾ ਹਰਿ=ਅਕਾਲ ਪੁਰਖ ਨੂੰ ਪਾਈਐ=ਪਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਹਰਿ=ਵਾਹਿਗੁਰੂ ਨਾਮ ਰੂਪ ਜਹਾਜ਼ ਤੇ ਚੜ੍ਹਾ ਕੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲਘਾਇ=ਲੰਘਾ ਦਿੰਦਾ ਹੈ।

ਮਨਹਠਿ ਕਿਨੈ ਨ ਪਾਇਓ
ਪੁਛਹੁ ਵੇਦਾ ਜਾਇ ॥

ਮਨਹਠਿ=ਮਨ ਦੀ ਜਿਦ ਕਰਕੇ ਉਸ ਪਰਮੇਸ਼ਰ ਨੂੰ ਕਿਨੈ=ਕਿਸੇ ਨੇ ਵੀ ਨਹੀਂ ਪਾਇਓ=ਪਾਉਣਾ ਕੀਤਾ। ਭਾਵੇਂ ਵੇਦਾਂ, ਸ਼ਾਸਤਰਾਂ, ਸਰੁਤੀਆਂ, ਸਿੰਮ੍ਰਿਤੀਆਂ ਆਦਿ ਪੜ੍ਹਨ ਵਾਲਿਆਂ ਨੂੰ ਜਾਇ=ਜਾ ਕੇ ਪੁਛਹੁ=ਪੁੱਛ ਕੇ ਵੇਖ ਲਵੋ।

ਨਾਨਕ ਹਰਿ ਕੀ ਸੇਵਾ ਸੋ ਕਰੇ
ਜਿਸੁ ਲਏ ਹਰਿ ਲਾਇ ॥ ੧੦ ॥

ਸਤਿਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਹਰਿ=ਹਰੀ ਵਾਹਿਗੁਰੂ ਦੀ ਸੇਵਾ=ਟਹਿਲ ਸੋ=ਉਹ ਹੀ ਕਰ ਸਕਦੇ ਹਨ ਜਿਸ ਨੂੰ ਹਰਿ=ਪਰਮਾਤਮਾ ਆਪ ਹੀ ਆਪਣੀ ਸੇਵਾ ਵਿਚ ਲਾਇ=ਲਾ ਲਏ=ਲਵੇ।

ਸਲੋਕ ਮਃ ੩ ॥

ਨਾਨਕ ਸੋ ਸੂਰਾ ਵਰੀਆਮੁ
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥

ਜਿਹੜਾ ਆਪਣੇ ਸਰੀਰ ਨੂੰ ਨਾਜਾਇਜ਼ ਵਿਸ਼ੇ-ਵਿਕਾਰਾਂ ਤੋਂ ਰੋਕ ਕੇ ਭਾਵ ਬਚਾ ਕੇ ਸਰੀਰ ਦੁਆਰਾ ਬੱਜਰ ਕੁਰਹਿਤ ਨਾ ਹੋਣ ਦੇਵੇ, ਅੰਤਰੀਵ ਭਾਵ ਵਿਚ ਉਸ ਨੂੰ ਯੋਧਾ ਭਾਵ ਰਥੀ ਕਹਿੰਦੇ ਹਨ। ਜੋ ਦੇਹ ਦੇ ਦਸਾਂ ਇੰਦਰਿਆਂ ਦੇ ਵਿਸ਼ਿਆਂ ਨੂੰ ਰੋਕ ਕੇ ਰੱਖਦਾ ਹੈ, ਉਸ ਦੀ ਪਦਵੀ ਮਹਾਂਬਲੀ ਭਾਵ ਮਹਾਂਰਥੀ ਦੀ ਹੈ ਅਤੇ ਜੋ ਮਨ ਦੇ ਲੱਖਾਂ ਸੰਕਲਪਾਂ 'ਤੇ ਫਤਹਿ ਪਾ ਲਵੇ ਭਾਵ ਜਿੱਤ ਪ੍ਰਾਪਤ ਕਰ ਲਵੇ, ਉਹ ਸੂਰਮਾ ਹੈ ਭਾਵ ਅਤਰਥੀ ਦੀ ਨਿਆਈਂ ਹੈ।

ਗੁਰਮੁਖਿ ਨਾਮੁ ਸਾਲਾਹਿ
ਜਨਮੁ ਸਵਾਰਿਆ ॥

ਜੋ ਗੁਰਮੁਖ ਜਨ ਪਰਮੇਸ਼ਰ ਦੇ ਨਾਮ ਦੀ ਸਾਲਾਹਿ=ਸਿਫ਼ਤ ਕਰਦੇ ਹਨ, ਉਨ੍ਹਾਂ ਨੇ ਆਪਣੇ ਮਨੁੱਖਾ ਜਨਮ ਨੂੰ ਸਵਾਰਿਆ=ਸਫਲਾ ਕਰ ਲਿਆ ਹੈ।

ਆਪਿ ਹੋਆ ਸਦਾ ਮੁਕਤੁ
ਸਭੁ ਕੁਲੁ ਨਿਸਤਾਰਿਆ ॥

ਉਹ ਆਪ ਸਦਾ=ਹਮੇਸ਼ਾ ਵਾਸਤੇ ਮੁਕਤ ਹੋ ਗਏ ਹਨ। ਉਨ੍ਹਾਂ ਨੇ ਆਪਣੀਆਂ ਸਭੁ=ਸਾਰੀਆਂ ਕੁਲਾਂ ਨੂੰ ਸੰਸਾਰ ਸਮੁੰਦਰ ਤੋਂ ਨਿਸਤਾਰਿਆ=ਤਾਰ ਲਿਆ ਹੈ।

ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥

ਉਹ ਤੱਤ ਬੇਤੇ ਅਕਾਲ ਪੁਰਖ ਦੇ ਸਚਿ ਦੁਆਰਿ=ਸੱਚੇ ਦਰਬਾਰ ਵਿਚ ਸੋਹਨਿ=ਸ਼ੋਭਾ ਪਾਉਂਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਰੂਪੀ ਅੰਮ੍ਰਿਤ ਪਿਆਰਿਆ=ਪਿਲਾਉਣਾ ਕੀਤਾ ਹੈ ਵਾ: ਜਿਨ੍ਹਾਂ ਨੂੰ ਨਾਮ ਪਿਆਰਾ ਲਗਦਾ ਹੈ।

ਮਨਮੁਖ ਮਰਹਿ ਅਹੰਕਾਰਿ
ਮਰਣੁ ਵਿਗਾੜਿਆ ॥

ਮਨਮੁਖ ਲੋਕ ਹੰਕਾਰ ਵਿਚ ਹੀ ਮਰਹਿ=ਮਰ ਜਾਂਦੇ ਹਨ, ਉਨ੍ਹਾਂ ਨੇ ਆਪਣੇ ਮਰਣ ਨੂੰ ਵਿਗਾੜ ਲਿਆ ਹੈ। ਭਾਵ ਆਪਣਾ ਮਨੁੱਖਾ ਜਨਮ ਸਫਲਾ ਨਹੀਂ ਕੀਤਾ ਅਰਥਾਤ ਜੋ ਮਰ ਕੇ ਪਰਮੇਸ਼ਰ ਨੂੰ ਪ੍ਰਾਪਤ ਹੋਣਾ ਹੈ। ਇਹ ਮੌਤ ਦਾ ਸੰਵਾਰਨਾ ਹੈ ਅਤੇ ਜੋ ਮਰ ਕੇ ਜੂਨਾਂ ਆਦਿਕ ਵਿਚ ਭਟਕਣਾ ਹੈ, ਇਹ ਮਰਨ ਨੂੰ ਵਿਗਾੜਨਾ ਹੈ। ਅੱਗੇ ਗਿਆਨਵਾਨ ਪੁਰਸ਼ ਦੀ ਦ੍ਰਿਸ਼ਟੀ ਬਾਰੇ ਦਸਦੇ ਹਨ ਕਿ ਉਨ੍ਹਾਂ ਦਾ ਐਸਾ ਨਿਸਚਾ ਹੈ।

ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥

ਸਭੋ=ਸਾਰੇ ਸੰਸਾਰ ਉੱਤੇ ਪਰਮੇਸ਼ਰ ਦਾ ਹੁਕਮੁ ਹੀ ਵਰਤੈ=ਵਰਤ ਭਾਵ ਚੱਲ ਰਿਹਾ ਹੈ। ਵਿਚਾਰੇ ਤੁਛ ਜੀਵ ਕਿਆ=ਕੀ ਕਰਹਿ=ਕਰ ਸਕਦੇ ਹਨ।

ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥

ਉਨ੍ਹਾਂ ਨੇ ਆਪਹੁ=ਆਪ ਹੀ ਦੂਜੈ=ਦ੍ਵੈਤ ਭਾਵ, ਬੁਰੇ ਕਰਮਾਂ ਵਿਚ ਲੱਗ ਕੇ ਆਪਣੇ ਖਸਮੁ=ਵਾਹਿਗੁਰੂ ਨੂੰ ਵਿਸਾਰਿਆ=ਭੁਲਾ ਦਿੱਤਾ ਹੈ।

ਨਾਨਕ ਬਿਨੁ ਨਾਵੈ ਸਭੁ ਦੁਖੁ
ਸੁਖੁ ਵਿਸਾਰਿਆ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੀਵਾਂ ਨੂੰ ਸਾਰੇ ਦੁੱਖ ਲੱਗੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੇ ਪਰਮੇਸ਼ਰ ਦੇ ਆਤਮਕ ਅਨੰਦ ਦੇਣ ਵਾਲੇ ਸੁਖਦਾਇਕ ਨਾਮ ਨੂੰ ਵਿਸਾਰਿਆ=ਭੁਲਾ ਛੱਡਿਆ ਹੈ।

ਮਃ ੩ ॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ
ਤਿਨਿ ਵਿਚਹੁ ਭਰਮੁ ਚੁਕਾਇਆ ॥

ਜਿਨ੍ਹਾਂ ਨੂੰ ਪੂਰੈ=ਪੂਰਨ ਗੁਰਾਂ ਨੇ ਹਰਿ=ਪਰਮੇਸ਼ਰ ਦਾ ਨਾਮ ਦਿੜਾਇਆ=ਦ੍ਰਿੜ੍ਹ ਕਰਵਾਇਆ ਹੈ, ਤਿਨਿ=ਉਨ੍ਹਾਂ ਦੇ ਹਿਰਦੇ ਵਿਚੋਂ ਗੁਰਾਂ ਨੇ ਪੰਜ ਪ੍ਰਕਾਰ ਦਾ ਭਰਮ ਚੁਕਾਇਆ=ਚੁੱਕ ਦਿਤਾ ਹੈ।

ਰਾਮ ਨਾਮੁ ਹਰਿ ਕੀਰਤਿ ਗਾਈ
ਕਰਿ ਚਾਨਣੁ ਮਗੁ ਦਿਖਾਇਆ ॥

ਜਿਨ੍ਹਾਂ ਨੇ ਰਸਨਾ ਕਰਕੇ ਰਾਮ=ਪਰਮੇਸ਼ਰ ਦੇ ਨਾਮ ਦੀ ਕੀਰਤਿ=ਜਸ, ਵਡਿਆਈ ਗਾਈ=ਗਾਉਣਾ ਕੀਤੀ ਹੈ। ਉਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦਾ ਚਾਨਣੁ=ਪ੍ਰਕਾਸ਼ ਕਰਕੇ ਭਗਤੀ ਸਹਿਤ ਗਿਆਨ ਅਤੇ ਪ੍ਰਮਾਰਥ ਦਾ ਮਗੁ=ਰਸਤਾ ਪ੍ਰਗਟ ਕਰਕੇ ਦਿਖਾਇਆ=ਵਿਖਾ ਦਿਤਾ ਹੈ।

ਹਉਮੈ ਮਾਰਿ ਏਕ ਲਿਵ ਲਾਗੀ
ਅੰਤਰਿ ਨਾਮੁ ਵਸਾਇਆ ॥

ਜਿਨ੍ਹਾਂ ਨੇ ਆਪਣੇ ਹਿਰਦੇ ਵਿਚੋਂ ਹਉਮੈ=ਹੰਗਤਾ ਮਮਤਾ ਨੂੰ ਮਾਰ ਲਿਆ ਹੈ, ਉਨ੍ਹਾਂ ਦੀ ਬ੍ਰਹਮ ਵਿਚ ਇਕ ਰਸ ਲਿਵ=ਬਿਰਤੀ ਲੱਗ ਗਈ ਹੈ। ਗੁਰਾਂ ਨੇ ਉਨ੍ਹਾਂ ਦੇ ਅੰਤਰਿ=ਅੰਦਰ ਸੱਚਾ ਨਾਮ ਵਸਾਇਆ=ਵਸਾ ਦਿਤਾ ਹੈ।

ਗੁਰਮਤੀ ਜਮੁ ਜੋਹਿ ਨ ਸਾਕੈ
ਸਾਚੈ ਨਾਮਿ ਸਮਾਇਆ ॥

ਉਨ੍ਹਾਂ ਗੁਰਮਤੀਆਂ ਵੱਲ ਜਮ ਦੁਖ ਦੇਣਾ ਤਾਂ ਦੂਰ ਦੀ ਗੱਲ ਉਹ ਜੋਹਿ=ਵੇਖ ਵੀ ਨ=ਨਹੀਂ ਸਕੈ=ਸਕਦਾ, ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਦੁਆਰਾ ਸਾਚੈ=ਸੱਚਾ ਨਾਮ ਸਮਾਇਆ ਹੋਇਆ ਹੈ।

ਸਭੁ ਆਪੇ ਆਪਿ ਵਰਤੈ ਕਰਤਾ
ਜੋ ਭਾਵੈ ਸੋ ਨਾਇ ਲਾਇਆ ॥

ਸਭੁ=ਸਾਰਿਆਂ ਵਿਚ ਆਪੇ ਆਪਿ=ਆਪਣਾ ਆਪ ਰੂਪ ਹੋ ਕੇ ਉਹ ਕਰਤਾ=ਪਰਮੇਸ਼ਰ ਹੀ ਵਰਤੈ=ਵਰਤ ਰਿਹਾ ਹੈ, ਜੋ=ਜਿਹੜੇ ਅਕਾਲ ਪੁਰਖ ਨੂੰ ਭਾ ਜਾਂਦੇ ਹਨ, ਸੋ ਉਨ੍ਹਾਂ ਨੂੰ ਪਰਮੇਸ਼ਰ ਆਪਣੇ ਨਾਇ=ਨਾਮ ਵਿਚ ਆਪ ਹੀ ਲਾਇਆ=ਲਾ ਲੈਂਦਾ ਹੈ।

ਜਨ ਨਾਨਕੁ ਨਾਮੁ ਲਏ ਤਾ ਜੀਵੈ
ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਗੁਰਮੁਖ ਜਨ ਪਰਮੇਸ਼ਰ ਦਾ ਨਾਮ ਲਏ=ਲੈਂਦੇ ਭਾਵ ਜਪਦੇ ਹਨ ਤਾਂ ਹੀ ਉਨ੍ਹਾਂ ਦਾ ਜੀਵੈ=ਜਿਉਣਾ ਹੁੰਦਾ ਹੈ, ਨਾਵੈ=ਨਾਮ ਤੋਂ ਬਿਨੁ=ਬਗੈਰ ਤਾ ਇਕ ਖਿਨੁ=ਛਿਨ ਵਿਚ ਹੀ ਮਰ ਜਾਇਆ=ਜਾਣਾ ਹੁੰਦਾ ਹੈ।

ਪਉੜੀ ॥
ਜੋ ਮਿਲਿਆ ਹਰਿ ਦੀਬਾਣ ਸਿਉ
ਸੋ ਸਭਨੀ ਦੀਬਾਣੀ ਮਿਲਿਆ ॥

ਜਪ ਹਰਿ=ਹਰੀ ਪਰਮੇਸ਼ਰ ਦੇ ਆਸਰੇ ਦੀਬਾਣ=ਦਰਬਾਰ ਭਾਵ ਸਤਿਸੰਗਤ ਦੇ ਸਿਉ=ਨਾਲ ਮਿਲਿਆ ਹੈ, ਸੋ=ਉਹ ਸਭਨੀ=ਸਾਰੀਆਂ ਹੀ ਦੀਬਾਣੀ=ਸਭਾਵਾਂ ਵਿਚ ਮਿਲਿਆ ਨਿਸਚੈ ਕਰੋ।

ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ
ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥

ਇਉਂ ਉਹ ਗੁਰਮੁਖੁ ਜਨ ਜਿਥੇ ਕਿਤੇ ਵੀ ਚਲੇ ਜਾਣ ਤਿਥੈ=ਉਥੇ ਹੀ ਉਹ ਸੁਰਖਰੂ=ਸਾਰੇ ਬੰਧਨਾਂ ਤੋਂ ਰਹਿਤ ਹੋ ਕੇ ਸਦਾ ਹੀ ਅਨੰਦ ਦੇ ਸਹਿਤ ਰਹਿੰਦੇ ਹਨ ਅਤੇ ਓਸ=ਉਨ੍ਹਾਂ ਕੈ=ਦੇ ਮੁਹਿ ਡਿਠੈ=ਦਰਸ਼ਨ ਕਰਨ ਨਾਲ ਸਾਰੇ ਪਾਪੀਆਂ ਦਾ ਵੀ ਉਧਾਰ ਹੋ ਜਾਂਦਾ ਹੈ ਭਾਵ ਉਹ ਪਾਪੀ ਵੀ ਸੰਸਾਰ ਸਮੁੰਦਰ ਤੋਂ ਤਰਿਆ=ਤਰ ਭਾਵ ਮੁਕਤ ਹੋ ਜਾਂਦੇ ਹਨ।

ਓਸੁ ਅੰਤਰਿ ਨਾਮੁ ਨਿਧਾਨੁ ਹੈ
ਨਾਮੋ ਪਰਵਰਿਆ ॥

ਓਸੁ=ਉਨ੍ਹਾਂ ਦੇ ਹਿਰਦੇ ਅੰਤਰਿ=ਅੰਦਰ ਪਰਮੇਸ਼ਰ ਦੇ ਨਾਮ ਦਾ ਨਿਧਾਨੁ=ਖਜ਼ਾਨਾ ਹੈ। ਉਨ੍ਹਾਂ ਨੇ ਆਪਣੇ ਹਿਰਦੇ ਨੂੰ ਨਾਮੋ=ਨਾਮ ਨਾਲ ਹੀ ਪਰਵਰਿਆ=ਘੇਰਿਆ

*(ਬਾਕੀ ਪੰਨਾ 55 'ਤੇ)*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-52)*

9. ਹੁਣ ਦੋਵੇਂ ਜੀਅ ਸੰਗਤ ਦੇ ਪਿਆਰ ਭਰੇ ਕਰੁਣਾਮਈ ਦ੍ਰਿਸ਼ ਨੂੰ ਯਾਦ ਕਰਕੇ ਚੁੱਪ ਬੈਠੇ ਹਨ ਕਿਉਂਕਿ ਬਾਰ-ਬਾਰ ਪ੍ਰੇਮ ਦੀਆਂ ਤਰੰਗਾਂ ਹਿਰਦੇ ਨੂੰ ਖਿੱਚ ਪਾਉਂਦੀਆਂ ਹਨ। ਕਾਫੀ ਦੇਰ ਕੋਈ ਗੱਲ ਨਹੀਂ ਕੀਤੀ ਤੇ ਬੀਜੀ ਨੇ ਚੁੱਪ ਤੋੜਦਿਆਂ ਬਚਨ ਕੀਤਾ ਕਿ ਹੁਣ ਸੰਤ ਮਹਾਰਾਜ ਜੀ ਵਾਸਤੇ ਕੁਝ ਪ੍ਰੇਮ ਭੇਟਾ ਖਰੀਦਣ ਲਈ ਕਿਸੇ ਸਟੇਸ਼ਨ ਤੇ ਰੁਕਣਾ ਪਵੇਗਾ। ਕਹਿੰਦੇ ਹਾਂ ਠੀਕ ਹੈ, ਅਗਲਾ ਸਟੇਸ਼ਨ ਕਰਾਚੀ ਹੈ, ਉਥੇ ਉਤਰ ਕੇ ਇਹ ਸਭ ਕੁਝ ਖਰੀਦ ਲਵਾਂਗੇ। ਸੋ ਉਥੋਂ ਆਪ ਜੀ ਨੇ ਬਾਜ਼ਾਰ ਜਾ ਕੇ ਸੋਹਣੇ ਵਸਤਰ ਤੇ ਪਲੰਘ ਤੇ ਵਿਛਾਉਣ ਵਾਲੀ ਸੁੰਦਰ ਚਾਦਰ ਵੀ ਖਰੀਦ ਲਈ। ਜਦੋਂ ਬੈਡਸ਼ੀਟ ਵੱਲ ਧਿਆਨ ਨਾਲ ਦੇਖਿਆ ਤਾਂ ਬੀਜੀ ਕਹਿਣ ਲੱਗੇ ਕਿ ਇਹ ਚਾਦਰ ਆਪਣੇ ਵਰਤਣ ਵਾਲੀ ਨਹੀਂ ਇਹ ਤਾਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ) ਦੇ ਪਲੰਘ 'ਤੇ ਵਿਛੀ ਹੋਈ ਸੋਹਣੀ ਲੱਗੇਗੀ। ਲੁਧਿਆਣਾ ਸਟੇਸ਼ਨ 'ਤੇ ਉਤਰ ਕੇ ਸਿੱਧੇ ਰਾੜਾ ਸਾਹਿਬ ਪਹੁੰਚ ਕੇ ਪਤਾ ਲੱਗਾ ਕਿ ਰਹਿਰਾਸ ਤੋਂ ਬਾਦ ਸੰਤ ਮਹਾਰਾਜ ਬਗੀਚੀ ਵਿਚ ਟਹਿਲ ਰਹੇ ਹਨ। ਸੇਵਾਦਾਰ ਨੇ ਨਾਮ ਦਸ ਕੇ ਬੇਨਤੀ ਕੀਤੀ ਕਿ ਧਮੋਟ ਵਾਲੇ ਦੋਵੇਂ ਪਤੀ-ਪਤਨੀ (ਬਾਬਾ ਜੀ ਤੇ ਬੀਜੀ) ਆਪ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਸੰਤ ਮਹਾਰਾਜ ਕਹਿੰਦੇ ਉਨ੍ਹਾਂ ਨੂੰ ਛੇਤੀ ਭੇਜ ਦਿਓ ਕਿਉਂਕਿ ਅਸੀਂ ਤਾਂ ਉਨ੍ਹਾਂ ਦੀ ਹੀ ਇੰਤਜ਼ਾਰ ਕਰ ਰਹੇ ਹਾਂ। ਦੋਵਾਂ ਨੇ ਸੰਤ ਮਹਾਰਾਜ ਜੀ ਨੂੰ ਨਮਸ਼ਕਾਰ ਕੀਤੀ ਤੇ ਯਥਾਸ਼ਕਤ ਭੇਟਾ ਰੱਖ ਕੇ ਮੱਥਾ ਟੇਕਿਆ ਅਤੇ ਆਪ ਜੀ ਨੇ ਸਿੰਧ ਦਾ ਸਾਰਾ ਬਿਰਤਾਂਤ ਪੁੱਛਿਆ ਕਿ ਕਿਸ ਤਰ੍ਹਾਂ ਨਾਲ ਰਹੇ? ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਨੇ ਸ਼ੁਰੂ ਨੌਕਰੀ ਦੀ ਤਲਾਸ਼ ਤੋਂ ਲੈ ਕੇ ਸਾਰਾ ਕੁਝ ਸੰਖੇਪ ਵਿਚ ਦੱਸਿਆ ਜਿਸ ਨੂੰ ਸੁਣ ਕੇ ਸੰਤ ਮਹਾਰਾਜ ਬਹੁਤ ਪ੍ਰਸੰਨ ਹੋਏ। ਜਾਣੀ-ਜਾਣ ਮਹਾਂਪੁਰਖ (ਸੰਤ ਮਹਾਰਾਜ ਜੀ) ਇਨ੍ਹਾਂ ਦੀ ਭਾਵਨੀ ਪੂਰਨ ਕਰਨ ਲਈ, ਸੇਵਾਦਾਰ ਨੂੰ ਚਾਦਰ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਭਾਈ! ਆਹ ਚਾਦਰ ਸਾਡੇ ਪਲੰਘ ਤੇ ਵਿਛਾ ਦਿਓ।

ਇਥੇ ਆਪ ਜੀ ਨੇ ਬੀਜੀ ਤੋਂ ਪਾਸੇ ਹੋ ਕੇ ਕੁਝ ਗੁਪਤ ਬਚਨ, ਸੰਤ ਮਹਾਰਾਜ ਜੀ ਨਾਲ ਸਾਂਝੇ ਕੀਤੇ। ਇਸ ਬਾਰੇ ਆਪ ਜੀ ਖੁਦ ਹੀ ਦਸਿਆ ਕਰਦੇ ਸਨ। ਬੇਨਤੀ ਕੀਤੀ, ਸੰਤ ਮਹਾਰਾਜ ਜੀ! ਇਹ ਗ੍ਰਹਿਸਤ ਮਾਰਗ ਬੜਾ ਕਠਿਨ ਹੈ ਇਸ ਵਿਚ ਬਹੁਤ ਸਮੱਸਿਆਵਾਂ ਹਨ, ਭਜਨ ਬੰਦਗੀ ਕਰਨੀ ਕਠਿਨ ਹੋ ਜਾਵੇਗੀ। ਸੰਤ ਮਹਾਰਾਜ ਕਹਿਣ ਲੱਗੇ ਦੱਸੋ, ਕੋਈ ਆਪਣਿਆਂ ਨੂੰ ਅੱਗ ਵਿਚ ਸੁੱਟਦਾ ਹੈ? ਕਹਿੰਦੇ, ਨਹੀਂ ਮਹਾਰਾਜ। ਸੰਤ ਮਹਾਰਾਜ ਕਹਿਣ ਲੱਗੇ ਕਿ ਇਹ ਤੁਹਾਡਾ ਹੀ ਪਿਛਲੇ ਇਕ ਜਨਮ ਦਾ ਫੁਰਨਾ ਹੈ, ਜਦੋਂ ਤੁਸੀਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਤਪ ਕਰਿਆ ਕਰਦੇ ਸੀ, ਜਿਥੇ ਬਰੋਟੀਵਾਲਾ ਨਗਰ ਹੈ। ਇਹ ਬੀਬੀ ਸੇਵਾ ਕਰਦੀ ਸੀ ਤੇ ਰੋਜ਼ ਤੁਹਾਡੇ ਲਈ ਪ੍ਰਸ਼ਾਦ ਲੈ ਕੇ ਆਇਆ ਕਰਦੀ ਸੀ। ਤੁਹਾਡੇ ਮਨ ਵਿਚ ਫੁਰਨਾ ਆਇਆ ਕਿ ਜੰਗਲ ਦੇ ਤਪ ਨਾਲੋਂ ਤਾਂ ਗ੍ਰਿਹਸਤ ਮਾਰਗ ਚੰਗਾ ਹੈ, ਸਮੇਂ ਸਿਰ ਭੋਜਨ ਛਕ ਕੇ ਭਜਨ ਬੰਦਗੀ ਕੀਤੀ ਜਾ ਸਕਦੀ ਹੈ। ਇਸ ਕਰਕੇ ਇਹ ਤੁਹਾਡਾ ਸੰਜੋਗ ਹੈ, ਤੁਹਾਨੂੰ ਇਸੇ ਜਨਮ ਵਿਚ ਨਿਭਾਉਣਾ ਪਵੇਗਾ। ਗੁਰਮਤਿ ਵਿਚ ਗ੍ਰਿਹਸਤ ਮਾਰਗ ਪ੍ਰਵਾਨ ਹੈ ਜਿਸ ਨਾਲ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਬੀਜੀ ਨੇ ਦੋਵੇਂ ਹੱਥ ਜੋੜ ਕੇ ਸੰਤ ਮਹਾਰਾਜ ਜੀ ਅੱਗੇ ਬੇਨਤੀ ਕੀਤੀ, ਬਾਬਾ ਜੀ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਮਹਾਰਾਜ ਜੀ! ਇਹ ਆਪ ਜੀ ਦੀ ਅਮਾਨਤ ਹਨ, ਇਨ੍ਹਾਂ ਦੀ ਭਗਤੀ ਵਿਚ ਕਦੀ ਵੀ ਵਿਘਨਕਾਰ ਨਹੀਂ ਬਣਾਂਗੀ। ਇਹ ਸੁਣ ਸੰਤ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ ਤੇ ਅਸ਼ੀਰਵਾਦ ਦਿਤਾ।

ਬਾਬਾ ਹਰਪਾਲ ਸਿੰਘ ਜੀ ਅਨੁਸਾਰ ਇਹ ਗੁੱਝਾ ਭੇਤ ਵੀ ਉਦਾਸੀ ਸੰਤ ਬਾਬਾ ਬਲਦੇਵ ਦਾਸ ਜੀ ਮੁਗਲ ਮਾਜਰੀ ਵਾਲਿਆਂ ਨੇ ਖੋਲ੍ਹਿਆ ਸੀ ਕਿਉਂਕਿ ਉਹ

ਅਕਸਰ ਮੋਹਾਲੀ ਕੋਠੀ ਵਿਖੇ ਮਹਾਂਪੁਰਸ਼ਾਂ ਨੂੰ ਮਿਲਣ ਆਇਆ ਕਰਦੇ ਸਨ। ਉਹ ਦਸਦੇ ਸਨ ਕਿ ਹਰੀਪੁਰ ਲੰਘ ਕੇ ਅੱਗੇ ਬਰੋਟੀਵਾਲਾ ਹੈ। ਕਹਿਣ ਲੱਗੇ, ਅੱਗੇ ਥੋੜ੍ਹੀ ਦੂਰੀ ਤੇ ਪਹਾੜੀ ਪਾਰ ਕਰਕੇ ਸਾਡਾ ਵੀ ਧੂਣਾ ਸੀ ਜਿਥੇ ਅਸੀਂ ਤਪ ਕਰਦੇ ਸੀ। ਕਹਿੰਦੇ, ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਵੀ ਪਿਛਲੇ ਜਨਮ ਵਿਚ ਤਪ ਕਰਦੇ ਸੀ, ਉਥੇ ਨੇੜੇ ਹੀ ਇਕ ਬੋਹੜ ਦਾ ਦਰਖਤ ਤੇ ਇਕ ਖੂਹ ਹੈ, ਅਜੇ ਵੀ ਨਗਰ ਦੇ ਪੁਰਾਣੇ ਬਜ਼ੁਰਗ ਇਸ ਬਾਰੇ ਗੱਲ ਕਰਦੇ ਹਨ। ਇਕ ਵਾਰੀ ਸੰਤ ਮਹਾਰਾਜ (ਵਰਿਆਮ ਸਿੰਘ ਜੀ) ਆਪ ਖੁਦ, ਸੰਗਤਾਂ ਨੂੰ ਉਹ ਜਗ੍ਹਾ ਦਿਖਾਉਣ ਵਾਸਤੇ ਲੈ ਕੇ ਗਏ ਸੀ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ- ੫੨੨*

ਇਹ ਬਚਨ ਸੁਣ ਆਪ ਜੀ ਨੇ ਸੀਸ ਝੁਕਾ ਕੇ ਪ੍ਰਵਾਨ ਕੀਤਾ ਅਤੇ ਸੰਤ ਮਹਾਰਾਜ ਕਹਿਣ ਲੱਗੇ ਕਿ ਹੁਣ ਅਰਾਮ ਦਾ ਸਮਾਂ ਹੈ, ਜੇ ਇਥੇ ਰਾਤ ਟਿਕਣਾ ਹੈ ਕਮਰਾ ਲੈ ਲਵੋ ਜੇ ਧਮੋਟ ਜਾਣਾ ਹੈ ਤਾਂ ਵੀ ਤੁਹਾਡੀ ਮਰਜ਼ੀ ਹੈ। ਬਾਬਾ ਜੀ ਕਹਿਣ ਲੱਗੇ ਮੈਂ ਇਨ੍ਹਾਂ ਨੂੰ (ਬੀਜੀ ਵੱਲ ਇਸ਼ਾਰਾ ਕਰਕੇ) ਧਮੋਟ ਛੱਡ ਕੇ ਕਲ੍ਹ ਹੀ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਜਾਵਾਂਗਾ। ਆਗਿਆ ਲੈ ਕੇ ਧਮੋਟ ਪਹੁੰਚ ਗਏ ਤੇ ਸਾਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਕਿਉਂਕਿ ਤਿੰਨ ਸਾਲ ਬਾਦ ਘਰ ਪਰਤੇ ਸਨ। ਸਾਰੇ ਪਰਿਵਾਰ ਨੇ ਖੁਸ਼ੀ-ਖੁਸ਼ੀ ਬੀਜੀ ਦਾ ਸਵਾਗਤ ਕੀਤਾ, ਸੁਖ-ਸਾਂਦ ਪੁੱਛੀ, ਬੀਜੀ ਨੇ ਮਾਤਾ ਇੰਦ ਕੌਰ ਜੀ-ਪਿਤਾ ਕਰਤਾਰ ਸਿੰਘ ਜੀ ਨੂੰ ਸਿੰਧ ਫੇਰੀ ਦਾ ਸਾਰਾ ਬਿਰਤਾਂਤ ਖੋਲ੍ਹ ਕੇ ਸੁਣਾਇਆ ਤੇ ਸੁਣ ਕੇ ਸਾਰੇ ਪ੍ਰਸੰਨ ਹੋ ਗਏ ਤੇ ਕਹਿਣ ਲੱਗੇ ਬੇਟੀ! ਤੇਰੀ ਘਾਲ ਥਾਇ ਪਈ ਹੈ, ਤੂੰ ਸਾਡੇ ਪੁੱਤਰ ਨੂੰ ਗੁਰਮਤਿ ਵਾਲੀ ਬੁੱਧੀ ਨਾਲ ਸਮਝਾ ਕੇ ਵਾਪਿਸ ਲੈ ਕੇ ਆਈ ਹੈਂ। ਬੀਜੀ ਤਾਂ ਘਰ ਦੇ ਕੰਮਾਂ-ਕਾਰ ਵਿਚ ਰੁਝ ਗਏ ਅਤੇ ਮਹਾਂਪੁਰਸ਼ ਆਪਣੇ ਕੀਤੇ ਵਾਅਦੇ ਅਨੁਸਾਰ ਦੂਜੇ ਦਿਨ ਰਾੜਾ ਸਾਹਿਬ ਜਾ ਕੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਏ।

ਉਨ੍ਹਾਂ ਦਿਨਾਂ ਵਿਚ ਸਰਦਾਰ ਮੋਹਨ ਸਿੰਘ (ਕੋਕਾ ਕੋਲਾ ਵਾਲੇ) ਜੋ ਗੁਰੂ ਘਰ ਦੇ ਅਨਿੰਨ ਸੇਵਕ ਸਨ, ਸੰਤ ਮਹਾਰਾਜ ਜੀ ਦੇ ਭਜਨ ਕਰਨ ਵਾਸਤੇ ਭੋਰਾ ਸਾਹਿਬ ਤਿਆਰ ਕਰਵਾ ਰਹੇ ਸਨ। ਭੋਰੇ ਦੀ ਕਾਰ ਸੇਵਾ ਵਿਚ ਆਪ (ਬਾਬਾ ਵਰਿਆਮ ਸਿੰਘ ਜੀ) ਵੀ ਸਿਰ ਤੇ ਇੱਟਾਂ ਢੋਹ ਕੇ ਹਿੱਸਾ ਲਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਜਦੋਂ ਆਪ ਜੀ (ਸੰਤ ਵਰਿਆਮ ਸਿੰਘ ਜੀ) ਦਾ ਸਰਦਾਰ ਮੋਹਨ ਸਿੰਘ ਨਾਲ ਪਰੀਚੈ ਕਰਵਾ ਕੇ ਇਨ੍ਹਾਂ ਦੀ ਨਿਸ਼ਟਾ, ਈਮਾਨਦਾਰੀ ਤੇ ਸੇਵਾ ਭਗਤੀ ਬਾਰੇ ਦਸਿਆ ਉਸ ਨੇ ਆਪ ਜੀ ਨੂੰ ਆਪਣੀ ਫਰਨਿਸ਼ਿੰਗ ਕੰਪਨੀ ਵਿਚ ਮੈਨੇਜਰ ਦੇ ਤੌਰ 'ਤੇ ਨਿਯੁਕਤ ਕਰ ਦਿਤਾ। ਇਤਨੇ ਨੂੰ ਸਮਾਂ ਪਾ ਕੇ ਭੋਰਾ ਤਿਆਰ ਹੋ ਗਿਆ ਤੇ ਸੰਤ ਮਹਾਰਾਜ ਬਹੁਤ ਪ੍ਰਸੰਨ ਹੋਏ। ਕਹਿਣ ਲੱਗੇ, ਭਾਈ ਮੋਹਨ ਸਿੰਘ! ਮੰਗੋ ਜੋ ਮੰਗਣਾ ਹੈ, ਸ੍ਰੀ ਗੁਰੂ ਨਾਨਕ ਸਾਹਿਬ ਤੋਂ ਦਿਵਾ ਦਿੰਦੇ ਹਾਂ। ਤਿੰਨ ਬਚਨ ਕੀਤੇ, ਜਦੋਂ ਕੁਝ ਨਾ ਮੰਗਿਆ, ਹੱਥ ਜੁੜ ਗਏ ਤਾਂ ਸੰਤ ਮਹਾਰਾਜ ਜੀ ਨੇ ਬਚਨ ਕੀਤਾ ਭਾਈ! ਦੀਨ ਤੇ ਦੁਨੀਆਂ ਦੋਵੇਂ ਦਿਤੇ। ਜਦੋਂ ਸਰਦਾਰ ਮੋਹਨ ਸਿੰਘ ਦਿੱਲੀ ਗਏ ਤਾਂ ਉਨ੍ਹਾਂ ਨੌਕਰੀ ਦਾ ਸੱਦਾ ਪੱਤਰ ਭੇਜ ਦਿਤਾ ਤੇ ਅਕਤੂਬਰ ਸੰਨ 1940 ਦੇ ਵਿਚ ਬਾਬਾ ਜੀ (ਸੰਤ ਵਰਿਆਮ ਸਿੰਘ) ਨੇ ਵੀ ਦਿੱਲੀ ਜਾ ਕੇ ਡਿਊਟੀ ਸਾਂਭ ਲਈ। ਡਿਊਟੀ ਨੂੰ ਬੜੀ ਕੁਸ਼ਲਤਾ ਤੇ ਈਮਾਨਦਾਰੀ ਨਾਲ ਇਸ ਕਦਰ ਨਿਭਾਇਆ ਕਿ ਵਿਕਰੀ ਵੱਧ ਗਈ, ਕੰਪਨੀ ਦਾ ਨਾਮ ਉਚਾ ਕੀਤਾ। ਇਥੇ ਹੀ ਬੱਸ ਨਹੀਂ ਸਗੋਂ ਜੋ ਵੀ ਆਪ ਦੇ ਸੰਪਰਕ ਵਿਚ ਆਇਆ ਉਸ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਪ੍ਰਮਾਰਥ ਦੇ ਰਸਤੇ ਵੀ ਤੋਰਿਆ। ਹਾਲੇ ਛੇ ਮਹੀਨੇ ਬੀਤੇ ਸਨ ਕਿ ਸੰਤ ਮਹਾਰਾਜ ਦਾ ਸੁਨੇਹਾ ਪਹੁੰਚ ਗਿਆ ਕਿ ਤੁਰੰਤ ਸਾਡੇ ਕੋਲ ਆਓ। ਇਹ ਗੁਹਝ ਬਾਤ ਨੂੰ ਕੇਵਲ ਸੰਤ-ਮਹਾਂਪੁਰਸ਼ ਜਾਣਦੇ ਹਨ ਕਿ ਗੁਰੂ ਦਾ ਪਿਆਰਾ ਜਿਥੇ ਵੀ ਜਾਵੇਗਾ ਉਥੇ ਹੀ ਪ੍ਰਮਾਰਥ ਦੇ ਰਾਹ ਤੋਂ ਭੁੱਲੀਆ-ਭਟਕੀਆਂ ਰੂਹਾਂ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਜੋੜੇਗਾ, ਜਿਵੇਂ ਕਿ ਅਖਾਣ ਹੈ 'ਸੰਤ ਚਲਦੇ ਭਲੇ, ਨਗਰੀ ਵਸਦੀ ਭਲੀ।' ਇਸੇ ਲਈ ਮਹਾਂਪੁਰਸ਼ਾਂ ਨੂੰ ਜੰਗਮ ਤੀਰਥ ਵੀ ਕਿਹਾ ਜਾਂਦਾ ਹੈ। ਜਿਥੇ ਵੀ ਬੈਠਣਗੇ, ਆਪਣੇ ਮਨ ਬਚ ਕਰਮ ਦੁਆਰਾ ਦੁਨਿਆਵੀ ਜੀਵਾਂ (ਜਗਿਆਸੂਆਂ) ਦਾ ਭਲਾ ਕਰਨਗੇ ਜਿਵੇਂ ਕਿ ਪਵਿੱਤਰ ਫੁਰਮਾਨ ਹੈ -

*ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ੨ ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥*
*ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥*

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥*

*ਅੰਗ - ੭੬੫*

ਸਤਿਗੁਰੂ ਜੀ ਫੁਰਮਾਂਦੇ ਹਨ ਕਿ ਮੈਂ ਉਨ੍ਹਾਂ ਸੱਜਣਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨਾਲ ਮੇਰੀ ਸਾਂਝ ਬਣੀ ਹੈ, ਉਨ੍ਹਾਂ ਉਤੇ ਮਾਇਆ ਦਾ ਪਰਦਾ ਨਹੀਂ ਪਿਆ ਅਤੇ ਜਿਨ੍ਹਾਂ ਨਾਲ ਦਿਲੀ ਸਾਂਝ ਪੈ ਜਾਵੇ ਉਹ ਕਦੇ ਭੁਲਦੇ ਨਹੀਂ। ਉਨ੍ਹਾਂ ਨੂੰ ਮਿਲਿਆਂ ਆਤਮਿਕ ਖੇੜਾ ਪੈਦਾ ਹੁੰਦਾ ਹੈ ਕਿਉਂਕਿ ਉਹ ਜੀਵ ਰੂਪੀ ਜਗਿਆਸੂਆਂ ਨੂੰ ਆਪਣੇ ਹਿਰਦੇ ਨਾਲ ਲਾ ਕੇ ਰਖਦੇ ਹਨ। ਔਗੁਣ ਉਨ੍ਹਾਂ ਦੇ ਨੇੜੇ ਨਹੀਂ ਢੁਕਦੇ, ਉਹ ਸਰਬ ਗੁਣ ਸੰਪੰਨ ਹੁੰਦੇ ਹਨ। ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਉਤੇ ਮਾਇਆ ਦਾ ਪ੍ਰਭਾਵ ਨਹੀਂ ਪਿਆ। ਜੇਕਰ ਕਿਸੇ ਕੋਲ ਗੁਣਾਂ ਦਾ ਡੱਬਾ ਹੋਵੇ ਤਾਂ ਉਨ੍ਹਾਂ ਪਾਸੋਂ ਗੁਣਾਂ ਦੀ ਸੁਗੰਧ ਲੈਣੀ ਚਾਹੀਦੀ ਹੈ। ਹੇ ਜਗਿਆਸੂ! ਜੇ ਤੂੰ ਚਾਹੁੰਦਾ ਹੈਂ ਕਿ ਤੇਰੇ ਅੰਦਰ ਸ਼ੁਭ ਗੁਣ ਪੈਦਾ ਹੋਣ ਤਾਂ ਉਨ੍ਹਾਂ ਨੂੰ ਮਿਲ ਕੇ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ। ਔਗੁਣਾਂ ਦਾ ਤਿਆਗ ਕਰਕੇ ਹੀ ਆਤਮ ਮਾਰਗ ਤੇ ਤੁਰ ਸਕੀਦਾ ਹੈ। ਪ੍ਰੇਮ ਵਾਲਾ ਵਤੀਰਾ, ਪਰਉਪਕਾਰ ਦਾ ਉਦਮ ਅਤੇ ਵਿਕਾਰਾਂ ਦਾ ਟਾਕਰਾ ਕਰਕੇ ਹੀ ਜੀਵਨ ਦੀ ਬਾਜ਼ੀ ਜਿੱਤੀ ਜਾ ਸਕਦੀ ਹੈ। ਜਿਥੇ ਜਾ ਕੇ ਵੀ ਬੈਠੀਏ ਉਥੇ ਭਲੇ ਦੀ ਗੱਲ ਕਰੀਏ। ਇਸ ਕਰਕੇ ਮੰਦੇ ਪਾਸੇ ਤੋਂ ਮਨ ਨੂੰ ਹਟਾ ਕੇ ਸ਼ਾਂਤੀ ਪ੍ਰਦਾਨ ਕਰਨ ਵਾਲਾ ਆਤਮਿਕ ਜਲ ਪੀਣਾ ਚਾਹੀਦਾ ਹੈ। ਗੁਣਾਂ ਵਾਲਾ ਡੱਬਾ, ਜਿਸ ਵਿਚ ਆਤਮਿਕ ਸੁਗੰਧੀ ਹੁੰਦੀ ਹੈ, ਉਹ ਗੁਰਮੁਖ ਪਿਆਰਿਆਂ ਦੀ ਸੰਗਤ ਕਰਕੇ ਮਿਲਿਆ ਕਰਦਾ ਹੈ।

ਸੋ ਸੰਤ ਮਹਾਰਾਜ ਜੀ ਨੇ ਇਸ ਮੰਤਵ ਨੂੰ ਮੁੱਖ ਰੱਖ ਕੇ ਆਪ ਜੀ ਨੂੰ ਸੱਦ ਲਿਆ ਤੇ ਹੁਕਮ ਕੀਤਾ ਕਿ ਹੁਣ ਕੁਝ ਸਮਾਂ ਸਾਡੇ ਪਾਸ ਰਾੜਾ ਸਾਹਿਬ ਰਹਿ ਕੇ ਸੇਵਾ ਕਰੋ। ਵਿਚ ਨੂੰ ਜਦੋਂ ਸਮਾਂ ਮਿਲੇ ਧਮੋਟ ਵੀ ਜਾਂਦੇ ਰਹਿਣਾ, ਜਿਸ ਕਰਕੇ ਪਰਿਵਾਰ ਨਾਲ ਸਾਂਝ ਵੀ ਬਣੀ ਰਹੇ। ਇਸ ਤਰ੍ਹਾਂ ਨਾਲ ਆਪ ਨੇ ਸੰਤ ਮਹਾਰਾਜ ਜੀ ਦੇ ਦੀਵਾਨਾਂ ਵਿਚ ਜਾ ਕੇ ਸੇਵਾ ਕਰਨੀ ਅਤੇ ਉਨ੍ਹਾਂ ਤੋਂ ਪਹਿਲਾਂ ਕੀਰਤਨ ਕਰਕੇ ਸੰਗਤ ਨੂੰ ਜੋੜਨਾ ਸ਼ੁਰੂ ਕੀਤਾ। ਜਦੋਂ ਸਮਾਂ ਮਿਲਦਾ ਘਰ ਜਾ ਕੇ ਖੇਤੀ ਬਾੜੀ ਦੇ ਕੰਮਾਂ ਵਿਚ ਮਦਦ ਕਰਦੇ ਰਹੇ। ਸਭ ਤੋਂ ਵੱਡੀ ਗੱਲ ਇਹ ਸੀ ਕਿ ਜਿਥੇ ਮਾਤਾ-ਪਿਤਾ ਜੀ ਨੂੰ ਇਨ੍ਹਾ ਦੇ ਰਾੜਾ ਸਾਹਿਬ ਵਿਖੇ ਰਹਿਣ ਦਾ, ਸੇਵਾ ਕਰਨ ਦਾ, ਕੋਈ ਇਤਰਾਜ਼ ਨਹੀਂ ਸੀ ਉਥੇ ਬੀਜੀ ਨੂੰ ਵੀ ਇਸ ਦੀ ਖੁਸ਼ੀ ਸੀ ਕਿ ਆਪ ਜੀ ਸੰਤ ਮਹਾਰਾਜ ਜੀ ਦੇ ਹੁਕਮ ਵਿਚ ਸੇਵਾ ਨਿਭਾ ਕੇ ਜੀਵਨ ਨੂੰ ਸਫਲ ਕਰ ਰਹੇ ਹਨ।

ਇਥੇ ਰਹਿੰਦਿਆਂ ਹੀ ਆਪ ਜੀ ਨਾਲ ਐਸਾ ਰੂਹਾਨੀ ਕ੍ਰਿਸ਼ਮਾ ਵਰਤਿਆ ਕਿ ਆਪ ਜੀ ਸਰੀਰ ਤੋਂ ਵੱਖ ਹੋ ਗਏ। ਆਪ ਜੀ ਨੇ ਇਹ ਵਾਰਤਾ ਆਪਣੇ ਮੁਖਾਰਬਿੰਦ ਤੋਂ ਖੁਦ, ਇਸ ਤਰ੍ਹਾਂ ਨਾਲ ਦੱਸੀ ਹੋਈ ਹੈ। ਕਹਿੰਦੇ ਕਿ ਇਕ ਦਿਨ ਆਪਣੇ ਕਮਰੇ ਵਿਚ ਸੁੱਤਾ ਹੋਇਆ ਸੀ ਕਿ ਸਰੀਰ ਨੂੰ ਐਸਾ ਝਟਕਾ ਵਜਿਆ ਕਿ ਮੈਂ ਸਰੀਰ ਵਿਚੋਂ ਨਿਕਲ ਕੇ ਆਪਣੇ ਹੀ ਸਰੀਰ ਨੂੰ ਸੂਖਸ਼ਮ ਸਰੀਰ ਰਾਹੀਂ ਦੇਖ ਰਿਹਾ ਹਾਂ ਕਿ ਮੰਜੇ ਤੇ ਲੇਟਿਆ ਹੈ। ਮੈਂ ਬੰਦ ਦਰਵਾਜੇ ਵਿਚੋਂ ਹੀ ਬਾਹਰ ਨਿਕਲ ਕੇ ਦੇਖਿਆ ਕਿ ਸਿੰਘ ਬਾਹਰ ਇਸ਼ਨਾਨ ਕਰ ਰਹੇ ਹਨ। ਮੈਂ ਆਪਣੇ ਹੱਥ ਨਾਲ ਛੂਹਣ ਦੀ ਕੋਸ਼ਿਸ਼ ਕਰਦਾ ਹਾਂ ਕਿ ਦਸ ਦੇਵਾਂ ਮੈਂ ਸਰੀਰ ਛੱਡ ਦਿਤਾ ਹੈ ਪਰ ਕਿਸੇ ਨੂੰ ਪਤਾ ਨਹੀਂ ਲਗਦਾ। ਮੈਂ ਆਪਣੇ ਇਕ ਜਾਣਕਾਰ ਸਿੰਘ ਨੂੰ ਵੀ ਦੱਸਣ ਦੀ ਕੋਸ਼ਿਸ਼ ਕੀਤੀ ਪਰ ਮੇਰਾ ਸਪਰਸ਼ ਤੇ ਅਵਾਜ਼ ਉਸ ਨੂੰ ਮਹਿਸੂਸ ਨਹੀਂ ਹੋਈ। ਇਹ ਸੋਚ ਕੇ ਮੈਂ ਸੰਤ ਮਹਾਰਾਜ ਜੀ ਦੇ ਭੋਰੇ ਵੱਲ ਗਿਆ ਕਿ ਉਨ੍ਹਾਂ ਨੂੰ ਦਸ ਦੇਵਾਂ ਪਰ ਮੈਂ ਵਾਪਿਸ ਮੁੜ ਆਇਆ ਕਿ ਆਪਣੇ ਕਮਰੇ ਦਾ ਨੰਬਰ ਪੜ੍ਹ ਲਵਾਂ ਤਾਕਿ ਵਾਪਸੀ ਤੇ ਦਿੱਕਤ ਨਾ ਹੋਵੇ। ਮੈਂ ਜਦੋਂ ਕਮਰੇ 'ਚ ਆਇਆ ਤਾਂ ਉਸੇ ਤਰ੍ਹਾਂ ਬੰਦ ਦਰਵਾਜੇ ਰਾਹੀਂ ਅੰਦਰ ਚਲਾ ਗਿਆ। ਦੇਖਿਆ ਮੇਰਾ ਸਰੀਰ ਪਿਆ ਹੈ। ਮੈਂ ਸੂਖਸ਼ਮ ਸਰੀਰ ਰਾਹੀਂ ਉਸ ਦੇ ਉਪਰ ਲੇਟ ਗਿਆ, ਫੇਰ ਉਸੇ ਤਰ੍ਹਾਂ ਨਾਲ ਜ਼ੋਰ ਦਾ ਝਟਕਾ ਵੱਜਿਆ ਤੇ ਮੈਂ ਸਰੀਰ ਵਿਚ ਦਾਖਲ ਹੋ ਗਿਆ। ਜਦੋਂ ਦਿਨ ਚੜ੍ਹਿਆ ਮੈਂ ਸਰੀਰ ਤੋਂ ਵੱਖ ਹੋਣ ਦਾ ਘਟਨਾਕ੍ਰਮ ਸੰਤ ਮਹਾਰਾਜ ਜੀ ਨੂੰ ਦੱਸਿਆ। ਉਹ ਸੁਣ ਕੇ ਮੁਸਕਰਾ ਪਏ ਕਹਿੰਦੇ ਬਸ ਇਕ ਵੇਰਾਂ ਤੋਂ ਹੀ ਡਰ ਗਿਆ? ਸੰਤ ਮਹਾਰਾਜ ਜੀ ਕਹਿਣ ਲੱਗੇ ਅਸੀਂ ਤਾਂ ਹਰ ਰੋਜ਼ ਸਰੀਰ ਤੋਂ ਵੱਖ ਹੋ ਕੇ ਦੇਸ਼-ਵਿਦੇਸ਼ ਵਿਚ ਪ੍ਰੇਮੀਆਂ ਦੇ ਕਾਰਜ ਸਿੱਧ ਕਰਦੇ ਹਾਂ

ਜਿਥੇ ਵੀ ਕੋਈ ਯਾਦ ਕਰਦਾ ਹੈ। ਕਹਿੰਦੇ, ਮੈਂ ਪੁੱਛਿਆ ਮਹਾਰਾਜ ਜੀ! ਫੇਰ ਸਰੀਰ ਕਿਸ ਆਸਰੇ ਤੇ ਜੁੜਿਆ ਰਹਿੰਦਾ ਹੈ? ਕਹਿਣ ਲੱਗੇ ਕਿ ਇਕ ਸਿਲਵਰ ਕੋਡ ਵਰਗੀ ਬਰੀਕ ਸੂਖਸ਼ਮ ਤਾਰ ਰਾਹੀਂ ਅਸੀਂ ਉਸ ਸਰੀਰ ਨਾਲ ਜੁੜੇ ਰਹਿੰਦੇ ਹਾਂ। ਵਾਪਸ ਆ ਕੇ ਫੇਰ ਦਾਖਲ ਹੋ ਜਾਈਦਾ ਹੈ। ਕਹਿਣ ਲੱਗੇ ਕਿ ਦਿਨ ਨਾਲੋਂ ਰਾਤ ਨੂੰ ਸਾਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ।

ਜਦੋਂ ਇਸੇ ਤਰ੍ਹਾਂ ਆਪ ਕਈ ਮਹੀਨੇ ਲਗਾਤਾਰ ਰਾੜਾ ਸਾਹਿਬ ਰਹੇ ਤਾਂ ਇਕ ਦਿਨ ਬੀਜੀ ਪਹੁੰਚ ਗਏ। ਅਰਜ਼ ਕੀਤੀ ਕਿ ਜੇ ਤੁਸੀਂ ਇਥੇ ਹੀ ਰਹਿਣਾ ਹੈ ਤਾਂ ਮੈਂ ਵੀ ਇਥੇ ਹੀ ਸੰਗਤ ਦੇ ਬਰਤਨ ਮਾਂਜ ਕੇ, ਝਾੜੂ ਦੀ ਸੇਵਾ ਕਰਕੇ, ਗੁਜ਼ਾਰਾ ਕਰਾਂਗੀ। ਇਸ ਗੱਲ ਦਾ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ) ਨੂੰ ਵੀ ਜਦੋਂ ਪਤਾ ਲਗਿਆ ਤਾਂ ਉਹ ਆਪ ਜੀ (ਵਰਿਆਮ ਸਿੰਘ ਜੀ) ਨੂੰ ਕਹਿਣ ਲੱਗੇ ਕਿ ਇਥੇ ਤਾਂ ਬਿਰਕਤ ਸਾਧੂ ਰਹਿੰਦੇ ਹਨ ਇਹ ਤਾਂ ਤੁਹਾਡਾ ਹੀ ਫੁਰਨਾ ਸੀ, ਇਸ ਨੂੰ ਨਿਭਾਓ। ਬੀਜੀ ਨੂੰ ਆਪ ਜੀ (ਸੰਤ ਈਸ਼ਰ ਸਿੰਘ ਜੀ) ਨੇ ਧਰਵਾਸਾ ਦਿਤਾ ਕਿ ਬੀਬਾ ਜੀ! ਜਲਦੀ ਹੀ ਇਨ੍ਹਾਂ ਦੀ ਪੱਕੀ ਨੌਕਰੀ ਦਾ ਪ੍ਰਬੰਧ ਹੋ ਜਾਵੇਗਾ।

ਸੰਨ 1941 ਦੀ ਗੱਲ ਹੈ ਕਿ ਰਾਜਾ ਬੀਰਇੰਦਰ ਸਿੰਘ ਜੀ, ਜੋ ਫਸਟ ਪਟਿਆਲਾ ਲਾਂਸਰਜ਼ ਦੇ ਕਰਨਲ ਸਨ, ਉਨ੍ਹਾਂ ਪਟਿਆਲੇ ਦੇ ਦੂਜੇ ਰਸਾਲੇ ਵਿਚ ਆਪ ਜੀ ਨੂੰ ਭਰਤੀ ਕਰ ਲਿਆ। ਉਦੋਂ ਹਾਲੇ ਅੰਗਰੇਜ਼ ਦਾ ਰਾਜ ਸੀ ਤੇ ਰਿਆਸਤਾਂ ਨੂੰ ਵੱਖਰੀ ਫੌਜ ਰੱਖਣ ਦੀ ਇਜਾਜ਼ਤ ਸੀ। ਸੰਤ ਮਹਾਰਾਜ ਜੀ ਦੇ ਬਚਨਾਂ ਦੁਆਰਾ ਆਪ ਜੀ ਪਟਿਆਲੇ ਵਾਲੇ ਰਾਜੇ ਦੀ ਫੌਜ ਵਿਚ ਭਰਤੀ ਹੋ ਗਏ। 1945 ਵਿਚ ਜਦੋਂ ਆਪ ਜੀ ਗਰਮੀਆਂ ਦੀਆਂ ਛੁੱਟੀਆਂ ਵਿਚ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਲਈ ਰਾੜਾ ਸਾਹਿਬ ਆਏ ਤਾਂ ਉਨ੍ਹਾਂ ਲਈ ਚਿੱਟੀ ਬਰਜਿਸ, ਜੋ ਘੋੜ ਸਵਾਰੀ ਸਮੇਂ ਪਹਿਨੀ ਜਾਂਦੀ ਹੈ, ਰਸਾਲੇ ਦੇ ਦਰਜੀ ਪਾਸੋਂ ਸਿਲਵਾ ਕੇ ਲਿਆਏ ਅਤੇ ਸੰਤ ਮਹਾਰਾਜ ਜੀ ਨੂੰ ਭੇਟਾ ਕੀਤੀ ਜਿਸ ਨੂੰ ਪਹਿਨ ਸੰਤ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ ਤੇ ਪਿਆਰ ਭਰੀ ਅਸੀਸ ਦਿਤੀ।

*'ਚਲਦਾ.............।'*

*(ਪੰਨਾ 51 ਦੀ ਬਾਕੀ)*

ਹੋਇਆ ਹੈ ਭਾਵ ਹਰ ਵਕਤ ਨਾਮ ਹੀ ਜਪਦੇ ਰਹਿੰਦੇ ਹਨ ਵਾ: ਨਾਮ ਨੂੰ ਹੀ ਆਪਣਾ ਪਰਵਰਿਆ=ਪਰਿਵਾਰ ਸਮਝਿਆ ਹੋਇਆ ਹੈ। ਅਰਥਾਤ ਸੁਮੱਤ ਮਾਤਾ ਹੈ, ਸੰਤੋਖ ਪਿਤਾ, ਗਿਆਨ ਪੁੱਤਰ ਹੈ, ਧੀਰਜ ਧੀ ਹੈ, ਸ਼ਾਂਤੀ ਇਸਤਰੀ ਹੈ। ਉਹ ਹਰ ਵਕਤ ਆਪਣੇ ਐਸੇ ਪਰਿਵਾਰ ਵਿਚ ਪਰਵਰਿਆ=ਪ੍ਰਵਿਰਤ ਰਹਿੰਦੇ ਹਨ। ਦੈਵੀ ਸੰਪਦਾ ਦਾ ਪਰਿਵਾਰ ਬਣਿਆ ਰਹਿੰਦਾ ਹੈ।

ਨਾਉ ਪੂਜੀਐ ਨਾਉ ਮੰਨੀਐ
ਨਾਇ ਕਿਲਵਿਖ ਸਭ ਹਿਰਿਆ ॥

ਉਹ ਪਰਮੇਸ਼ਰ ਦੇ ਨਾਉ=ਨਾਮ ਦਾ ਹੀ ਪੂਜੀਐ=ਪੂਜਣ ਕਰਦੇ ਹਨ ਤੇ ਨਾਉ=ਨਾਮ ਦਾ ਹੀ ਮੰਨੀਐ=ਮੰਨਣ ਕਰਦੇ ਹਨ ਕਿਉਂਕਿ ਨਾਇ=ਨਾਮ ਜਪਣੇ ਕਰਕੇ ਹੀ ਉਹਨਾਂ ਦੇ ਸਭ=ਸਾਰੇ ਕਿਲਵਿਖ=ਪਾਪ ਹਿਰਿਆ=ਨਾਸ਼ ਹੋ ਜਾਂਦੇ ਹਨ ਵਾ: ਨਾਮ ਜਪਣ ਕਰਕੇ ਹੀ ਉਹ ਗੁਰਮੁਖ ਜਨ ਪੂਜੇ ਜਾਂਦੇ ਹਨ, ਨਾਮ ਜਪਣ ਕਰਕੇ ਹੀ ਮੰਨੇ ਜਾਂਦੇ ਹਨ ਅਤੇ ਨਾਮ ਜਪਣੇ ਕਰਕੇ ਹੀ ਸਾਰਿਆਂ ਦੇ ਜਨਮਾਂ-ਜਨਮਾਤਰਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।


ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ
ਸੇ ਅਸਥਿਰੁ ਜਗਿ ਰਹਿਆ ॥੧੧॥

ਜਿਨੀ=ਜਿਨ੍ਹਾਂ ਨੇ ਇਕ ਮਨ, ਇਕ ਚਿਤ ਹੋ ਕੇ ਵਾ: ਇਕ ਦਾ ਮਨਿ=ਮੰਨਣ, ਤੇ ਇਕ ਦਾ ਹੀ ਚਿਤਿ=ਚਿੰਤਨ ਕਰਨੇ ਵਾਲੇ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ=ਧਿਆਉਣਾ ਕੀਤਾ ਹੈ, ਸੇ=ਉਹ ਜਗਿ=ਸੰਸਾਰ ਵਿਚ ਸਦਾ ਵਾਸਤੇ ਅਸਥਿਰੁ=ਇਸਥਿਤ ਹੋ ਕੇ ਰਹਿਆ=ਰਹਿੰਦੇ ਹਨ। ਜਿਵੇਂ ਕਲਗੀਧਰ ਪਾਤਸ਼ਾਹ ਜੀ ਨੇ ਸਿੱਖਾਂ ਤੋਂ ਪੁੱਛਿਆ ਕਿ ਕਬੀਰ ਸਾਹਿਬ ਜੀ ਦੇ ਸਮੇਂ ਦੇ ਰਾਜੇ ਦਾ ਕੀ ਨਾਂ ਸੀ? ਕਿਸੇ ਨੂੰ ਵੀ ਪਤਾ ਨਹੀਂ ਸੀ। ਪਾਤਸ਼ਾਹ ਆਖਣ ਲੱਗੇ ਕਿ ਗੁਰਸਿੱਖੋ! ਨਾਮ ਦੀ ਐਸੀ ਵਡਿਆਈ ਹੈ ਕਿ ਕਬੀਰ ਸਾਹਿਬ ਜੀ ਨੂੰ ਹੁਣ ਤੱਕ ਸਾਰੀ ਦੁਨੀਆਂ ਜਾਣਦੀ ਹੈ। ਉਸੇ ਪ੍ਰਕਾਰ ਧਰੂੰ ਅਤੇ ਪ੍ਰਹਿਲਾਦ ਨੂੰ ਸਾਰੀ ਦੁਨੀਆਂ ਜਾਣਦੀ ਹੈ। ਉਹ ਸੰਸਾਰ ਵਿਚ ਇਸਥਿਤ ਹੋਏ ਹਨ, ਕਿਉਂਕਿ ਉਨ੍ਹਾਂ ਨੇ ਕਠਿਨ ਘਾਲਣਾ ਕਰਕੇ ਨਾਮ ਦੀ ਕਮਾਈ ਕੀਤੀ ਸੀ। ਬਾਕੀਆਂ ਕੁਲਾਂ ਵਿਚ ਕਿੰਨੇ ਵਿਦਵਾਨ, ਪੰਡਿਤ ਹੋਏ ਹਨ ਪਰ ਕੋਈ ਵੀ, ਕਿਸੇ ਨੂੰ ਜਾਣਦਾ ਨਹੀਂ ਹੈ।

*'ਚਲਦਾ.............।'*

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੌਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਵਿਚੋਂ ਕੋਈ ਪ੍ਰੇਮੀ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੌਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ Whatsapp ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**




## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਜੇਠਿ ਦੀ ਸੰਗਰਾਂਦ - 15 ਮਈ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amouut |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ SMS ਕੀਤਾ ਜਾਵੇ।**

# PURSUANT OF GOVT. OF INDIA FCRA GUIDELINES
# REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. **Commonwealth Bank Of Australia CTBAAU2S**
2. **Australia And NewZealand Banking Group Ltd ANZBAU3M**
3. **National Australia Bank Ltd NATAAU33**
4. **Westpack Banking Corporation WPACAU2F**

### Canada

1. **SBI Canada Bank SBINCATX**
2. **Canadian Imperial Bank Of Commerce CIBCCATT**
3. **Bank Of Montreal BOFMCAM2**
4. **Royal Bank Of Canada ROYCCAT2**
5. **The Toronto Dominion Bank TDOMCATT**
6. **The Bank Of Nova Scotia (SCOTIA BANK) NOSCCATT**

### Germany

1. **Commerze bank AGCOBADEFF**
2. **DZ Bank AG Deutsche Zentral-Genos GENODEFF**
3. **Uni Credit Bank AGHYVEDEMM**
4. **Bayerische Landes bank BYLADEMM**
5. **Landes bank Baden Wurttemberg SOLADEST**
6. **Norddeutsche Landes bank Girozen trale NOLADE2H**
7. **Deutsche Bank AGDEUTDEFF**
8. **HSBCT rinkaus & Burkhadt AGTUBDDEDD**

### Italy

1. **Credit AgricoleI talia SpACRPPIT2P**
2. **Intesa Sanpaolo Sp ABCITITMM**
3. **Unicredit SPAUNCRITMM**
4. **Banca Popolaredi Sondrio Societa Cooperativa perAzioni POSOIT22**
5. **BPERB anca Sp ABPMOIT22**

### United Kingdom

1. **Standard Chartered Bank SCBLGB2L**
2. **Couttsand Company COUTGB22**
3. **National Westminster Bank Plc (NatWestBank) NWBKGB2L**
4. **Royal Bank of Scotland Plc RBOSGB2L**
5. **Barclays Bank PlcBARCGB22**
6. **HSBC Bank Plc MIDLGB22**
7. **Lloyds Bank PlcLOYDGB2L**
8. **State Bank of India (UK)Ltd.SBOIGB2L**

### United States

1. **Fifth Third Bank FTBCUS3C**
2. **HSBC Bank USA National Association MRMDUS33**
3. **Deutsche Bank Trust Company Americas BKTRUS33**
4. **Wells Fargo Bank National Association WFBIUS6S**
5. **Silicon Valley Bank SVBKUS6S**
6. **State Bank of India (California) SBCAUS6L**
7. **The Bank of New York Mellon IRVTUS3N**
8. **PNC Bank National Association PNCCUS33**
9. **BOKF National Association BAOKUS44**
10. **MUFG Union Bank National Association BOFCUS33**
11. **Bank of America National Association BOFAUS3N**
12. **Key bank National Association KEYBUS33**
13. **US Bank National Association USBKUS44**
14. **Citi bank NACITIUS33**
15. **JP Morgan Chase Bank National Association CHASUS33**
16. **The Northern Trust Company CNORUS44**

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ, ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | 500/– |
| 2. | ਕਿਵ ਕੂੜੈ ਤੁਟੈ ਪਾਲਿ | 200/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ | 400/– | |
| 5. | ਹੋਵੈ ਅਨੰਦੁ ਘਣਾ | 150/– | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | | 10/– |
| 10. | ਅੰਮ੍ਰਿਤ ਫੁਹਾਰ | | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 30/– | |
| 18. | ਭਗਤ ਪ੍ਰਹਿਲਾਦ | | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 600/– | |
| 35. | ਜੀਵਨ ਮੁਕਤਿ | 500/– | |
| 36. | ਜੀਵਨ ਲਕਸ਼ | 500/– | |
| 37. | ਮਾਰਗ ਚੋਣ | 60/– | |
| 38. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 39. | ਆਤਮ ਗਿਆਨ ਭਾਗ – 1,2,3,4 | 480/– | |
| 40. | ਜਨਮ ਪਦਾਰਥੁ ਸਫਲੁ ਹੋਇ | 120/– | |
| 41. | ਜਨ ਪਰਉਪਕਾਰੀ ਆਏ (ਭਾਗ –1) | 65/– | |
| 42. | ਜਨ ਪਰਉਪਕਾਰੀ ਆਏ (ਭਾਗ –2) | 65/– | |
| 43. | ਗੁਰ ਅੰਗਦ ਅਮਰ ਨਿਧਾਨ | 10/– | |
| 44. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 45. | ਧਰਮ ਹੇਤਿ ਸਾਕਾ | 20/– |
| 46. | ਮੰਞ ਗੁਰੂ ਕਾ ਬੋਹਿਥਾ | 30/– |
| 47. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 48. | ਗੁਰੂ ਗ੍ਰੰਥ ਜੀ ਮਾਨਿਓ | 10/– |
| 49. | ਬਾਬਾ ਬੰਦਾ ਸਿੰਘ ਬਹਾਦਰ | 10/– |
| 50. | ਤ੍ਰੈ ਸ਼ਤਾਬਦੀ | 20/– |
| 51. | ਅਨਮੋਲ ਰਤਨ (ਆਤਮ ਗਿਆਨ ਭਾਗ – 5) | 150/– |
| 52. | ਭਗਵਤ ਗੀਤਾ ਦੀ ਚਿਰ ਸਥਾਈ... | |
| 53. | ਰਾਜ ਜੋਗ | |
| 54. | ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ | |
| 55. | ਯੋਗਾ ਉਪਰ ਲੈਕਚਰ | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,**
**Ratwara Sahib,**
**( New Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

ਸੰਤ ਬਾਬਾ ਹਰਪਾਲ ਸਿੰਘ ਜੀ ਰੂਹਾਨੀ ਪ੍ਰਚਾਰ ਫੇਰੀ ਅਮਰੀਕਾ ਦੌਰਾਨ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਟਰਸਟ ਰਤਵਾੜਾ ਸਾਹਿਬ ਦੇ ਅਸਥਾਨਾਂ ਅਤੇ ਸੰਗਤਾਂ ਦੇ ਗ੍ਰਹਿਾਂ ਵਿਖੇ ਕਥਾ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।





ਗੁ. ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਸਟਾਈਨ ਰੋਡ, ਬੇਕਰਸਫੀਲਡ


ਭਾਈ ਦਲਜੀਤ ਸਿੰਘ, ਬੇਕਰਸਫੀਲਡ


ਭਾਈ ਹਰਨਿੰਦਰ ਸਿੰਘ, ਕੈਂਟ


ਗੁਰਦੁਆਰਾ ਦਸ਼ਮੇਸ਼ ਦਰਬਾਰ ਬੇਕਰਸਫੀਲਡ


ਗੁਰਦੁਆਰਾ ਈਸ਼ਰ ਦਰਬਾਰ ਸੈਕਰਾਮੈਂਟੋ


ਗੁਰੂ ਨਾਨਕ ਸਿੱਖ ਟੈਂਪਲ Marysville, Wa


ਭਾਈ ਜਸਵੰਤ ਸਿੰਘ ਜੀ ਪੰਛੀ, ਵਾਸ਼ਿੰਗਟਨ


ਹਾਲੀਵੁੱਡ ਸਿੱਖ ਗੁਰਦੁਆਰਾ ਲਾਸ ਏਂਜਲਸ


ਸਤਨਾਮ ਕੁਟੀਆ (ਬੇਕਰਸਫੀਲਡ) ਵਿਖੇ ਬਾਬਾ ਸਤਨਾਮ ਸਿੰਘ ਜੀ ਯਾਦ ਵਿਚ ਅਤੇ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਖਾਂ ਤੇ ਬੀਜੀ ਦੀ ਯਾਦ ਵਿਚ ਹੋਏ ਸਮਾਗਮਾਂ ਵਿਚ ਜੁੜੀਆਂ ਸੰਗਤਾਂ।


ਸਿੱਖ ਗੁਰਦੁਆਰਾ ਸੈਨਹੋਜ਼ੇ

ਧੰਨੁ ਧੰਨੁ ਧੰਨੁ ਜਨੁ ਆਇਆ॥

ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੇ
ਜਨਮ ਦਿਨ ਸਬੰਧੀ



ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ

# ਗੁਰਮਤਿ ਸਮਾਗਮ

# 17 ਜੂਨ 2026

ਸਮਾਂ : ਸਵੇਰੇ 10.00 ਤੋਂ 3.30 ਵਜੇ

ਅੰਮ੍ਰਿਤ ਸੰਚਾਰ : ਸਵੇਰੇ 11.00 ਵਜੇ

ਪ੍ਰਾਰਥਕ : ਟਰਸਟ ਰਤਵਾੜਾ ਸਾਹਿਬ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ ਛੱਤਰ ਛਾਇਆ ਹੇਠ

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ
ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਤੋਂ ਵਰੋਸਾਏ



ਸੰਤ ਬਾਬਾ ਹਰਪਾਲ ਸਿੰਘ ਜੀ ਦੀ
ਆਸਟ੍ਰੇਲੀਆ
ਪਹਿਲੀ ਰੂਹਾਨੀ ਪ੍ਰਚਾਰ ਫੇਰੀ

ਆਸਟ੍ਰੇਲੀਆ
ਰੂਹਾਨੀ ਫੇਰੀ
2026

ਰੂਹਾਨੀ ਕੀਰਤਨ, ਆਸਾ ਦੀ ਵਾਰ,
ਰਹਿਰਾਸ ਸਾਹਿਬ ਉਪਰੰਤ ਕੀਰਤਨ,
ਸੰਗਤ ਦਰਸ਼ਨ

**20TH JUNE TO 20 JULY 2026**

## ਪ੍ਰੋਗਰਾਮ

**GURDWARA SAHIB, CRAIGIEBURN :**
20 JUNE (7:40PM TO 8:25 PM)
21 JUNE (12:15PM TO 1:00PM)

**GURDWARA SAHIB, TARNEIT :**
24 JUNE (12.00PM TO 1.00PM)
25, 26 AND 27 JUNE (7.00 PM TO 8.00PM)
28 JUNE (12.00PM TO 1.00PM)

**GURDUARA SAHIB, PLUMPTON:**
30 JUNE TO 05 JULY (6:30PM TO 7:30PM)

**GURDUARA MIRI PIRI SAHIB, DEANSIDE :**
11 JULY (3:30PM TO 4:30PM),
12 JULY (12:30 TO 1:30PM)

**CANBERRA**
13, 14 JULY

**GURDWARA SINGH SABHA**
**895 KIDMAN WAY, GRIFFITH**
**NSW 2680**
15 JULY (5:30PM TO 7.00PM)
TELEPHONE : 041 619 6395

**GURDWARA SHEPPARTON SAHIB**
**240 DOYLES RD, SHEPPARTON VIC**
18TH JULY (5:30 TO 7:00 PM)
19TH JULY (11:30AM TO 12:30PM)
TELEPHONE : 041 619 6395

FOR PROGRAM BOOKINGS
0421 006 082
0431 709 605

## INTERNATIONAL DIVINE SCHOOL OF NURSING
## Ratwara Sahib

**Registration Open for 2026-27**

**LIMITED SEATS**



# GNM COURSE

## (3 year REGULAR COURSE)

*(Affiliated with PNRC, Chandigarh*
*Approved by : Govt. of Punjab & INC, New Delhi)*

**ELIGIBILITY : Min. Qualification 10+2 (Any Stream)**
having 45% marks for General Category and 40% marks for SC/ST Category
AGE : 17 - 35 Years

*Transportation facility from Chandigarh / Mohali*

Affordable **Hostel Facility** available for Girls

Form more Information Contact :
**6280294356, 8284852275, 9988001264**
E-mail ID. : idsn.principal@gmail.com

## INTERNATIONAL DIVINE COLLEGE OF EDUCATION
## Ratwara Sahib

**Registration Open for 2026-27**



**LIMITED SEATS**

# B.Ed.
**(2 YEAR REGULAR COURSE)**

*Affiliated to Punjabi University, Patiala*
*Approved by : Govt. of Punjab & NCTE*
**ELIGIBILITY: B.A./B.SC./B.COM./B.TECH./B.B.A./BCA/BBA**
With 50% marks for General Category and 45% for SC/ST/BC/OBC Category

# M.A.
**(EDUCATION)**

(2 Year Regular Course, Equivalent to M.Ed.)
*Affiliated to Punjabi University, Patiala*
**ELIGIBILITY: B.A./B.SC./B.COM./B.TECH./B.B.A./BCA/B.ED.**
With 50% marks for General Category and 45% for SC/ST/BC/OBC Category

- *Free hostel facility for girls.* • *Transportation facility from Chandigarh/Mohali.*
- *Fee waived off through scholarship for SC Category.* ** Terms and conditions apply*

Form more Information Contact :
**9501514382, 9988811059, 6280688734, 8847000523**